ਬਲਬੀਰ ਸਿੱਧੂ ਨੇ ਦੋਸ਼ ਲਗਾਇਆ ਕਿ ਕੇਂਦਰ ਨੇ ਈ-ਕੇਵਾਈਸੀ ਦੀ ਆੜ ਲੈ ਕੇ ਕਰੋੜਾਂ ਗਰੀਬ ਕਾਮਿਆਂ ਨੂੰ ਆਪਣੇ ਕਾਨੂੰਨੀ ਹੱਕ ਤੋਂ ਵੰਚਿਤ ਕਰਨ ਦੀ ਸਾਜ਼ਿਸ਼ ਰਚੀ ਹੈ। ਲਿਬ ਟੈਕ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਕਿ ਜਿੱਥੇ ਪਿਛਲੇ ਛੇ ਮਹੀਨਿਆਂ ਵਿੱਚ ਕੇਵਲ 15 ਲੱਖ ਵਰਕਰ ਹੀ ਹਟੇ ਸਨ, ਉੱਥੇ ਇੱਕ ਮਹੀਨੇ ਵਿੱਚ 27 ਲੱਖ ਨਾਮ ਕੱਟੇ ਜਾਣਾ ਸਾਫ਼ ਦੱਸਦਾ ਹੈ ਕਿ ਇਹ ਕੋਈ ਨਿਰੰਤਰ ਤਸਦੀਕੀ ਪ੍ਰਕਿਰਿਆ ਨਹੀਂ, ਸਗੋਂ ਜਾਣਬੁੱਝ ਕੇ ਕੀਤਾ ਗਿਆ ਵੱਡੇ ਪੱਧਰ 'ਤੇ ਡੇਟਾਬੇਸ ਸਫ਼ਾਇਆ ਹੈ।



ਉਨ੍ਹਾਂ ਨੇ ਧਿਆਨ ਦਿਵਾਇਆ ਕਿ ਜਿਹੜੇ ਰਾਜ—ਜਿਵੇਂ ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਛੱਤੀਸਗੜ੍ਹ—ਜਿੱਥੇ ਈ-ਕੇਵਾਈਸੀ ਦਾ ਰਿਕਾਰਡ ਸਭ ਤੋਂ ਵਧੀਆ ਹੈ, ਉਥੇ ਹੀ ਸਭ ਤੋਂ ਵੱਧ ਨਾਮ ਕੱਟੇ ਗਏ ਹਨ। ਇਹ ਗੱਲ ਕੇਂਦਰ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਨਹੀਂ, ਸਗੋਂ ਸ਼ੱਕੀ ਤੇ ਪੱਖਪਾਤੀ ਬਣਾਉਂਦੀ ਹੈ।

ਸਿੱਧੂ ਨੇ ਕਿਹਾ ਕਿ ਮਜ਼ਦੂਰ ਤਾਂ ਪਹਿਲਾਂ ਹੀ ਬਹੁਤ ਮਹਿੰਗਾਈ ਦੀ ਮਾਰ ਝੱਲ ਰਹੇ ਹਨ, ਇਹ ਉਨ੍ਹਾਂ ਦਾ ਬਹੁਤ ਵੱਡਾ ਨੁਕਸਾਨ ਹੈ, ਮਨਰੇਗਾ ਵਿੱਚ ਕੰਮ ਕਰਨ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਸਾਧਨ ਸੀ।

ਸਿੱਧੂ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਤੁਰੰਤ ਸਾਰੇ ਕੱਟੇ ਗਏ ਜੌਬ ਕਾਰਡਾਂ ਦੀ ਸੁਤੰਤਰ ਜਾਂਚ ਕਰਵਾਏ, ਗਲਤ ਤਰੀਕੇ ਨਾਲ ਹਟਾਏ ਨਾਮ ਤੁਰੰਤ ਬਹਾਲ ਕਰੇ ਅਤੇ ਈ-ਕੇਵਾਈਸੀ ਦੀ ਆੜ ਵਿੱਚ ਚੱਲ ਰਹੀ ਇਸ ਬੇਰਹਿਮ ਕਾਰਵਾਈ ਨੂੰ ਰੋਕੇ। ਉਨ੍ਹਾਂ ਨੇ ਕਿਹਾ ਕਿ ਮਨਰੇਗਾ ਕਾਮੇ ਦੇਸ਼ ਦੀ ਪੇਂਡੂ ਅਰਥਵਿਵਸਥਾ ਦਾ ਮਜ਼ਬੂਤ ਅਧਾਰ ਹਨ ਅਤੇ ਉਨ੍ਹਾਂ ਦੇ ਹੱਕਾਂ ਨਾਲ ਛੇੜਛਾੜ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਬਲਬੀਰ ਸਿੱਧੂ ਨੇ ਕਿਹਾ ਕਿ ਇਹ ਕਟੌਤੀ ਸਿੱਧਾ ਪੇਂਡੂ ਪਰਿਵਾਰਾਂ ਦੀ ਰੋਟੀ-ਰੋਜ਼ੀ 'ਤੇ ਵਾਰ ਹੈ। ਮਨਰੇਗਾ ਦੀ 200-300 ਰੁਪਏ ਦਿਹਾ?ੜੀ ਉਨ੍ਹਾਂ ਲਈ ਜੀਵਨ-ਯੋਗ ਆਮਦਨ ਦਾ ਮੁੱਖ ਸਰੋਤ ਹੈ। ਇਸ ਲਈ ਇਹ ਕਾਰਵਾਈ ਸਿਰਫ਼ ਡੇਟਾ ਮਿਟਾਉਣਾ ਨਹੀਂ, ਸਗੋਂ ਲੱਖਾਂ ਪਰਿਵਾਰਾਂ ਦੀ ਜ਼ਿੰਦਗੀ ਨਾਲ ਖਿਲਵਾੜ ਹੈ।

ਉਨ੍ਹਾਂ ਨੇ ਕੇਂਦਰ ਦੀ ਇਸ ਦਲੀਲ ਨੂੰ ਨਕਾਰਿਆ ਕਿ ਇਹ ਨਿਰੰਤਰ ਤਸਦੀਕੀ ਪ੍ਰਕਿਰਿਆ ਦਾ ਹਿੱਸਾ ਹੈ। ਉਨ੍ਹਾਂ ਨੇ ਪੁੱਛਿਆ ਕਿ ਜੇ ਇਹ ਆਮ ਪ੍ਰਕਿਰਿਆ ਸੀ, ਤਾਂ ਫਿਰ ਇੱਕੋ ਮਹੀਨੇ ਵਿੱਚ 27 ਲੱਖ ਕਾਮੇ ਕਿਵੇਂ ਗ਼ਾਇਬ ਹੋ ਸਕਦੇ ਹਨ? ਇਸ ਨਾਲ ਸਾਫ਼ ਹੈ ਕਿ ਭਾਜਪਾ ਦੀ ਕੇਂਦਰ ਸਰਕਾਰ ਮਨਰੇਗਾ ਦੇ ਬਜਟ ਅਤੇ ਅਧਿਕਾਰਾਂ ਨੂੰ ਹੌਲੀ-ਹੌਲੀ ਘਟਾਉਣ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ।

ਸਿੱਧੂ ਨੇ ਕਿਹਾ ਕਿ ਮਜ਼ਦੂਰਾਂ ਦੇ ਨਾਮ ਕੱਟਣਾ ਸਿਰਫ਼ ਇੱਕ ਸਕੀਮ ਕੱਟਣਾ ਨਹੀਂ, ਸਗੋਂ ਪੇਂਡੂ ਭਾਰਤ ਦੀ ਆਰਥਿਕ ਗੀੜ੍ਹ ਦੀ ਹੱਡੀ ਨੂੰ ਤੋੜਨਾ ਹੈ। ਜਿੱਥੇ ਮਜ਼ਦੂਰ ਆਪਣੀ ਘਰੇਲੂ ਆਮਦਨ ਨੂੰ ਮਜ਼ਬੂਤ ਕਰਨ ਲਈ ਮਨਰੇਗਾ 'ਤੇ ਨਿਰਭਰ ਹਨ, ਉੱਥੇ ਸਰਕਾਰ ਦੀ ਇਹ ਕਾਰਵਾਈ ਸਿੱਧੇ ਤੌਰ 'ਤੇ ਗਰੀਬਾਂ, ਦਲਿਤਾਂ, ਮਹਿਲਾਵਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਹਿੱਤਾਂ 'ਤੇ ਖੁੱਲ੍ਹਾ ਹਮਲਾ ਹੈ।

ਉਨ੍ਹਾਂ ਨੇ ਦੁਹਰਾਇਆ ਕਿ ਮਨਰੇਗਾ ਕੋਈ ਭੇਂਟ ਨਹੀਂ, ਸਗੋਂ ਕਾਨੂੰਨੀ ਅਧਿਕਾਰ ਹੈ। ਇਸ ਅਧਿਕਾਰ ਨੂੰ ਡਿਜ਼ਿਟਲ ਖਾਮੀਆਂ ਜਾਂ ਤਸਦੀਕੀ ਗਲਤੀਆਂ ਦੇ ਹਵਾਲਿਆਂ ਨਾਲ ਖਤਮ ਕਰਨਾ ਸੰਵਿਧਾਨਿਕ ਮੂੱਲਾਂ ਦੇ ਖ਼ਿਲਾਫ਼ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਸੀ ਕਿ ਮਜ਼ਦੂਰਾਂ ਲਈ ਮੁਸ਼ਕਲ ਡਿਜ਼ਿਟਲ ਸੈਂਟਰ ਬਣਾਉਣ ਦੀ ਬਜਾਏ, ਸੁਗਮ ਤੇ ਮਨੁੱਖੀ-ਕੇਂਦਰਿਤ ਪ੍ਰਕਿਰਿਆਵਾਂ ਤਿਆਰ ਕਰੇ।

# ਪੰਜਾਬ ਪੁਲਿਸ ਨੇ ਰਾਜ ਭਰ ਵਿੱਚ 391 ਡਰੱਗ ਹੌਟਸਪੌਟਾਂ 'ਤੇ ਕੀਤੀ ਛਾਪੇਮਾਰੀ ; 4.3 ਕਿਲੋਗ੍ਰਾਮ ਹੈਰੋਇਨ, 3.16 ਲੱਖ ਰੁਪਏ ਦੀ ਡਰੱਗ ਮਨੀ ਸਮੇਤ 79 ਕਾਬੂ

**ਚੰਡੀਗੜ੍ਹ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਪੰਜਾਬ ਪੁਲਿਸ ਨੇ ਮੰਗਲਵਾਰ ਨੂੰ ਸੂਬੇ ਭਰ ਵਿੱਚ ਪਛਾਣੇ ਗਏ ਡਰੱਗ ਹੌਟਸਪੌਟਸ - ਨਸ਼ਾ ਅਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀਆਂ ਥਾਵਾਂ 'ਤੇ ਰਾਜ ਵਿਆਪੀ ਘੇਰਾਬੰਦੀ ਅਤੇ ਖੋਜ ਮੁਹਿੰਮ (ਕਾਸੋ) ਚਲਾਈ, ਜੋ ਕਿ ਸਰਗਰਮੀ ਨਾਲ ਤੇ ਸਫ਼ਲਤਾਪੂਰਵਕ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁਧ' ਦੇ ਲਗਾਤਾਰ 262ਵੇਂ ਦਿਨ ਕੀਤੀ ਗਈ ਹੈ।

ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਰਾਜ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਘੇਰਾਬੰਦੀ ਤੇ ਤਲਾਸ਼ੀ ਅਭਿਆਨ(ਕਾਸੋ) ਚਲਾਇਆ ਗਿਆ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ, ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 391 ਡਰੱਗ ਹੌਟਸਪਾਟਾਂ 'ਤੇ ਛਾਪੇਮਾਰੀ ਕੀਤੀ ਹੈ ਜਿਸ ਵਿੱਚ 79 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਉਪਰੰਤ 67 ਐਫਆਈਆਰਜ ਦਰਜ ਕੀਤੀਆਂ ਗਈਆਂ।

ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਚੋਂ 4.3 ਕਿਲੋ ਹੈਰੋਇਨ, 971 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 3.16 ਲੱਖ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਕਿ ਇਸ ਆਪ੍ਰੇਸ਼ਨ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਨ, ਨੇ ਕਿਹਾ ਕਿ 79 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 3000 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 400 ਤੋਂ ਵੱਧ ਪੁਲਿਸ ਟੀਮਾਂ ਵੱਲੋਂ ਇਹ ਕਾਰਵਾਈ ਕੀਤੀ ਗਈ।

ਉਨ੍ਹਾਂ ਦੱਸਿਆ ਕਿ 1 ਮਾਰਚ, 2025 ਨੂੰ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਨਤੀਜੇ ਵਜੋਂ ਰਾਜ ਭਰ ਵਿੱਚ 24,809 ਐਫਆਈਆਰ ਦਰਜ ਕਰਨ ਤੋਂ ਬਾਅਦ 36,901 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1604 ਕਿਲੋਗ੍ਰਾਮ ਹੈਰੋਇਨ, 557 ਕਿਲੋਗ੍ਰਾਮ ਅਫੀਮ, 263 ਕੁਇੰਟਲ ਭੁੱਕੀ, 529 ਕਿਲੋਗ੍ਰਾਮ ਗਾਂਜਾ, 41.39 ਲੱਖ ਨਸ਼ੀਲੇ ਪਦਾਰਥਾਂ/ਕੈਪਸੂਲ, 14 ਕਿਲੋਗ੍ਰਾਮ ਆਈ.ਸੀ.ਈ. ਅਤੇ 14.42 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਰਾਜ ਸਰਕਾਰ ਨੇ ਰਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਹੈ, ਪੰਜਾਬ ਪੁਲਿਸ ਨੇ 'ਨਸ਼ੀਲੇ ਪਦਾਰਥਾਂ ਦੇ ਖਾਤਮੇ' ਦੇ ਹਿੱਸੇ ਵਜੋਂ ਅੱਜ 45 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਨਗਰ ਕੀਰਤਨ ਦਾ ਮੁਸਲਿਮ ਭਾਈਚਾਰੇ ਅਤੇ ਅਕਾਲੀ ਦਲ ਵਾਰਿਸ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਭਰਵਾਂ ਸਵਾਗਤ ਕੀਤਾ ਗਿਆ

**ਮਲੇਰਕੋਟਲਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਗੁਰੂ ਦੇ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਨਗਰ ਕੀਰਤਨ ਦਾ ਹਾਜੀ ਅਨਵਾਰ ਅਹਿਮਦ ਬਿੱਟੂ ਚੋਹਾਨ ਦੀ ਫੈਕਟਰੀ ਰਾਏਕੋਟ ਰੋਡ ਮਾਲੇਰਕੋਟਲਾ ਵਿਖੇ ਮੁਸਲਿਮ ਭਾਈਚਾਰੇ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਤਰਫੋਂ ਫੁੱਲ ਦੀ ਵਰਖਾ ਕਰਕੇ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਹਾਜੀ ਬਿੱਟੂ ਚੋਹਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲਾ ਸਾਹਿਬ ਦੇ ਨਾਲ ਮੱਕੇ ਮਦੀਨੇ ਦੀ ਤੱਸਵੀ (ਮਾਲ਼ਾ) ਪਾ ਕੇ ਅਤੇ ਪੰਜ ਪਿਆਰਿਆਂ ਨੂੰ ਅਤੇ ਨਗਰ ਕੀਰਤਨ ਦੀ ਮੈਨੇਜਿੰਗ ਕਮੇਟੀ ਦੇ ਸਾਰੇ ਸਿੰਘ ਸਾਹਿਬਾਨਾਂ ਦਾ ਸਿਰੋਪਾਓ ਨਾਲ ਸਨਮਾਨਤ ਕੀਤਾ ਅਤੇ ਸੰਗਤਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਅਤੇ ਹਾਅ ਦੇ ਨਾਅਰੇ ਦੀ ਧਰਤੀ ਤੇ ਆਉਂਣ ਤੇ ਜੀ ਆਇਆਂ ਨੂੰ ਆਖਦਿਆਂ ਹਿੰਦੂ, ਮੁਸਲਿਮ, ਸਿੱਖ, ਈਸਾਈ ਦੀ ਭਾਈਚਾਰਕ ਸਾਂਝ ਲਈ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਮਹਾਨ ਸ਼ਹੀਦੀ ਨੂੰ ਚੇਤੇ ਰੱਖਦੇਆਂ ਮਹਾਰਾਜਾ ਰਣਜੀਤ ਦੇ ਰਾਜ ਵਰਗੇ ਖਾਲਸੇ ਰਾਜ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਅੱਲਾਹ ਤਾਅਲਾ ਅੱਗੇ ਅਰਦਾਸ ਕੀਤੀ। ਇਸ ਮੌਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਟੀਮ ਵੱਲੋਂ ਡਾਕਟਰ ਦਲਜੀਤ ਸਿੰਘ ਸੋਡੀ ਆਬਜ਼ਰਬਰ ਰੂਪ ਨਗਰ ( ਜ਼ਿਲ੍ਹਾ ਰੋਪੜ ), ਸਰਦਾਰ ਲਖਵੀਰ ਸਿੰਘ ਸੋਂਟੀ ਕੌਮੀ ਪ੍ਰਧਾਨ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ, ਜੱਥੇਦਾਰ ਕੁਲਵੰਤ ਸਿੰਘ ਕਲਕੱਤਾ ਸਿੱਖ ਪ੍ਰਚਾਰਕ, ਸਰਦਾਰ ਜਗਤਾਰ ਸਿੰਘ ਚੋਮੋਂ ਬਲਾਕ ਪ੍ਰਧਾਨ ਮਲੋਦ, ਪ੍ਰੀਤਮ ਸਿੰਘ ਭੋਲੀਆ ਜੀ, ਜਸਪਾਲ ਸਿੰਘ ਸਲਾਣਾ ਜੀ, ਨਵਜੋਤ ਸਿੰਘ ਪੁੱਤਰ ਕੁਲਵੰਤ ਸਿੰਘ ਕਲਕੱਤਾ, ਨਵਦੀਪ ਸਿੰਘ ਨਵੀ ਖੰਨਾ, ਮੁਹੰਮਦ ਯਾਸੀਨ, ਮੁਹੰਮਦ ਨੂਰ ਦੀਨ ਜੰਗੀ, ਅਬਦੂਲ ਸ਼ਕੂਰ, ਮੁਹੰਮਦ ਸਦੀਕ ਅਨਸਾਰੀ ਪ੍ਰਧਾਨ ਮਸਜਿਦ ਕਮੇਟੀ, ਮੁਹੰਮਦ ਰਮਜ਼ਾਨ, ਮੁਹੰਮਦ ਜਾਵੇਦ, ਹਾਜੀ ਮੁਹੰਮਦ ਗ਼ਫ਼ੂਰ, ਅਜ਼ਹਰ ਖਾਂ ਢੱਡੇਆੜਾ, ਡਾਕਟਰ ਸਿੰਗਲਾ, ਅਬੀ ਲਾਲਾ ਜੀ ਚੱਕੀ ਵਾਲੇ, ਮੁਹੰਮਦ ਅਨਵਾਰ ਜਿੰਦੀ ਵਾਲੇ, ਪ੍ਰਧਾਨ ਮੁਹੰਮਦ ਅਜ਼ਹਰ ਅਤੇ ਸਹਾਰਾ ਵੈਲਫੇਅਰ ਕਮੇਟੀ ਦੇ ਮੈਂਬਰ ਆਦਿ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਨਗਰ ਕੀਰਤਨ ਮੌਕੇ ਇਹ ਸਮਾਗਮ ਕੌਮੀ ਜਰਨੈਲ ਸਰਦਾਰ ਜਸਕਰਨ ਸਿੰਘ ਕਾਹਨਸਿੰਘ ਵਾਲਾ ਮੁੱਖ ਬੁਲਾਰਾ ਅਤੇ ਮੈਂਬਰ ਮੁੱਖ 13 ਮੈਂਬਰੀ ਕਮੇਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਪ੍ਰੇਰਨਾ ਤਹਿਤ ਰੱਖਿਆ ਗਿਆ। ਜੋ ਸਿਹਤ ਖ਼ਰਾਬ ਹੋਣ ਕਾਰਨ ਅਤੇ ਘਰੇਲੂ ਜ਼ਰੂਰੀ ਰੁਝੇਵੇਂਆਂ ਕਰਕੇ ਹਾਜ਼ਰ ਨਹੀਂ ਹੋ ਸਕੇ। ਸੋ ਗੁਰੂ ਸਾਹਿਬ ਦੇ ਹਜ਼ੂਰੀ ਵਿੱਚ ਹਾਜ਼ਰੀ ਸਰਦਾਰ ਜਸਕਰਨ ਸਿੰਘ ਕਾਹਨਸਿੰਘ ਵਾਲਾ ਵੱਲੋਂ ਹਾਜੀ ਅਨਵਾਰ ਅਹਿਮਦ ਬਿੱਟੂ ਚੋਹਾਨ ਨੇ ਵਿਸ਼ੇਸ਼ ਤੌਰ ਤੇ ਲਗਵਾਈ।

# ਬੱਚਾ ਮਜ਼ਦੂਰੀ ਖ਼ਾਤਮਾ ਹਫ਼ਤਾ : ਜ਼ਿਲ੍ਹਾ ਟਾਸਕ ਫੋਰਸ ਵੱਲੋਂ ਲੁਧਿਆਣਾ ਵਿੱਚ ਛਾਪੇਮਾਰੀ, 9 ਬਚਿਆਂ ਨੂੰ ਰਾਹਤ

**ਲੁਧਿਆਣਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਮੁਖ ਸਕੱਤਰ, ਪੰਜਾਬ ਸਰਕਾਰ (ਮਜ਼ਦੂਰੀ ਸ਼ਾਖਾ) ਅਤੇ ਲੇਬਰ ਕਮਿਸ਼ਨਰ ਪੰਜਾਬ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਰਾਜ-ਪੱਧਰੀ ਬੱਚਾ ਮਜ਼ਦੂਰੀ ਖ਼ਾਤਮਾ ਹਫ਼ਤਾ ਮਨਾਇਆ ਗਿਆ। ਇਸ ਮੁਹਿੰਮ ਦੇ ਅੰਤਿਮ ਦਿਨ 18 ਨਵੰਬਰ ਨੂੰ ਲੁਧਿਆਣਾ ਦੇ ਬਾਲ ਸਿੰਘ ਨਗਰ, ਬਸਤੀ ਜੋਧੇਵਾਲ ਵਿੱਚ ਬੱਚਾ ਮਜ਼ਦੂਰੀ ਦੇ ਖਿਲਾਫ਼ ਸਖ਼ਤ ਕਾਰਵਾਈ ਕਰਦਿਆਂ ਛਾਪੇਮਾਰੀ ਕੀਤੀ ਗਈ।



ਜਿਲ੍ਹਾ ਟਾਸਕ ਫੋਰਸ ਟੀਮ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਦੌਲਤ ਐਂਟਰਪਰਾਈਜ਼ਜ਼ ਤੋਂ 18 ਸਾਲ ਤੋਂ ਘੱਟ ਉਮਰ ਦੇ 9 ਬੱਚਾ ਮਜ਼ਦੂਰਾਂ ਨੂੰ ਬਚਾਇਆ ਗਿਆ।

ਰਾਹਤ ਪ੍ਰਾਪਤ ਕਰਨ ਤੋਂ ਬਾਅਦ ਸਾਰੇ ਬੱਚਿਆਂ ਨੂੰ ਕਾਨੂੰਨੀ ਪ੍ਰਕਿਰਿਆ ਅਨੁਸਾਰ ਚਾਈਲਡ ਵੈਲਫੇਅਰ ਕਮੇਟੀ (CWC), ਲੁਧਿਆਣਾ ਦੇ ਸਮੁੱਖ ਪੇਸ਼ ਕੀਤਾ ਗਿਆ, ਜਿਸ ਤੋਂ ਬਾਅਦ ਉਹਨਾਂ ਨੂੰ ਸੁਰੱਖਿਅਤ ਤੌਰ 'ਤੇ ਚਿਲਡਰਨ ਹੋਮ ਵਿੱਚ ਭੇਜਿਆ ਗਿਆ।

ਇਸ ਛਾਪੇਮਾਰੀ ਟੀਮ ਵਿੱਚ ਲੇਬਰ ਵਿਭਾਗ ਤੋਂ ਮਿਸਜ਼ ਰਮਨਪ੍ਰੀਤ ਕੌਰ, ਕਾਜਲ ਅਤੇ ਪ੍ਰੀਤੀ ਸ਼ਰਮਾ, ਪੁਲਿਸ ਵਿਭਾਗ ਤੋਂ SI ਬਿਬਲਪਾਲ ਕੌਰ, ਚਾਈਲਡ ਪ੍ਰੋਟੈਕਸ਼ਨ ਮੂਵਮੈਂਟ ਤੋਂ ਸ਼੍ਰੀ ਸੰਦੀਪ ਸਿੰਘ, ਚਾਈਲਡ ਹੈਲਪਲਾਈਨ ਤੋਂ ਸ਼੍ਰੀ ਸੰਦੀਪ ਸਿੰਘ, ਜ਼ਿਲ੍ਹਾ ਚਾਈਲਡ ਪ੍ਰੋਟੈਕਸ਼ਨ ਯੂਨਿਟ ਤੋਂ ਸ਼੍ਰੀਮਤੀ ਰਿਤੂ ਸੂਦ (ਆਊਟਰੀਚ ਵਰਕਰ), ਰੇਵਿਨਿਊ ਵਿਭਾਗ ਤੋਂ ਸੁਖਵਿੰਦਰ ਸਿੰਘ, ਹੈਲਥ ਵਿਭਾਗ ਤੋਂ ਡਾ. ਜਤਿੰਦਰ, ਅਤੇ ਮਿਊਂਸਪਲ ਕਾਰਪੋਰੇਸ਼ਨ ਤੋਂ ਸ਼੍ਰੀ ਗੁਰਮਿਤ ਸਿੰਘ ਸਮੇਤ ਹੋਰ ਮੈਂਬਰ ਸ਼ਾਮਲ ਸਨ।

ਪੰਜਾਬ ਸਰਕਾਰ ਵੱਲੋਂ ਬੱਚਾ ਮਜ਼ਦੂਰੀ ਦੇ ਖਾਤਮੇ ਲਈ ਚਲਾਈ ਜਾ ਰਹੀ ਇਸ ਮੁਹਿੰਮ ਦਾ ਮਕਸਦ ਬੱਚਿਆਂ ਨੂੰ ਸ਼ੋਸ਼ਣ ਤੋਂ ਬਚਾਉਣਾ ਅਤੇ ਉਹਨਾਂ ਨੂੰ ਸੁਰੱਖਿਅਤ, ਸਿੱਖਿਆ-ਕੇਂਦ੍ਰਿਤ ਅਤੇ ਸਵਾਲੰਬੀ ਜੀਵਨ ਵੱਲ ਪ੍ਰੇਰਿਤ ਕਰਨਾ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਸਪਸ਼ਟ ਕੀਤਾ ਹੈ ਕਿ ਬੱਚਾ ਮਜ਼ਦੂਰੀ ਕਰਨ ਵਾਲੇ ਕਿਸੇ ਵੀ ਸੰਸਥਾਨ ਜਾਂ ਨਿਯੋਗਤਾ ਖ਼ਿਲਾਫ਼ ਕਾਨੂੰਨੀ ਕਾਰਵਾਈ ਜਾਰੀ ਰਹੇਗੀ।

# ਮਿਨਿਊਰਟੀ ਕਮਿਸ਼ਨ ਮੈਂਬਰ ਨੇ ਜ਼ਿਲ੍ਹਾ ਪ੍ਰਸਾਸਨਿਕ ਅਧਿਕਾਰੀਆਂ ਨਾਲ ਹਿਬਾਨਾਮਾ ਅਤੇ ਟਰੋਮਾ ਸੈਂਟਰ ਸਬੰਧੀ ਮੀਟਿੰਗ ਦੀ ਸਮੀਖਿਆ ਕੀਤੀ

**ਮਲੇਰਕੋਟਲਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਨਿਊਰਟੀ ਕਮਿਸ਼ਨ ਪੰਜਾਬ ਦੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਹੋਈ ਮੀਟਿੰਗ ਜਿਸ ਵਿੱਚ ਘੱਟ ਗਿਣਤੀਆਂ ਭਾਈਚਾਰੇ ਨੂੰ ਆ ਰਹੀਆਂ ਮੁਸਕਿਲਾਂ ਦਾ ਹੱਲ ਕਰਨ ਲਈ ਪ੍ਰਸਾਸਨ ਨੂੰ ਹਦਾਇਤ ਕੀਤੀ ਗਈ ਸੀ ਜਿਸ ਵਿੱਚ ਖਾਸਕਾਰ ਹਿਬਾਨਾਮਾ ਦੁਬਾਰਾ ਚਾਲੂ ਕਰਨ ਅਤੇ ਸ਼ਹਿਰ ਵਿੱਚ ਟਰੋਮਾ ਸੈਂਟਰ ਬਣਾਉਣ ਦੀ ਹਦਾਇਤ ਕੀਤੀ ਸੀ ਉਸ ਮੀਟਿੰਗ ਦੀ ਸਮੀਖਿਆ ਲੈਣ ਲਈ ਮਾਇਨੋਰਟੀ ਕਮਿਸ਼ਨ ਪੰਜਾਬ ਦੇ ਮੈਂਬਰ ਸਾਹਿਬਜ਼ਾਦਾ ਨਦੀਮ ਅਨਵਰ ਖ਼ਾਨ ਨੇ ਕੱਲ੍ਹ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਅਤੇ ਵਧੀਕ ਡਿਪਟੀ ਕਮਿਸ਼ਨਰ ਨਾਲ ਮਹੱਤਵਪੂਰਨ ਮੁਲਾਕਾਤ ਕੀਤੀ।



ਇਸ ਮੁਲਾਕਾਤ ਵਿੱਚ ਸ਼ਹਿਰ ਦੀਆਂ ਜਨਤਕ ਲੋੜਾਂ, ਅਧਿਕਾਰਾਂ ਅਤੇ ਭਲਾਈ ਨਾਲ ਜੁੜੇ ਦੋ ਸੰਵੇਦਨਸ਼ੀਲ ਮੁੱਦਿਆਂ 'ਤੇ ਵਿਸਥਾਰ ਨਾਲ ਆਪਣਾ ਪੱਖ ਰੱਖਿਆ ਅਤੇ ਮੁਸਲਿਮ ਭਾਈਚਾਰੇ ਦੇ ਜਾਇਦਾਦ ਗਿਫ਼ਟ ਕਰਨ ਦੇ ਸੰਵਿਧਾਨਕ ਹੱਕ ਬਾਰੇ ਸਭ ਤੋਂ ਪਹਿਲਾਂ ਇਹ ਗੰਭੀਰ ਮੁੱਦਾ ਉਠਾਇਆ ਗਿਆ ਕਿ ਮਾਲੇਰਕੋਟਲਾ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਮੁਸਲਿਮ ਭਾਈਚਾਰੇ ਵੱਲੋਂ ਆਪਣੀ ਜਾਇਦਾਦ ਗਿਫ਼ਟ (ਹਿਬਾ) ਕਰਨ ਦੀ ਪ੍ਰਕਿਰਿਆ ਕਾਫ਼ੀ ਸਮੇਂ ਤੋਂ ਪ੍ਰਸ਼ਾਸਨਿਕ ਪੱਧਰ 'ਤੇ ਰੋਕੀ ਹੋਈ ਹੈ।ਅਤੇ ਸੈਂਕੜਿਆਂ ਪਰਿਵਾਰਾਂ ਦੇ ਰੋਜ਼ਾਨਾ ਦੇ ਕਾਨੂੰਨੀ ਕਾਰਜਾਂ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਕਰਕੇ ਕਈ ਨਾਗਰਿਕਾਂ ਦੇ ਤਬਾਦਲਾ ਮਾਮਲੇ, ਪਰਿਵਾਰਕ ਦਸਤਾਵੇਜ਼, ਪੈਂਡਿੰਗ ਮਿਊਟੇਸ਼ਨ ਕੇਸ ਅਤੇ ਵਿਰਾਸਤੀ ਹੱਕਾਂ ਦੀ ਪੁਸ਼ਟੀ ਦੇ ਕੰਮ ਰੁਕੇ ਪਏ ਹਨ।ਉਨ੍ਹਾਂ ਕਿਹਾ ਕਿ ਰੋਕੀ ਗਈ ਪ੍ਰਕਿਰਿਆ ਨੂੰ ਤੁਰੰਤ ਦੁਬਾਰਾ ਸ਼ੁਰੂ ਕੀਤਾ ਜਾਵੇ,ਸਾਰੇ ਲੰਬਿਤ ਕੇਸ ਇੱਕ ਨਿਰਧਾਰਤ ਸਮੇਂ ਵਿੱਚ ਨਿਪਟਾਏ ਜਾਣ,ਅਤੇ ਭਵਿੱਖ ਵਿੱਚ ਐਸੀ ਰੋਕ ਨਾ ਲੱਗੇ। ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਤੇਜ਼ੀ ਨਾਲ ਵਿਕਸਤ ਹੁੰਦਾ ਜ਼ਿਲ੍ਹਾ ਹੈ, ਇਸ ਕਰਕੇ ਹਾਈਵੇਜ਼, ਬਾਜ਼ਾਰਾਂ ਅਤੇ ਆਵਾਜਾਈ ਦੀ ਅਧਿਕ ਭੀੜ ਕਾਰਨ ਦੁਰਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ, ਮੌਜੂਦਾ ਸਿਹਤ ਸੰਸਾਧਨਾਂ ਨਾਲ ਗੰਭੀਰ ਕੇਸਾਂ ਨੂੰ ਸੰਭਾਲਨਾ ਕਈ ਵਾਰ ਮੁਸ਼ਕਿਲ ਹੋ ਜਾਂਦਾ ਹੈ,ਜਿਸ ਕਰਕੇ ਰੈਫ਼ਰ ਕਰਨਾ ਸਮੇਂ ਦੀ ਬਰਬਾਦੀ ਹੈ ਅਤੇ ਕੁਝ ਕੇਸਾਂ ਵਿੱਚ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਇਸ ਕਰਕੇ ਸਰਕਾਰ ਵੱਲੋਂ ਮੰਜ਼ੂਰ ਹੋਏ ਏ ਗ੍ਰੇਡ ਦਾ ਟਰੋਮਾ ਸੈਂਟਰ ਦਾ ਕੰਮ ਤੁਰੰਤ ਸ਼ੁਰੂ ਕੀਤਾ ਜਾਵੇ ਜਿਸ ਕਰਕੇ ਜਮੀਨ/ਇਮਾਰਤ ਦੀ ਕਾਰਵਾਈ ਤੇਜ਼ ਕੀਤੀ ਜਾਵੇ ਅਤੇ ਫੰਡਾਂ ਦੀ ਰਿਲੀਜ਼ ਜਲਦ ਹੋਵੇ ਤਾਂ ਕਿ ਸ਼ਹਿਰ ਦੇ ਨਾਗਰਿਕਾਂ ਨੂੰ ਅਧੁਨਿਕ ਐਮਰਜੈਂਸੀ ਚਿਕਿਤਸਾ ਸਹੂਲਤ ਮਿਲ ਸਕੇ।ਡਿਪਟੀ ਕਮਿਸ਼ਨਰ ਅਤੇ ਵਧੀਕ ਡਿਪਟੀ ਕਮਿਸਨਰ ਮਾਲੇਰਕੋਟਲਾ ਨੇ ਧਿਆਨ ਅਤੇ ਗੰਭੀਰਤਾ ਨਾਲ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਪ੍ਰੋਪਰਟੀ ਗਿਫਟ ਦਾ ਕੰਮ ਕਾਨੂੰਨੀ ਪੱਖੋਂ ਤੁਰੰਤ ਜਾਂਚ ਕਰਕੇ ਜੇਕਰ ਕੋਈ ਕਾਨੂੰਨੀ ਅੜਚਣ ਨਾ ਆਈ ਤਾਂ ਜਲਦੀ ਸ਼ੁਰੂ ਕੀਤਾ ਜਾਵੇਗਾ ਅਤੇ ਲੰਬਿਤ ਕੇਸਾਂ ਨੂੰ ਸਮੀਖਿਆ ਮੀਟਿੰਗ ਰਾਹੀਂ ਜਲਦੀ ਨਿਪਟਾਉਣ ਤੇ ਜੋਰ ਦਿੱਤਾ ਅਤੇ ਏ ਗ੍ਰੇਡ ਦਾ ਟਰੋਮਾ ਸੈਂਟਰ ਸੰਬੰਧੀ ਮਾਮਲੇ ਨੂੰ ਉਚ ਪੱਧਰ ਤੇ ਪਹੁੰਚਾ ਕੇ ਤੁਰੰਤ ਕਾਰਵਾਈ ਲਈ ਰਿਪੋਰਟ ਭੇਜੀ ਜਾਵੇਗੀ। ਇਸ ਮੌਕੇ ਮੁਕਰੱਮ ਸ਼ੈਫੀ, ਸ਼ਹਿਜ਼ਾਦ ਹੁਸੈ?ਨ, ਅਖਲਾਕ ਮੁਹੰਮਦ, ਮੁਹੰਮਦ ਸ਼ਾਹਿਦ, ਫ਼ਾਰੂਕ, ਡਾਕਟਰ ਜੁਨੈਦ, ਜਾਨੀ ਰੋਡੀਵਾਲ, ਸ਼ਰੀਫ ਬੋਸ਼ ਮੁਹਿਮੂਦ ਸੈਫੀ ਆਦਿ ਵੀ ਸਾਮਿਲ ਸਨ।

# ਬੀ.ਕੇ.ਯੂ. ਕ੍ਰਾਂਤੀਕਾਰੀ ਨੇ ਸਰਕਾਰ ਦਾ ਫੂਕਿਆ ਪੁਤਲਾ

**ਸਮਾਣਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਸਵਾਜਪੁਰ ਦੀ ਅਗਵਾਈ ਵਿੱਚ ਪਿੰਡ ਪਸਿਆਣਾ ਵਿਖੇ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਪਵਨ ਕੁਮਾਰ ਪਸਿਆਣਾ ਨੂੰ ਬਲਾਕ ਪਟਿਆਲਾ ਦਾ ਕਾਰਜਕਾਰਨੀ ਪ੍ਰਧਾਨ ਲਗਾਇਆ ਗਿਆ।

ਇਸ ਮੌਕੇ ਗੱਲ ਕਰਦਿਆਂ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਸਮਾਜਪੁਰ ਅਤੇ ਜਸਵੰਤ ਸਿੰਘ ਵਜੀਦਪੁਰ ਪੰਜਾਬ ਕਮੇਟੀ ਮੈਂਬਰ ਵੱਲੋਂ ਕਿਹਾ ਗਿਆ ਕਿ ਕੇ.ਐਮ.ਐਮ ਮੋਰਚੇ ਦੇ ਫੈਸਲੇ ਮੁਤਾਬਿਕ ਪਿਛਲੇ ਦੋ ਦਿਨਾਂ ਤੋਂ ਪੁਤਲੇ ਫੂਕੇ ਜਾ ਰਹੇ ਹਨ, ਜਿਸ ਤਹਿਤ ਅੱਜ ਪਿੰਡ ਪਸਿਆਣਾ ਵਿਖੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਵੱਲੋਂ ਸਰਕਾਰਾਂ ਦੀ ਅਰਥੀ ਫੂਕ ਕੇ ਮੁਜਾਹਰਾ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਸਮਾਣਾ ਗੁਰਨਾਮ ਸਿੰਘ ਢੀਂਠਲ ਨੇ ਕਿਹਾ ਕਿ ਜੋ ਕਿਸਾਨਾਂ ਉਪਰ ਪਰਾਲੀ ਨੂੰ ਅੱਗ ਲਾਉਣ ਦੇ ਪਾਏ ਹੋਏ ਪਰਚੇ ਰੱਦ ਕਰਵਾਉਣ ਲਈ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਜੇ ਕਿਸਾਨਾਂ ਤੇ ਪਾਏ ਹੋਏ ਪਰਚੇ ਰੱਦ ਨਾ ਕਰੇ ਤਾਂ ਆਉਣ ਵਾਲੇ ਦਿਨਾਂ ਵਿੱਚ ਤਿੱਖਾ ਸੰਘਰਸ਼ ਕਰਾਂਗੇ। ਇਸ ਮੌਕੇ ਯਾਦਵਿੰਦਰ ਸਿੰਘ ਕੂਕਾ, ਪਵਨ ਕੁਮਾਰ ਪਸਿਆਣਾ, ਨਾਜਰ ਸਿੰਘ ਕਕਰਾਲਾ ਮਗਰ ਸਿੰਘ, ਪੁਸ਼ਵਿੰਦਰ ਸਿੰਘ ਰਤਨਹੇੜੀ ਹਾਜ਼ਰ ਸਨ।

# ਭੋਲੇ ਬਾਬਾ ਦੇ ਦਿਨ ਬੜੀ ਧੂਮ ਧਾਮ ਨਾਲ ਮਨਾਈ ਗਈ ਮਾਸਿਕ ਸ਼ਿਵਰਾਤਰੀ (ਤਿਰੋਸ਼ਦੀ)

**ਪਟਿਆਲਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਧਾਰ ਸਭਾ ਰਜਿ: ਮੱਥੁਰਾ ਕਾਲੋਨੀ ਪਟਿਆਲਾ ਵੱਲੋਂ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਹਰ ਮਹੀਨੇ ਮਾਸਿਕ ਸ਼ਿਵਰਾਤਰੀ (ਤਿਰੋਸ਼ਦੀ) ਮਨਾਉਂਦੀ ਹੈ। ਇਸ ਵਾਰ ਭੋਲੇ ਬਾਬਾ ਦੇ ਦਿਨ ਸੋਮਵਾਰ ਨੂੰ ਬੜੀ ਧੂਮ ਧਾਮ ਨਾਲ ਮਨਾਈ ਗਈ। ਸ਼ਾਮ ਨੂੰ 5:30 ਵਜੇ ਤੋਂ 7:00 ਵਜੇ ਤੱਕ ਕੀਰਤਨ ਉਪਰੰਤ ਮਹਿੰਦਰ ਪਾਲ ਐਸ.ਐਸ.ਟੀ. ਨਗਰ ਦੇ ਪੁੱਤਰ ਅਤੇ ਪੁੱਤਰ ਵਧੂ ਨੇ ਭੰਡਾਰੇ ਦਾ ਪ੍ਰਸ਼ਾਦ ਲਗਵਾ ਕੇ ਵਿਤਰਤ ਕੀਤਾ। ਇਸ ਮੌਕੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯਾਦ ਕੀਤਾ ਗਿਆ। ਹਰ ਤਰੋਸਦੀ ਮਾਸਿਕ ਸ਼ਿਵਰਾਤਰੀ ਮੌਕੇ ਕਲੋਨੀ ਦੀਆਂ ਮਹਿਲਾਵਾਂ ਅਤੇ ਕਲੋਨੀ ਨਿਵਾਸੀਆਂ ਵੱਲੋਂ ਸੇਵਾ ਕੀਤੀ ਜਾਂਦੀ ਹੈ। ਸ੍ਰ. ਅਜੀਤਪਾਲ ਸਿੰਘ ਐਮ.ਐਲ.ਏ. ਵਲੋਂ ਪਿਛਲੇ ਦਿਨ ਮੰਦਿਰ ਵਿਖੇ ਝੂਲੇ ਰੱਖਵਾਏ ਗਏ ਹਨ ਬੱਚੇ ਮੰਦਿਰ ਵਿਖੇ ਮੱਥਾ ਵੀ ਟੇਕਦੇ ਹਨ, ਪ੍ਰਸ਼ਾਦ ਵੀ ਲੈਂਦੇ ਹਨ ਅਤੇ ਝੂਲਿਆਂ ਦਾ ਅਨੰਦ ਵੀ ਮਾਣਦੇ ਹਨ। ਸਾਰਿਆਂ ਵੱਲੋਂ ਐਮ.ਐਲ.ਏ. ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ ਗਿਆ। ਸਰਪ੍ਰਸਤ ਸਤਨਾਮ ਹਸੀਜਾ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਮਿਤੀ 25—11—2025 ਦਿਨ ਮੰਗਲਵਾਲ ਨੂੰ 12:00 ਵਜੇ ਨਤਮਸਤਕ ਹੋ ਕੇ ਅਰਦਾਸ ਉਪਰੰਤ ਕੜੀ ਚਾਵਲ ਅਤੇ ਚਾਹ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ। ਇਸ ਮੌਕੇ ਰਣਦੀਪ ਹੈਪੀ ਵਾਇਸ ਪ੍ਰਧਾਨ ਸ਼ਿਵ ਸੈਨਾ ਸ਼ਿੰਦੇ ਗਰੁੱਪ ਨੇ ਸ਼ਿਰਕਤ ਕੀਤੀ। ਸੁਧਾਰ ਸਭਾ ਦੇ ਵਾਇਸ ਪ੍ਰਧਾਨ ਹਰੀ ਸਿੰਘ ਚੌਹਾਨ, ਪ੍ਰਧਾਨ ਮਿਥੁਨ, ਜਨਰਲ ਸਕੱਤਰ ਦਲੀਪ (ਹੈਪੀ), ਦਾਨ ਕੁਲੈਕਟਰ ਮੁਕੇਸ਼ ਕਾਲੂ, ਕੇਦਾਰ ਨਾਥ ਗੋਇਲ, ਤਰਸੇਮ ਵਰਮਾ, ਲਾਲਾ ਲੱਖੀ ਰਾਮ ਸਿੰਗਲਾ, ਦਿਪਾਂਸ਼ੂ ਅਗਰਵਾਲ, ਦਿਲੇਰ ਸੈਣੀ, ਇਕਬਾਲ ਸਿੰਘ (ਸ਼ੰਟੀ), ਮੁਕੇਸ਼ ਦੂਬੇ, ਲਿੱਕੀ, ਬੋਨੀ, ਆਦਿ ਪਹੁੰਚੇ ਅਤੇ ਪੁਰਾਣੇ ਕਾਰੀਗਰ ਬਿੱਲਾ ਹਲਵਾਈ ਵਲੋਂ ਲੰਗਰ ਬਣਾਉਣ ਦੀ ਸੇਵਾ ਕੀਤੀ ਗਈ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ; ਮਹਾਨ ਕੀਰਤਨ ਸਮਾਗਮ 'ਚ ਸ੍ਰੀ ਗੁਰੂ ਸਿੰਘ ਸਭਾ ਵਿਖੇ ਵੱਡੀ ਗਿਣਤੀ ਸੰਗਤ ਨੇ ਲਿਆ ਲਾਹਾ

**ਪਟਿਆਲਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਕਰਵਾਏ ਜਾ ਰਹੇ ਯਾਦਗਾਰੀ ਸਮਾਗਮਾਂ ਦੀ ਲੜੀ ਤਹਿਤ ਪਟਿਆਲਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਮਹਾਨ ਕੀਰਤਨ ਸਮਾਗਮ ਮੌਕੇ ਵੱਡੀ ਗਿਣਤੀ ਸੰਗਤ ਨੇ ਗੁਰਬਾਣੀ ਕੀਰਤਨ ਸਰਵਣ ਕੀਤਾ।



ਇਸ ਦੌਰਾਨ ਭਾਈ ਦਵਿੰਦਰ ਸਿੰਘ ਜੀ ਸੋਹਾਣਾ ਸਾਹਿਬ ਵਾਲੇ, ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥੇ ਭਾਈ ਸਿਮਰਨਜੀਤ ਸਿੰਘ ਅਤੇ ਭਾਈ ਸੁਰਿੰਦਰ ਸਿੰਘ-ਨਛੱਤਰ ਸਿੰਘ ਨੇ ਗੁਰਬਾਣੀ ਕੀਰਤਨ ਦੀ ਛਹਿਬਰ ਲਗਾ ਕੇ ਸੰਗਤ ਨੂੰ ਨਿਹਾਲ ਕੀਤਾ। ਰਾਗੀ ਜਥਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਮਹਾਨ ਸ਼ਹਾਦਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾ ਗੱਦੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ।

ਇਸ ਮੌਕੇ ਸੰਗਤ ਵਿੱਚ ਸ਼ਾਮਲ ਹੋਏ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸ੍ਰੀ ਦਮਦਮਾ ਸਾਹਿਬ ਤੋਂ ਅਰੰਭ ਹੋਇਆ ਨਗਰ ਕੀਰਤਨ ਪਟਿਆਲਾ ਵਿਖੇ 21 ਨਵੰਬਰ ਨੂੰ ਪੁੱਜੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੂਰੀ ਸ਼ਰਧਾ ਭਾਵਨਾ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਨੂੰ ਮਨਾ ਰਹੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਗੁਰੂ ਸਾਹਿਬ ਦੀ ਕੁਰਬਾਨੀ ਪੂਰੀ ਮਾਨਵਤਾ ਲਈ ਸੀ, ਜਿਸ ਕਰਕੇ ਉਨ੍ਹਾਂ ਦੇ ਜੀਵਨ, ਫ਼ਲਸਫ਼ੇ, ਸਿੱਖਿਆਵਾਂ ਤੇ ਗੁਰਬਾਣੀ ਨੂੰ ਪੂਰੀ ਦੁਨੀਆਂ ਵਿੱਚ ਪਹੁੰਚਾਉਣ ਲਈ ਉਪਰਾਲੇ ਕਰਦਿਆਂ 23 ਨਵੰਬਰ ਤੋਂ 25 ਨਵੰਬਰ ਤੱਕ ਖ਼ਾਲਸੇ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਵੀ ਕਰਵਾਏ ਜਾ ਰਹੇ ਹਨ। ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਚੇਤਨ ਸਿੰਘ ਜੌੜਾਮਾਜਰਾ, ਗੁਰਦੇਵ ਸਿੰਘ ਦੇਵ ਮਾਨ, ਗੁਰਲਾਲ ਘਨੌਰ, ਨੀਨਾ ਮਿੱਤਲ, ਕੁਲਵੰਤ ਸਿੰਘ ਬਾਜ਼ੀਗਰ, ਬਲਤੇਜ ਪੰਨੂ, ਪੀ.ਆਰ.ਟੀ.ਸੀ. ਚੇਅਰਮੈਨ ਰਣਜੋਧ ਸਿੰਘ ਹਡਾਣਾ, ਮੇਅਰ ਕੁੰਦਨ ਗੋਗੀਆ, ਚੇਅਰਮੈਨ ਤੇਜਿੰਦਰ ਮਹਿਤਾ, ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ, ਇੰਦਰਜੀਤ ਸਿੰਘ ਸੰਧੂ, ਸੂਬਾ ਸਕੱਤਰ ਜਗਦੀਪ ਸਿੰਘ ਜੱਗਾ, ਹਰਿੰਦਰ ਕੋਹਲੀ, ਬਲਜਿੰਦਰ ਸਿੰਘ ਝਾੜਵਾਂ, ਸਮੂਹ ਕੌਂਸਲਰ ਤੇ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਲੁਵਾਈ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਇਸ ਕੀਰਤਨ ਸਮਾਗਮ ਦੀ ਸਫ਼ਲਤਾ ਲਈ ਪਟਿਆਲਾ ਦੀ ਸਮੂਹ ਸੰਗਤ ਸਮੇਤ ਰਣਜੀਤ ਸਿੰਘ ਚੰਡੋਕ, ਲੰਗਰ ਬਣਾਉਣ ਦੀ ਸੇਵਾ ਲਈ ਕਾਰ ਸੇਵਾ ਸੰਤ ਕਸ਼ਮੀਰ ਸਿੰਘ ਭੂਰੀ ਵਾਲੇ ਅਤੇ ਵਰਤਾਉਣ ਲਈ ਸੰਤ ਅਮਰ ਸਿੰਘ ਮੁਖੀ ਰਾੜਾ ਸਾਹਿਬ ਸੰਪਰਦਾਇ ਦੇ ਟਰਸਟ ਦੇ ਸਕੱਤਰ ਰਣਧੀਰ ਸਿੰਘ ਢੀਂਡਸਾ ਸਮੇਤ ਪ੍ਰਧਾਨ ਬਲਜਿੰਦਰ ਸਿੰਘ ਬੇਦੀ ਚੇਅਰਮੈਨ ਧਾਰਮਿਕ ਕਮੇਟੀ ਕੈਪਟਨ ਅਮਰਜੀਤ ਸਿੰਘ ਕਾਲੇਕਾ, ਸਕੱਤਰ ਬਲਜਿੰਦਰ ਸਿੰਘ ਦੀਵਾਨ ਅਤੇ ਸਮੂਹ ਕਮੇਟੀ ਮੈਬਰਾਂ, ਮਰਿਆਦਾ ਕਮੇਟੀ ਦੇ ਚੇਅਰਮੈਨ ਗਿਆਨੀ ਸੁਖਦੇਵ ਸਿੰਘ ਸਾਬਕਾ ਹੈਡਗ੍ਰੰਥੀ, ਡਾ. ਜਸਬੀਰ ਕੌਰ ਪਟਿਆਲਾ ਤੇ ਪ੍ਰੋ. ਪਰਮਵੀਰ ਸਿੰਘ ਦਾ ਧੰਨਵਾਦ ਕੀਤਾ।

ਡਿਪਟੀ ਕਮਿਸ਼ਨਰ ਨੇ ਇਸ ਦੇ ਨਾਲ ਹੀ ਜੋੜਾ ਘਰ ਦੀ ਸੇਵਾ ਲਈ ਗੁਰੂ ਨਾਨਕ ਖਾਲਸਾ ਦਲ, ਜਲ ਸੇਵਾ ਲਈ ਪਾਲਿਸ਼ ਸੇਵਾ ਦਲ ਅਤੇ ਨੌਜਵਾਨ ਸੇਵਾ ਦਲ ਪਟਿਆਲਾ ਸਮੇਤ ਸਕੂਟਰ ਪਾਰਕਿੰਗ ਲਈ ਸੇਵਾ ਮਿਸ਼ਨ ਅਤੇ ਖਾਲਸਾ ਟ੍ਰੈਫਿਕ ਸੇਵਾ ਦਲ ਦੀ ਟੀਮ ਅਤੇ ਪਟਿਆਲਾ ਦੀ ਸੰਗਤ ਵੱਲੋਂ ਦਿੱਤੇ ਗਏ ਸਹਿਯੋਗ ਲਈ ਵੀ ਉਚੇਚਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਕੀਰਤਨ ਸਮਾਗਮ ਦੀ ਸੇਵਾ ਪੂਰੀ ਸ਼ਰਧਾ, ਸਤਿਕਾਰ ਤੇ ਅਕੀਦਤ ਨਾਲ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ।

ਇਸ ਮੌਕੇ ਕਮਿਸ਼ਨਰ ਪਰਮਜੀਤ ਸਿੰਘ, ਏ.ਡੀ.ਸੀ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ, ਨਵਰੀਤ ਕੌਰ ਸੇਖੋਂ ਤੇ ਸਿਮਰਪ੍ਰੀਤ ਕੌਰ, ਐਸ.ਪੀ. ਵੈਭਵ ਚੌਧਰੀ ਤੇ ਪਲਵਿੰਦਰ ਸਿੰਘ ਚੀਮਾ, ਐਸ.ਡੀ.ਐਮਜ ਡਾ. ਇਸਮਤ ਵਿਜੇ ਸਿੰਘ, ਕਿਰਪਾਲਵੀਰ ਸਿੰਘ ਤੇ ਹਰਜੋਤ ਕੌਰ, ਅਸ਼ੋਕ ਕੁਮਾਰ, ਆਰਟੀਓ ਬਬਨਦੀਪ ਸਿੰਘ ਵਾਲੀਆ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪੰਜਾਬੀ ਯੂਨੀਵਰਸਿਟੀ ਦੇ ਅੰਤਰ ਕਾਲਜ ਖੇਡ ਮੁਕਾਬਲਿਆਂ 'ਚ ਗੁਰਲਾਲ ਘਨੌਰ ਨੇ ਕੀਤੀ ਮੁੱਖ ਮਹਿਮਾਨ ਵਜੋਂ ਸ਼ਿਰਕਤ

**ਪਟਿਆਲਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਆਯੋਜਿਤ ਅੰਤਰ ਕਾਲਜ ਖੇਡ ਮੁਕਾਬਲਿਆਂ ਦੌਰਾਨ ਹਲਕਾ ਘਨੌਰ ਦੇ ਵਿਧਾਇਕ ਸ. ਗੁਰਲਾਲ ਘਨੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਯੂਨੀਵਰਸਿਟੀ ਪਹੁੰਚਣ 'ਤੇ ਡਾ. ਗੁਰਦੀਪ ਕੌਰ ਰੰਧਾਵਾ ਨੇ ਵਿਧਾਇਕ ਦਾ ਗਰਮਜੋਸ਼ੀ ਨਾਲ ਸੁਆਗਤ ਕੀਤਾ ਅਤੇ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਇਨ੍ਹਾਂ ਅੰਤਰ ਕਾਲਜ ਮੁਕਾਬਲਿਆਂ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਵੱਖ-ਵੱਖ ਕਾਲਜਾਂ ਤੋਂ ਆਏ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲਿਆਂ ਵਿੱਚ ਬਾਕਸਿੰਗ, ਪੈਂਚਕਸਿਲਾਟ, ਸੈਪਰਟਾਕਾਰਾ ਕਰਾਏ ਅਤੇ ਨੈਟਬਾਲ (ਪੁਰਸ਼ ਅਤੇ ਮਹਿਲਾ) ਦੇ ਰੋਮਾਂਚਕ ਇਵੈਂਟ ਸ਼ਾਮਲ ਸਨ। ਖਿਡਾਰੀਆਂ ਨੇ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਦੇ ਹੋਏ ਆਪਣੀ ਪ੍ਰਤਿਭਾ ਅਤੇ ਮਿਹਨਤ ਦਾ ਪ੍ਰਮਾਣ ਦਿੱਤਾ। ਮੁੱਖ ਮਹਿਮਾਨ ਸ. ਗੁਰਲਾਲ ਘਨੌਰ ਨੇ ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਯੁਵਾ ਪੀੜ੍ਹੀ ਦਾ ਖੇਡਾਂ ਵੱਲ ਰੁਝਾਨ ਕਾਬਿਲ-ਏ-ਤਾਰੀਫ਼ ਹੈ ਅਤੇ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਵਿੱਚ ਖੇਡਾਤਮਕ ਭਾਵਨਾ, ਅਨੁਸ਼ਾਸਨ ਅਤੇ ਆਪਸੀ ਭਰਾਵਾਂ ਨੂੰ ਮਜ਼ਬੂਤ ਬਣਾਉਂਦੇ ਹਨ। ਉਨ੍ਹਾਂ ਨੇ ਯੂਨੀਵਰਸਿਟੀ ਪ੍ਰਬੰਧਨ ਦੀ ਵੀ ਪ੍ਰਸ਼ੰਸਾ ਕੀਤੀ ਕਿ ਉਹ ਵਿਦਿਆਰਥੀਆਂ ਨੂੰ ਉੱਚ ਪੱਧਰੀ ਖੇਡਾ ਮੌਕਿਆਂ ਨਾਲ ਜੋੜ ਰਹੇ ਹਨ। ਡਾ. ਗੁਰਦੀਪ ਕੌਰ ਰੰਧਾਵਾ ਨੇ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਹਰ ਸਾਲ ਵੱਡੇ ਪੱਧਰ 'ਤੇ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ, ਤਾਂ ਜੋ ਵਿਦਿਆਰਥੀਆਂ ਨੂੰ ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਣ ਦੇ ਮੌਕੇ ਮਿਲ ਸਕਣ। ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨ ਵੱਲੋਂ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ।



ਇਹ ਸਮਾਰੋਹ ਖੇਡ ਪ੍ਰੇਮੀਆਂ ਅਤੇ ਵਿਦਿਆਰਥੀਆਂ ਵਿੱਚ ਵੱਡੇ ਉਤਸ਼ਾਹ ਦਾ ਕੇਂਦਰ ਬਣਿਆ ਅਤੇ ਸਫਲਤਾਪੂਰਵਕ ਸੰਪੰਨ ਹੋਇਆ। ਇਸ ਮੌਕੇ ਡਾਕਟਰ ਦਲਵੀਰ ਸਿੰਘ ਰੰਧਾਵਾ, ਸ੍ਰ ਦਲ ਸਿੰਘ ਬਰਾੜ, ਪ੍ਰੋ ਬਹਾਦਰ ਸਿੰਘ ਰੰਧਾਵਾ, ਅਤੇ ਡਾਕਟਰ ਪ੍ਰਿੰਸਇੰਦਰ ਸਿੰਘ ਮੌਜੂਦ ਸਨ।




# ਥਾਈ ਵੈੱਜੀਟੇਬਲ ਸੂਪ



ਸਮੱਗਰੀ
ਥਾਈ ਵੈੱਜ਼ੀਟੇਬਲ ਸੂਪ ਲਈ (5 ਕੱਪ)
1 ਕੱਪ- ਪਿਆਜ਼
2 ਕੱਪ- ਕੱਟੀਆਂ ਹੋਈਆਂ ਗਾਜਰਾਂ
6-ਕਾਲੀਆਂ ਮਿਰਚਾਂ
2- ਹਰੀ ਚਾਹ ਪੱਤੀ
ਸੁਆਦ ਅਨੁਸਾਰ-ਲੂਣ
ਹੋਰ ਸਮੱਗਰੀ
2 ਚਮਚ- ਘੱਟ ਫੈਟ ਵਾਲਾ ਮੱਖਣ
1 ਚਮਚ- ਬਰੀਕ ਕੱਟਿਆਂ ਲਸਣ
1 ਚਮਚ-ਬਰੀਕ ਕੱਟੀਆਂ ਹਰੀਆਂ ਮਿਰਚਾਂ
1/4 ਕੱਪ- ਬਰੀਕ ਕੱਟੇ ਹਰੇ ਪਿਆਜ਼
1/2 ਕੱਪ- ਅੱਧੇ ਉਬਲੇ ਹੋਏ ਖੂੰਬ
2 ਚਮਚ- ਬਰੀਕ ਕੱਟਿਆ ਹਰਾ ਧਨੀਆ
1/2 ਕੱਪ-ਬਰੀਕ ਕੱਟੀ ਪਾਲਕ
1/2 ਕੱਪ ਸਲਾਇਸਡ ਅਤੇ ਅੱਧੇ ਉਬਲੇ ਹੋਏ ਬੇਬੀ ਕਾਰਨ
1 ਕੱਪ- ਬੀਨ ਪੂੰਗਰੀ ਹੋਈ
1 ਕੱਪ- ਟੋਫੂ
1 ਚਮਚ- ਵਿਨੇਗਰ
1 ਚਮਚ-ਸੋਇਆ ਸੋਸ
ਸੁਆਦ ਅਨੁਸਾਰ-ਲੂਣ

ਵਿਧੀ- ਸਾਰੀਆਂ ਸਮੱਗਰੀਆਂ ਨੂੰ ਪਾਣੀ ਦੇ ਨਾਲ ਗਹਿਰੇ ਨਾਨ-ਸਟਿੱਕ ਪੈਨ 'ਚ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਚੰਗੀ ਤਰ੍ਹਾਂ ਨਾਲ ਉਬਾਲਾ ਦਿਓ। ਛਾਣਨੀ 'ਚ ਛਾਣ ਕੇ ਇਕ ਪਾਸੇ ਰੱਖ ਦਿਓ।
ਹੁਣ ਇਕ ਪੈਨ 'ਚ ਮੱਖਣ ਗਰਮ ਕਰੋ, ਲਸਣ, ਹਰੀ ਮਿਰਚ ਅਤੇ ਹਰੀ ਪਿਆਜ਼ ਪਾ ਕੇ ਘੱਟ ਸੇਕ 'ਤੇ ਭੁੰਨੋਂ ਅਤੇ ਬੱਚੀ ਹੋਈ ਸਮੱਗਰੀ ਪਾ ਕੇ ਚੰਗੀ ਤਰ੍ਹਾਂ ਮਿਲਾਓ ਅਤੇ ਘੱਟ ਸੇਕ 'ਤੇ 2-3 ਮਿੰਟ ਤਕ ਪਕਾਓ। ਹੁਣ ਥਾਈ ਵੈੱਜ਼ੀਟੇਬਲ ਸਟਾਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਗਰਮ-ਗਰਮ ਪਰੋਸੋ।

## ਸੈਂਡਵਿਚ ਮਸਾਲਾ ਪਾਊਡਰ



ਸੈਂਡਵਿਚ ਖਾਣ 'ਚ ਬਹੁਤ ਹੀ ਸੁਆਦ ਹੁੰਦਾ ਹੈ ਪਰ ਜੇਕਰ ਇਸ 'ਚ ਮਸਾਲਾ ਪਾ ਦਿੱਤਾ ਜਾਵੇਂ ਤਾਂ ਇਸ ਦਾ ਸੁਆਦ ਹੋਰ ਵੀ ਵਧ ਜਾਂਦਾ ਹੈ। ਸੈਂਡਵਿਚ ਮਸਾਲਾ ਬਣਾਉਣਾ ਬਹੁਤ ਹੀ ਸੌਖਾ ਹੁੰਦਾ ਹੈ।
ਇਸ ਨੂੰ ਬਣਾਉਣ ਲਈ ਰਸੋਈ 'ਚ ਰੱਖੇ ਮਸਾਲਿਆਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ ਬਣਾਉਣ ਅਤੇ ਪਕਾਉਣ 'ਚ 5-5 ਮਿੰਟ ਦਾ ਸਮੇਂ ਲਗਦਾ ਹੈ। ਆਓ ਜਾਣਦੇ ਹਾਂ ਸੈਂਡਵਿਚ ਮਸਾਲਾ ਪਾਊਡਰ ਬਣਾਉਣ ਦੀ ਵਿਧੀ ਬਾਰੇ।
ਸਮੱਗਰੀ :- 1/2 ਕੱਪ ਜ਼ੀਰਾ, 2 ਚਿਮਚੇ ਲੌਂਗ, 2 ਚਿਮਚੇ ਕਾਲੀ ਮਿਰਚ ਪਾਊਡਰ, ਸੌਂਫ 4 ਚਿਮਚੇ, ਲੂਣ ਸੁਆਦ ਅਨੁਸਾਰ, ਅੰਬਚੂਰ 2 ਚਿਮਚੇ।
ਵਿਧੀ :- ਸਭ ਤੋਂ ਪਹਿਲਾਂ ਤਵੇ 'ਤੇ ਜ਼ੀਰਾ ਪਾ ਕੇ ਭੁੰਨ ਲਵੋ। ਫਿਰ ਸਾਰੀਆਂ ਸਮੱਗਰੀਆਂ ਨੂੰ ਮਿਲਾ ਕੇ ਮਿਕਸੀ 'ਚ ਪੀਸ ਲਵੋ। ਹੁਣ ਇਸ ਨੂੰ ਤੁਸੀਂ ਏਅਰ ਟਾਈਟ ਜ਼ਾਰ 'ਚ ਬੰਦ ਕਰਕੇ ਇਸ ਦੀ ਵਰਤੋਂ ਕਰ ਸਕਦੇ ਹੋ।

## ਸਿਜ਼ਲਿੰਗ ਪਾਸਤਾ

ਤੁਸੀਂ ਪਾਸਤਾ ਖਾਣ ਦਾ ਸ਼ੌਂਕ ਰੱਖਦੇ ਹੋ ਤਾਂ ਤੁਹਾਨੂੰ ਸਿਜਲਿੰਗ ਪਾਸਤਾ ਬਹੁਤ ਹੀ ਪਸੰਦ ਆਵੇਗਾ। ਇਹ ਉਹ ਇਟਾਲੀਅਨ ਪਾਸਤਾ ਹੈ, ਜਿਸ ਨੂੰ ਸਿਜ਼ਲਰਸ ਪਲੇਟ 'ਚ ਰੱਖ ਕੇ ਬਣਾਇਆ ਜਾਂਦਾ ਹੈ। ਇਹ ਬਣਾਉਣ 'ਚ ਬਹੁਤ ਹੀ ਸੌਖਾ ਹੁੰਦਾ ਹੈ। ਜੇਕਰ ਤੁਸੀਂ ਵੈਜੀਟੇਰੀਅਨ ਹੋ ਤਾਂ ਤੁਸੀਂ ਇਸ 'ਚ ਚਿਕਨ ਸੌਸੇਜ ਦੀ ਵਰਤੋਂ ਨਾ ਕਰੋ। ਪਰ ਜੇਕਰ ਤੁਸੀਂ ਨਾਨ ਵੈਜ ਪਸੰਦ ਕਰਦੇ ਹੋ ਤਾਂ ਤੁਹਾਨੂੰ ਸਿਜਲਿੰਗ ਪਾਸਤਾ ਬਹੁਤ ਪਸੰਦ ਆਵੇਗਾ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ।



ਸਮੱਗਰੀ
ਪਾਸਤਾ ਉਬਲਿਆ ਹੋਇਆ 1/4 ਪੈਕੇਟ, ਸ਼ਿਮਲਾ ਮਿਰਚ 1 ਪੀਸ, ਪਿਆਜ਼ 1 ਕੱਟਿਆ ਹੋਇਆ, ਤੇਲ ਵੱਡੇ 2 ਚਿਮਚੇ, ਲੂਣ ਸੁਆਦ ਅਨੁਸਾਰ, ਮਸਟਰਡ ਸੌਸ 1 ਛੋਟਾ ਚਿਮਚਾ, ਗਾਜਰ 1 ਕਟੀ ਹੋਈ। ਫਰੈਂਚ ਬੀਨਸ ਕੱਟੇ ਹੋਏ 6, ਕਾਲੀ ਮਿਰਚ ਪਾਊਡਰ ਸੁਆਦ ਅਨੁਸਾਰ, ਚਿਕਨ ਸੌਸਜ਼ 2 ਜਾਂ 3, ਬੰਦਗੋਭੀ 1, ਆਲੂ 2 ਜਾਂ 3 ਕੱਟੇ ਹੋਏ। ਮੱਖਣ 2 ਵੱਡੇ ਚਮਚੇ।
ਵਿਧੀ
ਇਕ ਪੈਨ 'ਚ 2 ਚਮਚੇ ਤੇਲ ਗਰਮ ਕਰੋ, ਇਸ 'ਚ ਪਿਆਜ਼ ਅਤੇ ਸ਼ਿਮਲਾ ਮਿਰਚ ਪਾਓ। ਫਿਰ ਇਸ 'ਚ ਲੂਣ ਪਾ ਕੇ 2 ਮਿੰਟ ਤੱਕ ਭੁੰਨੋ। ਇਸ ਤੋਂ ਬਾਅਦ ਪੈਨ 'ਚ ਮਸਟਰਡ ਸੌਸ ਪਾਓ ਅਤੇ ਥੋੜ੍ਹਾ ਪਾਣੀ ਪਾ ਕੇ ਮਿਲਾਓ। ਹੁਣ ਇਸ ਨੂੰ ਕੱਢ ਕੇ ਇਕ ਭਾਂਡੇ 'ਚ ਰੱਖ ਲਵੋ। ਫਿਰ ਇਕ ਪੈਨ 'ਚ ਤੇਲ ਪਾ ਕੇ ਗਰਮ ਕਰੋ। ਇਸ 'ਚ ਗਾਜਰ, ਫਰੈਂਚ ਬੀਨਸ, 1 ਛੋਟਾ ਚਮਚਾ ਤੇਲ, ਲੂਣ ਅਤੇ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਭੁੰਨ ਲਵੋ। ਹੁਣ ਇਸ ਨੂੰ ਇਕ ਦੂਜੇ ਭਾਂਡੇ 'ਚ ਕੱਢ ਲਵੋ। ਸੌਸੇਜ਼ ਦੇ ਤਿਰਛੇ ਆਕਾਰ ਦੇ ਸਲਾਈਸ ਕੱਟੋ ਅਤੇ ਭੂਰਾ ਹੋਣ ਤੱਕ ਭੁੰਨੋ। ਹੁਣ ਬੰਦਗੋਭੀ ਦੇ 3 ਪੱਤੇ ਕੱਢ ਕੇ ਰੱਖੋ। ਪੈਨ 'ਚ ਪਕਿਆ ਪਾਸਤਾ ਅਤੇ ਥੋੜ੍ਹਾ ਪਾਣੀ ਪਾ ਕੇ ਚੰਗੀ ਤਰ੍ਹਾਂ ਮਿਲਾ ਕੇ ਗਰਮ ਕਰੋ। ਸਿਜ਼ਲਰ ਪਲੇਟ ਨੂੰ ਲਕੜੀ ਦੇ ਬੇਸ 'ਤੇ ਰੱਖੋ। ਬੰਦਗੋਭੀ ਦੇ ਪੱਤੇ ਸਿਜ਼ਲਰ ਪਲੇਟ 'ਤੇ ਰੱਖੋ। ਇਕ ਪੱਤੇ 'ਤੇ ਪਾਸਤਾ ਰੱਖੋ ਅਤੇ ਦੂਜੇ ਪੱਤੇ 'ਤੇ ਸਬਜ਼ੀਆਂ ਰੱਖੋ, ਤੀਜੇ ਪੱਤੇ 'ਤੇ ਸੌਸੇਜਸ ਰੱਖੋ। ਪੋਟੇਟੋ ਫਿਗਰਜ਼ ਅਤੇ ਸ਼ਿਮਲਾ ਮਿਰਚ ਪਿਆਜ਼ ਨੂੰ ਰੱਖੋ। ਇਸ ਤੋਂ ਬਾਅਦ ਇਸ 'ਤੇ ਮੱਖਣ ਲਗਾ ਕੇ ਸਰਵ ਕਰੋ।

# ਪੁੱਤਰਾਂ ਨੂੰ ਬਚਪਨ ਤੋਂ ਸਿਖਾਓ ਔਰਤਾਂ ਦਾ ਸਨਮਾਨ ਕਰਨਾ

➢ ਪ੍ਰੋ. ਕੁਲਜੀਤ ਕੌਰ ਅਠਵਾਲ



ਪਰਿਵਾਰ ਵਿਚ ਬੱਚਿਆਂ ਦਾ ਪਾਲਣ-ਪੋਸ਼ਣ ਮਾਂ-ਬਾਪ ਦੀ ਜ਼ਿੰਮੇਵਾਰੀ ਹੈ। ਭਾਰਤੀ ਪਰਿਵਾਰਾਂ ਵਿਚ ਬਜ਼ੁਰਗ ਵੀ ਬੱਚਿਆਂ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ ਤੇ ਬੱਚੇ ਰਲਵੇਂ-ਮਿਲਵੇਂ ਸੰਸਕਾਰ ਸਿੱਖਦੇ ਹਨ। ਘਰ ਵਿਚ ਧੀ ਅਤੇ ਪੁੱਤਰ ਦੇ ਪਾਲਣ ਢੰਗ ਵਿਚ ਸ਼ੁਰੂ ਤੋਂ ਹੀ ਅੰਤਰ ਕੀਤਾ ਜਾਂਦਾ ਹੈ। ਸਿੱਟੇ ਵਜੋਂ ਕੁੜੀਆਂ ਦਾ ਕੰਮ ਤੇ ਸੁਭਾਅ ਅਧੀਨਗੀ ਵਾਲਾ ਤੇ ਮੁੰਡਿਆਂ ਦਾ ਸੁਭਾਅ ਰੋਹਬ ਵਾਲਾ ਤੇ ਆਪਣੇ-ਆਪ ਨੂੰ ਕੁੜੀਆਂ ਤੋਂ ਉੱਤਮ ਸਮਝਣ ਵਾਲਾ ਬਣ ਜਾਂਦਾ ਹੈ। ਅਕਸਰ ਹੀ ਫ਼ਿਲਮਾਂ, ਨਾਟਕਾਂ, ਅਖ਼ਬਾਰਾਂ ਜਾਂ ਆਮ ਜੀਵਨ ਵਿਚ ਧੀ ਦਾ ਪਾਲਣ-ਪੋਸ਼ਣ ਚੰਗੇ ਢੰਗ ਨਾਲ ਕਰਨ, ਉਨ੍ਹਾਂ ਨੂੰ ਸਹਿਣਸ਼ੀਲ ਬਣਾਉਣ ਉੱਪਰ ਵਧੇਰੇ ਬਲ ਦਿੱਤਾ ਜਾਂਦਾ ਹੈ ਪਰ ਕੀ ਅਸੀਂ ਗੌਰ ਕੀਤਾ ਹੈ ਕਿ ਜੇਕਰ ਅਸੀਂ ਆਪਣੇ ਪੁੱਤਰਾਂ ਦਾ ਪਾਲਣ ਸਹੀ ਢੰਗ ਨਾਲ ਕਰਾਂਗੇ, ਬਚਪਨ ਤੋਂ ਹੀ ਉਨ੍ਹਾਂ ਨੂੰ ਔਰਤਾਂ ਦੀ, ਲੜਕੀਆਂ ਦੀ ਇੱਜ਼ਤ ਕਰਨੀ ਸਿਖਾਵਾਂਗੇ ਤਾਂ ਸਮਾਜ ਵਿਚ ਔਰਤਾਂ ਨਾਲ ਹੁੰਦੇ ਅਪਰਾਧ ਘਟ ਜਾਣਗੇ। ਪਤੀ-ਪਤਨੀ ਦੇ ਵਿਹਾਰ ਦਰਜੇ ਵਿਚ ਜੇਕਰ ਬਰਾਬਰਤਾ ਹੋਵੇਗੀ ਤਾਂ ਪੁੱਤਰ ਘਰ ਵਿਚ ਹੀ ਨਾਰੀ ਬਰਾਬਰੀ ਦਾ ਪਾਠ ਸਿੱਖ ਲੈਣਗੇ ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਸੱਭਿਆਚਾਰ ਵਿਚ ਬਹੁਤ ਘੱਟ ਮਾਹੌਲ ਅਜਿਹਾ ਬਣਦਾ ਹੈ, ਜਿਥੇ ਘਰ ਦਾ ਮਾਹੌਲ, ਪਤੀ-ਪਤਨੀ ਦਾ ਬਰਾਬਰਤਾ ਵਾਲਾ ਵਿਹਾਰ ਪੁੱਤਰਾਂ ਲਈ ਸਬਕ ਬਣ ਸਕੇ, ਸਗੋਂ ਜਦੋਂ ਪੁੱਤਰ ਆਪਣੇ ਪਿਤਾ ਨੂੰ ਮਾਂ ਉੱਪਰ ਰੋਹਬ ਜਮਾਉਂਦਾ, ਮਾਰ-ਕੁੱਟ ਕਰਦਾ, ਗਾਲੀ-ਗਲੋਚ ਕਰਦਾ ਸੁਣਦਾ ਹੈ ਤਾਂ ਉਸ ਨੂੰ ਜਾਪਦਾ ਹੈ ਕਿ ਇਹ ਮਰਦ ਹੋਣ ਦੀ ਨਿਸ਼ਾਨੀ ਹੈ। ਸਿੱਟੇ ਵਜੋਂ ਉਹ ਜਦ ਜਵਾਨ ਹੁੰਦਾ ਹੈ ਤਾਂ ਹਰ ਔਰਤ-ਲੜਕੀ ਪ੍ਰਤੀ ਉਸ ਦਾ ਵਿਹਾਰ ਬੜਾ ਗ਼ੈਰ-ਜ਼ਿੰਮੇਵਾਰ ਤੇ ਅਸੁਭਾਵਿਕ ਹੁੰਦਾ ਹੈ।



ਮਾਂ-ਪਿਓ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਇਕ ਚੰਗਾ ਇਨਸਾਨ ਬਣਾਉਣ ਲਈ ਆਪਣੀਆਂ ਹਮਉਮਰ ਜਾਂ ਵੱਡੀਆਂ-ਛੋਟੀਆਂ ਲੜਕੀਆਂ ਨਾਲ ਇੱਜ਼ਤ ਭਰਪੂਰ ਵਿਹਾਰ ਕਰਨ ਦੀ ਸਿੱਖਿਆ ਦੇਣ। ਧੀਆਂ ਉੱਪਰ ਤਾਂ ਅਸੀਂ ਕਈ ਤਰ੍ਹਾਂ ਦੇ ਸਮਾਜਿਕ ਤੇ ਸੱਭਿਆਚਾਰਕ ਪਹਿਰੇ ਲਾ ਕੇ ਉਨ੍ਹਾਂ ਅੰਦਰ ਗੁਲਾਮੀਅਤ ਦੀ ਭਾਵਨਾ ਭਰ ਦਿੰਦੇ ਹਾਂ ਪਰ ਕੀ ਸਾਨੂੰ ਪੁੱਤਰਾਂ ਅੰਦਰ ਵੀ ਲੜਕੀਆਂ ਜਾਂ ਔਰਤਾਂ ਪ੍ਰਤੀ ਚੰਗਾ ਵਿਹਾਰ ਕਰਨ ਦੀ ਆਦਤ ਪਾਉਣ ਦੀ ਭਾਵਨਾ ਭਰਨੀ ਚਾਹੀਦੀ ਹੈ ? ਅਸੀਂ ਅਕਸਰ ਅਖ਼ਬਾਰਾਂ, ਟੀ. ਵੀ. ਤੇ ਹੋਰ ਸੋਸ਼ਲ ਮੀਡੀਆ ਉੱਪਰ ਲੜਕੀਆਂ ਨਾਲ ਹੁੰਦੀਆਂ ਛੇੜਖਾਨੀਆਂ, ਅਗਵਾ ਅਤੇ ਜਬਰ-ਜਨਾਹ ਦੀਆਂ ਜੋ ਘਟਨਾਵਾਂ ਪੜ੍ਹਦੇ ਹਾਂ, ਉਸ ਪ੍ਰਤੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਤੇ ਪੁੱਤਾਂ ਦੀ ਪਰਵਰਿਸ਼ ਕਰਦੇ ਸਮੇਂ ਉਨ੍ਹਾਂ ਨੂੰ ਔਰਤ-ਲੜਕੀ ਪ੍ਰਤੀ ਸੱਭਿਅਕ ਵਿਹਾਰ ਸਿਖਾਉਣਾ ਜ਼ਰੂਰੀ ਹੈ। ਪਰ ਜੇਕਰ ਪੁੱਤਰ ਕੋਈ ਗ਼ਲਤੀ ਕਰਦਾ ਹੈ ਤਾਂ ਇਸ ਨੂੰ ਲਾਪ੍ਰਵਾਹੀ ਨਾਲ ਦੇਖਿਆ ਜਾਂਦਾ ਹੈ ਤੇ ਸੋਚਿਆ ਜਾਂਦਾ ਹੈ ਕਿ ਉਸ ਦਾ ਕਿਹੜਾ ਕੋਈ ਨੁਕਸਾਨ ਹੋਣਾ ਹੈ, ਕਿਉਂਕਿ ਉਹ ਤਾਂ ਮੁੰਡਾ ਹੈ। ਲੋੜ ਹੈ ਅਜਿਹੀ ਸੋਚ ਬਦਲਣ ਦੀ। ਪੁੱਤਰ ਦੇ ਦੇਰ ਨਾਲ ਘਰ ਪਰਤਣ ਨਾਲ ਮਾਪਿਆਂ ਨੂੰ ਦੁੱਖ ਤਾਂ ਹੁੰਦਾ ਹੋਵੇਗਾ ਪਰ ਉਸ ਦੇ ਅੰਦਰ ਇਹ ਭਾਵਨਾ ਭਰ ਦਿੱਤੀ ਜਾਂਦੀ ਹੈ ਕਿ ਉਹ ਆਜ਼ਾਦ ਹੈ। ਇਸੇ ਹੀ ਆਜ਼ਾਦੀ ਦਾ ਗ਼ਲਤ ਫਾਇਦਾ ਉਠਾ ਕੇ ਨੌਜਵਾਨ ਮੁੰਡੇ ਇਕੱਠੇ ਹੋ ਕੇ ਸਮੂਹਿਕ ਤੌਰ 'ਤੇ ਜਾਂ ਵਿਅਕਤੀਗਤ ਤੌਰ 'ਤੇ ਲੜਕੀਆਂ ਨਾਲ ਛੇੜਖਾਨੀਆਂ, ਮਾੜੀਆਂ ਟਿੱਪਣੀਆਂ ਕਰਨ ਨੂੰ ਆਪਣੀ ਸ਼ਾਨ ਸਮਝਦੇ ਹਨ। ਜੇਕਰ ਮੁੱਢ ਤੋਂ ਹੀ ਪੁੱਤਰਾਂ/ਮੁੰਡਿਆਂ ਅੰਦਰ ਇਹ ਸੰਸਕਾਰ ਭਰੇ ਜਾਣ ਕਿ ਉਨ੍ਹਾਂ ਦੇ ਵਿਹਾਰ ਵਿਚ ਵੀ ਅਨੁਸ਼ਾਸਨ, ਸੰਜਮ, ਅਪਣੱਤ ਅਤੇ ਸਹਿਣਸ਼ੀਲਤਾ ਹੋਣੀ ਚਾਹੀਦੀ ਹੈ ਤਾਂ ਲੜਕਿਆਂ ਦੀ ਸੋਚ ਬਦਲੀ ਜਾ ਸਕਦੀ ਹੈ। ਪਰਿਵਾਰਕ ਤੌਰ 'ਤੇ ਧੀ ਅਤੇ ਪੁੱਤਰ ਨੂੰ ਘਰ ਵਿਚ ਜੇਕਰ ਬਰਾਬਰਤਾ ਦੇ ਮੌਕੇ ਦਿੱਤੇ ਜਾਣਗੇ ਤਾਂ ਸਮਾਜਿਕ ਤੌਰ 'ਤੇ ਔਰਤ-ਮਰਦ ਦੀ ਬਰਾਬਰਤਾ ਦਾ ਯੁੱਗ ਬਹੁਤ ਛੇਤੀ ਆ ਸਕਦਾ ਹੈ। ਜੇਕਰ ਮਰਦ ਔਰਤ ਨੂੰ ਆਪਣੇ ਤੋਂ ਕਮਜ਼ੋਰ ਸਮਝ ਕੇ ਉਸ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਉਂਦਾ ਰਹੇਗਾ ਤਾਂ ਸਮਾਜ ਵਿਚ ਔਰਤਾਂ ਪ੍ਰਤੀ ਜੁਰਮ ਵਧਦੇ ਰਹਿਣਗੇ। ਪਰਿਵਾਰ, ਮੁਹੱਲੇ, ਪਿੰਡ ਜਾਂ ਸ਼ਹਿਰ ਤੋਂ ਹੀ ਸਮਾਜ ਬਣਦਾ ਹੈ। ਆਓ ਫਿਰ ਆਪਣੇ ਪਰਿਵਾਰਾਂ ਤੋਂ ਹੀ ਪੁੱਤਾਂ ਨੂੰ ਚੰਗੇ ਗੁਣ ਸਿਖਾ ਕੇ, ਰਿਸ਼ਤਿਆਂ ਦੀ ਅਹਿਮੀਅਤ ਦਾ ਪਾਠ ਪੜ੍ਹਾ ਕੇ, ਲੜਕੀਆਂ/ਔਰਤਾਂ ਦੀ ਇੱਜ਼ਤ ਕਰਨ ਦੀ ਭਾਵਨਾ ਉਨ੍ਹਾਂ ਦੇ ਮਨਾਂ ਅੰਦਰ ਭਰ ਕੇ ਸਮਾਜ ਦੀ ਤਸਵੀਰ ਬਦਲੀਏ ਤਾਂ ਜੋ ਲੜਕੀਆਂ ਵੀ ਆਪਣੇ-ਆਪ ਨੂੰ ਸੁਰੱਖਿਅਤ ਸਮਝਣ ਤੇ ਕਿਸੇ ਵੀ ਸਮੇਂ ਆਪਣੇ ਘਰੋਂ ਕੰਮ-ਕਾਜ ਲਈ ਬਾਹਰ ਜਾਣ ਸਮੇਂ ਡਰ ਜਾਂ ਅਸੁਰੱਖਿਆ ਦੀ ਭਾਵਨਾ ਮਹਿਸੂਸ ਨਾ ਕਰਨ। ਆਪਣੇ ਪੁੱਤਰ ਨੂੰ ਨਸ਼ਿਆਂ ਦੀ ਲਤ ਤੋਂ ਬਚਾਉਣ ਲਈ ਮਾਪਿਆਂ ਨੂੰ ਉਨ੍ਹਾਂ ਨੂੰ ਸਮਾਂ ਦੇਣਾ ਚਾਹੀਦਾ ਹੈ, ਉਨ੍ਹਾਂ ਦੀ ਮੁਸ਼ਕਿਲ ਸੁਣਨੀ ਚਾਹੀਦੀ ਹੈ ਤੇ ਭਾਵਨਾਤਮਕ ਤੌਰ 'ਤੇ ਆਪਣੇ ਪੁੱਤਰਾਂ ਨੂੰ ਮਜ਼ਬੂਤ ਬਣਾ ਕੇ ਉਨ੍ਹਾਂ ਨੂੰ ਚੰਗੇ ਨਾਗਰਿਕ ਬਣਾਉਣ ਵਿਚ ਪਹਿਲਕਦਮੀ ਕਰਨੀ ਜ਼ਰੂਰੀ ਹੈ। ਕੈਰੀਅਰ ਦੀ ਚੋਣ ਵਿਚ ਵੀ ਉਨ੍ਹਾਂ ਦੀ ਮਦਦ ਕਰਕੇ ਉਨ੍ਹਾਂ ਦੀ ਯੋਗ ਅਗਵਾਈ ਕਰਨੀ ਚਾਹੀਦੀ ਹੈ। ਪਿਆਰ, ਸਨੇਹ ਅਤੇ ਮੋਹ ਦੇ ਨਾਲ-ਨਾਲ ਇਨਸਾਨੀਅਤ ਤੇ ਚੰਗੀਆਂ ਆਦਤਾਂ ਦਾ ਪਾਠ ਪੜ੍ਹਾਉਣਾ ਵੀ ਲਾਜ਼ਮੀ ਹੈ। ਆਓ, ਆਪਣੇ ਪੁੱਤਰਾਂ ਲਈ ਸਿਰਫ ਬੈਂਕ ਬੈਲੇਂਸ ਜਾਂ ਜਾਇਦਾਦ ਹੀ ਨਾ ਛੱਡ ਕੇ ਜਾਈਏ, ਸਗੋਂ ਚੰਗੇ ਸੰਸਕਾਰ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਅਤੇ ਉਨ੍ਹਾਂ ਨੂੰ ਉੱਤਮ ਨਾਗਰਿਕ ਵੀ ਬਣਾ ਕੇ ਜਾਈਏ, ਤਾਂ ਜੋ ਔਰਤ-ਮਰਦ ਦੀ ਬਰਾਬਰੀ ਦਾ ਯੁੱਗ ਆ ਸਕੇ।

**ਮਾਂ-ਪਿਓ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਇਕ ਚੰਗਾ ਇਨਸਾਨ ਬਣਾਉਣ ਲਈ ਆਪਣੀਆਂ ਹਮਉਮਰ ਜਾਂ ਵੱਡੀਆਂ-ਛੋਟੀਆਂ ਲੜਕੀਆਂ ਨਾਲ ਇੱਜ਼ਤ ਭਰਪੂਰ ਵਿਹਾਰ ਕਰਨ ਦੀ ਸਿੱਖਿਆ ਦੇਣ। ਧੀਆਂ ਉੱਪਰ ਤਾਂ ਅਸੀਂ ਕਈ ਤਰ੍ਹਾਂ ਦੇ ਸਮਾਜਿਕ ਤੇ ਸੱਭਿਆਚਾਰਕ ਪਹਿਰੇ ਲਾ ਕੇ ਉਨ੍ਹਾਂ ਅੰਦਰ ਗੁਲਾਮੀਅਤ ਦੀ ਭਾਵਨਾ ਭਰ ਦਿੰਦੇ ਹਾਂ ਪਰ ਕੀ ਸਾਨੂੰ ਪੁੱਤਰਾਂ ਅੰਦਰ ਵੀ ਲੜਕੀਆਂ ਜਾਂ ਔਰਤਾਂ ਪ੍ਰਤੀ ਚੰਗਾ ਵਿਹਾਰ ਕਰਨ ਦੀ ਆਦਤ ਪਾਉਣ ਦੀ ਭਾਵਨਾ ਭਰਨੀ ਚਾਹੀਦੀ ਹੈ ?**

# ਜ਼ਿੰਦਗੀ ਪ੍ਰਤੀ ਨਜ਼ਰੀਆ ਬਦਲੋ

ਕੈਲਾਸ਼ ਚੰਦਰ ਸ਼ਰਮਾ



ਜ਼ਿੰਦਗੀ ਫੁੱਲਾਂ ਦੀ ਸੇਜ ਵੀ ਹੈ ਤੇ ਕੰਡਿਆਲਾ ਸਫ਼ਰ ਵੀ। ਖ਼ੁਸ਼ੀਆਂ, ਉਮੰਗਾਂ, ਮਾਯੂਸੀਆਂ, ਮੁਸ਼ੱਕਤਾਂ ਆਦਿ ਕਿੰਨਾ ਕੁਝ ਜੁੜਿਆ ਹੈ ਇਸ ਨਾਲ। ਜ਼ਿੰਦਗੀ ਇੱਕ ਅਨੋਖੀ ਕਿਤਾਬ ਹੈ ਜਿਸ ਦੇ ਪੰਨਿਆਂ ਦਾ ਕਿਸੇ ਨੂੰ ਵੀ ਕੋਈ ਪਤਾ ਨਹੀਂ। ਕਦੋਂ ਕਿਵੇਂ, ਕਿੱਥੇ, ਕੌਣ ਮਿਲ ਜਾਵੇ ਜਾਂ ਵਿਛੜ ਜਾਵੇ, ਕਿਸੇ ਨੂੰ ਕੁਝ ਨਹੀਂ ਪਤਾ। ਹਰ ਰੋਜ਼ ਇੱਕ ਨਵਾਂ ਪੰਨਾ ਮਿਲਦਾ ਹੈ, ਪਰ ਕਿਸੇ ਨੂੰ ਵੀ ਕੋਈ ਯਕੀਨ ਨਹੀਂ ਹੁੰਦਾ ਕਿ ਪੰਨਾ ਪੂਰਾ ਭਰਿਆ ਵੀ ਜਾਵੇਗਾ ਜਾਂ ਅਧੂਰਾ ਰਹਿ ਜਾਵੇਗਾ। ਪਰ ਜਦੋਂ ਗੰਢ ਖੁੱਲ੍ਹਦੀ ਹੈ ਤਾਂ ਕਈਆਂ ਨੂੰ ਜਿੱਤ ਤੇ ਕਈਆਂ ਨੂੰ ਹਾਰ ਮਿਲਦੀ ਹੈ। ਸ਼ਾਇਦ, ਇਹੋ ਹੀ ਹੈ ਜ਼ਿੰਦਗੀ ਦਾ ਅਜੀਬੋ-ਗਰੀਬ ਸੰਸਾਰ। ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣਾ, ਹਰ ਵਿਅਕਤੀ ਦੀ ਇੱਛਾ ਹੁੰਦੀ ਹੈ ਤੇ ਇਸ ਨੂੰ ਪ੍ਰਾਪਤ ਕਰਨ ਲਈ ਉਹ ਮਿਹਨਤ ਵੀ ਕਰਦਾ ਹੈ। ਕਈ ਵਾਰ ਮੁੜ-ਮੁੜ ਯਤਨ ਕਰਨ 'ਤੇ ਵੀ ਹਰ ਵਾਰ ਬਾਜ਼ੀ ਪੁੱਠੀ ਹੀ ਪੈਂਦੀ ਹੈ ਅਤੇ ਵਿਅਕਤੀ ਦੇ ਪੱਲੇ ਪੈ ਜਾਂਦੇ ਹਨ ਕੇਵਲ ਗਮਾਂ ਦੇ ਢੇਰ। ਅਜਿਹੇ ਮੌਕੇ ਵਿਅਕਤੀ ਡੂੰਘੀ ਨਿਰਾਸ਼ਾ ਦੇ ਆਲਮ 'ਚ ਚਲਾ ਜਾਂਦਾ ਹੈ। ਅਜਿਹੇ ਮੌਕੇ ਵਿਅਕਤੀ ਨੂੰ ਆਪਣੀ ਅਕਲ ਦੇ ਸਾਰੇ ਬੰਦ ਦਰਵਾਜ਼ੇ ਖੋਲ੍ਹ ਕੇ ਮੁਸੀਬਤਾਂ ਦਾ ਦ੍ਰਿੜ੍ਹ ਇਰਾਦੇ ਤੇ ਹਿੰਮਤ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ ਨਾ ਕਿ ਸਿਰ ਸੁੱਟ ਕੇ ਉਨ੍ਹਾਂ ਨੂੰ ਸਹਿਣ ਕੀਤਾ ਜਾਵੇ। ਵਿਅਕਤੀ ਨੂੰ ਸਮਝਣਾ ਚਾਹੀਦਾ ਹੈ ਕਿ ਜ਼ਿੰਦਗੀ ਤਕਲੀਫ਼ਾਂ ਦਾ ਸਾਹਮਣਾ ਕਰਨ ਲਈ ਹੈ ਨਾ ਕਿ ਸਿਰ ਸੁੱਟ ਕੇ ਬੈਠਣ ਲਈ। ਹਾਲਾਤ ਕੋਲੋਂ ਨੱਸਿਆਂ ਗੱਲ ਨਹੀਂ ਬਣਦੀ, ਉਨ੍ਹਾਂ ਦਾ ਮੁਕਾਬਲਾ ਕਰਨ ਵਾਲਾ ਹੀ ਬਹਾਦਰ ਦਿਲ ਹੁੰਦਾ ਹੈ। ਕਦੇ ਵੀ ਆਸਾਨ ਜ਼ਿੰਦਗੀ ਦੀ ਇੱਛਾ ਨਾ ਕਰੋ, ਬਲਕਿ ਪ੍ਰਾਰਥਨਾ ਕਰੋ ਕਿ ਤੁਹਾਨੂੰ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਨ ਦੀ ਤਾਕਤ ਮਿਲੇ। ਅਸਫਲਤਾ ਦੇ ਸਮੇਂ ਵਿਅਕਤੀ ਨੂੰ ਅੰਤਰਝਾਤ ਮਾਰਨੀ ਚਾਹੀਦੀ ਹੈ ਤੇ ਅਸਫਲਤਾ ਦੇ ਕਾਰਨ ਪਤਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਕਸਰ ਇਹ ਵੇਖਿਆ ਗਿਆ ਹੈ ਕਿ ਅਸਫਲਤਾ ਲਈ ਸਿਰਫ਼ ਸਾਡੀ ਮਿਹਨਤ ਵਿੱਚ ਰਹਿ ਗਈਆਂ ਤਰੁੱਟੀਆਂ ਹੀ ਜ਼ਿੰਮੇਵਾਰ ਹਨ। ਅਸਫਲਤਾਵਾਂ ਦੀਆਂ ਠੋਕਰਾਂ ਤੋਂ ਨਿਰਾਸ਼ ਹੋ ਕੇ ਕਿਸਮਤ ਨੂੰ ਕੋਸਦੇ ਰਹਿਣ ਵਾਲੇ ਅਤੇ ਜ਼ਿੰਦਗੀ ਦੀਆਂ ਔਕੜਾਂ ਅੱਗੇ ਹਥਿਆਰ ਸੁੱਟਣ ਵਾਲੇ ਲੋਕ ਜ਼ਿੰਦਗੀ ਵਿੱਚ ਪਛੜ ਜਾਂਦੇ ਹਨ। ਅਜਿਹੇ ਲੋਕ ਸਭ ਕੁਝ ਕਿਸਮਤ 'ਤੇ ਹੀ ਛੱਡ ਦਿੰਦੇ ਹਨ। ਯਾਦ ਰੱਖੋ, ਕਿਸਮਤ ਤਾਂ ਕਮਜ਼ੋਰ ਵਿਅਕਤੀਆਂ ਦਾ ਹਥਿਆਰ ਹੈ ਆਪਣੀਆਂ ਕਮਜ਼ੋਰੀਆਂ 'ਤੇ ਪਰਦਾ ਪਾਉਣ ਲਈ।



ਸਮੱਸਿਆਵਾਂ ਨਾਲ ਸੰਘਰਸ਼ ਕੀਤੇ ਬਿਨਾਂ ਕੋਈ ਵੀ ਵਿਅਕਤੀ ਤਾਕਤਵਰ ਨਹੀਂ ਬਣ ਸਕਦਾ ਕਿਉਂਕਿ ਸੰਘਰਸ਼ ਬਲ ਬਖ਼ਸ਼ਦਾ ਹੈ, ਜਿਸ ਨਾਲ ਅਸੀਂ ਔਕੜਾਂ 'ਤੇ ਕਾਬੂ ਪਾ ਸਕਦੇ ਹਾਂ। ਮੁਸੀਬਤਾਂ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹਨ। ਜੋ ਵਿਅਕਤੀ ਇਸ ਗੱਲ ਨੂੰ ਸਮਝ ਲੈਂਦੇ ਹਨ, ਉਹ ਇਨ੍ਹਾਂ ਤੋਂ ਘਬਰਾਉਂਦੇ ਨਹੀਂ ਤੇ ਆਸਾਨੀ ਨਾਲ ਇਨ੍ਹਾਂ ਨੂੰ ਪਾਰ ਕਰ ਲੈਂਦੇ ਹਨ। ਜੇਕਰ ਇੱਕ ਵਾਰ ਜੀਵਨ ਨੂੰ ਨਿਰਾਸ਼ਤਾ ਦਾ ਘੁਣ ਲੱਗ ਜਾਵੇ ਤਾਂ ਜੀਵਨ ਦਾ ਨਕਸ਼ਾ ਹੀ ਬਦਲ ਜਾਂਦਾ ਹੈ। ਨਿਰਾਸ਼ਾ ਜੀਵਨ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਹਾਂ-ਪੱਖੀ ਸੋਚ ਰੱਖੋ ਅਤੇ ਸਾਕਾਰਤਾਮਕ ਲੋਕਾਂ ਨਾਲ ਸਮਾਂ ਬਿਤਾਓ। ਇਸ ਤਰ੍ਹਾਂ ਆਪ ਦੇ ਅੰਦਰ ਊਰਜਾ ਦਾ ਪ੍ਰਵਾਹ ਅਧਿਕ ਹੋਵੇਗਾ ਤੇ ਹਿੰਮਤ ਹੋਰ ਵਧੇਗੀ। ਇਕੱਲੇ ਬੈਠ ਕੇ ਬੀਤੀ ਜ਼ਿੰਦਗੀ ਦੀਆਂ ਯਾਦਾਂ ਦੇ ਝਰੋਖੇ ਨੂੰ ਫਰੋਲੋ। ਆਪਣੇ-ਆਪ ਤੁਹਾਡੀਆਂ ਅਨੇਕਾਂ ਸਫਲਤਾਵਾਂ ਜੋ ਤੁਸੀਂ ਬਿਨਾਂ ਕਿਸੇ ਦੇ ਸਹਾਰੇ ਤੋਂ ਕੇਵਲ ਆਪਣੀ ਮਿਹਨਤ ਦੇ ਸਦਕਾ ਹੀ ਪ੍ਰਾਪਤ ਕੀਤੀਆਂ ਹਨ, ਤੁਹਾਡੇ ਮਨ-ਮਸਤਕ ਨੂੰ ਖ਼ੁਸ਼ੀਆਂ ਨਾਲ ਭਰ ਦੇਣਗੀਆਂ, ਜਿਨ੍ਹਾਂ ਸਾਹਮਣੇ ਤੁਹਾਡੀਆਂ ਇਹ ਤੁੱਛ ਅਸਫਲਤਾਵਾਂ ਬੌਣੀਆਂ ਦਿੱਸਣਗੀਆਂ। ਕਦੇ ਵੀ ਚੰਗੇ ਦਿਨਾਂ ਦੀ ਉਮੀਦ ਨਾ ਛੱਡੋ। ਤੁਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ ਕਿ ਆਉਣ ਵਾਲਾ ਕੱਲ੍ਹ ਤੁਹਾਡੇ ਲਈ ਕੀ ਕੁਝ ਲੈ ਕੇ ਆ ਸਕਦਾ ਹੈ। ਮੁਸੀਬਤ ਸਾਰਿਆਂ 'ਤੇ ਆਉਂਦੀ ਹੈ, ਕੋਈ ਬਿਖਰ ਜਾਂਦਾ ਹੈ ਤੇ ਕੋਈ ਆਪਣੇ ਬੁਲੰਦ ਇਰਾਦੇ ਨਾਲ ਇਨ੍ਹਾਂ ਦਾ ਮੁਕਾਬਲਾ ਕਰਕੇ ਨਿਕਲ ਜਾਂਦਾ ਹੈ। ਕਾਮਯਾਬੀ ਤਕ ਜਾਣ ਵਾਲੇ ਰਸਤੇ ਸਿੱਧੇ ਨਹੀਂ ਹੁੰਦੇ, ਪਰ ਕਾਮਯਾਬੀ ਮਿਲਣ ਤੋਂ ਬਾਅਦ ਸਾਰੇ ਰਸਤੇ ਸਿੱਧੇ ਹੋ ਜਾਂਦੇ ਹਨ। ਜ਼ਿੰਦਗੀ ਇੱਕ ਬਾਕਸਿੰਗ ਦੀ ਖੇਡ ਵਰਗੀ ਹੈ ਜਿਸ ਵਿੱਚ ਖਿਡਾਰੀ ਡਿੱਗ ਵੀ ਪਵੇ ਤਾਂ ਉਸ ਦੀ ਹਾਰ ਦਾ ਐਲਾਨ ਨਹੀਂ ਹੁੰਦਾ। ਹਾਰ ਕੇਵਲ ਉਦੋਂ ਕਹੀ ਜਾਂਦੀ ਹੈ ਜਦੋਂ ਵਿਅਕਤੀ ਉੱਠਣ ਤੋਂ ਇਨਕਾਰ ਕਰ ਦਿੰਦਾ ਹੈ। ਇਸ ਲਈ ਜੇਕਰ ਵਾਰ-ਵਾਰ ਡਿੱਗ ਪਵੋ ਤਾਂ ਵੀ ਉੱਠਣ ਦੀ ਕੋਸ਼ਿਸ਼ ਕਰੋ, ਸਫਲਤਾਵਾਂ ਆਪਣੇ-ਆਪ ਹੀ ਤੁਹਾਡੇ ਰਾਹ ਖਾਲੀ ਕਰ ਜਾਣਗੀਆਂ। ਜ਼ਿੰਦਗੀ ਭਰ ਦੋ ਚਿਹਰੇ ਕਦੇ ਨਾ ਭੁੱਲੋ, ਇੱਕ ਉਹ ਜੋ ਮੁਸ਼ਕਲ ਹਾਲਤ ਵਿੱਚ ਸਾਥ ਦੇਵੇ ਤੇ ਦੂਸਰਾ ਉਹ ਜੋ ਮੁਸ਼ਕਲ ਹਾਲਾਤ ਵਿੱਚ ਸਾਥ ਛੱਡ ਦੇਵੇ। ਸਾਰੇ ਰਿਸ਼ਤੇ ਵਿਸ਼ਵਾਸ ਤੇ ਆਪਸੀ ਪ੍ਰੇਮ ਭਾਵ 'ਤੇ ਨਿਰਭਰ ਕਰਦੇ ਹਨ। ਜਦੋਂ ਜ਼ਿੰਦਗੀ ਵਿੱਚ ਵਿਸ਼ਵਾਸ ਨਾਲੋਂ ਸ਼ੱਕ ਜ਼ਿਆਦਾ ਹੋ ਜਾਵੇ ਤਾਂ ਉਸ ਸਮੇਂ ਜ਼ਿੰਦਗੀ ਬਹੁਤ ਮਾੜੀ ਹੁੰਦੀ ਹੈ। ਇਸ ਲਈ ਸ਼ੱਕ ਹੋਣ ਦੇ ਬਾਵਜੂਦ ਵਿਸ਼ਵਾਸ ਕਰਨਾ ਸਿੱਖ ਲਓ, ਜ਼ਿੰਦਗੀ ਬਹੁਤ ਚੰਗੀ ਹੋ ਜਾਵੇਗੀ। ਕਿਸੇ ਦੀਆਂ ਸੁਣੀਆਂ-ਸੁਣਾਈਆਂ ਗੱਲਾਂ 'ਤੇ ਇੰਨੀ ਜਲਦੀ ਵਿਸ਼ਵਾਸ ਨਾ ਕਰੋ ਭਾਵੇਂ ਉਹ ਤੁਹਾਡੇ ਵਿਰੁੱਧ ਹੀ ਕਿਉਂ ਨਾ ਹੋਣ ਕਿਉਂਕਿ ਝੂਠ, ਸਚਾਈ ਨਾਲੋਂ ਜ਼ਿਆਦਾ ਤੇਜ਼ੀ ਨਾਲ ਫੈਲਦਾ ਹੈ। ਜ਼ਿੰਦਗੀ ਉਨ੍ਹਾਂ ਲਈ ਵਧੀਆ ਹੈ, ਜਿਹੜੇ ਇਸ ਦਾ ਆਨੰਦ ਮਾਣ ਰਹੇ ਹਨ। ਉਨ੍ਹਾਂ ਲਈ ਮੁਸ਼ਕਲ ਹੈ ਜੋ ਇਸ ਦਾ ਵਿਸ਼ਲੇਸ਼ਣ ਕਰ ਰਹੇ ਹਨ ਅਤੇ ਉਨ੍ਹਾਂ ਲਈ ਬਹੁਤ ਬੁਰੀ ਹੈ, ਜਿਹੜੇ ਇਸ ਦੀ ਆਲੋਚਨਾ ਹੀ ਕਰਦੇ ਰਹਿੰਦੇ ਹਨ। ਇਸ ਲਈ ਜ਼ਿੰਦਗੀ ਪ੍ਰਤੀ ਆਪਣਾ ਨਜ਼ਰੀਆ ਬਦਲੋ। ਜ਼ਿੰਦਗੀ ਦਾ ਮਜ਼ਾ ਲੈਣ ਲਈ ਹਮੇਸ਼ਾਂ ਵਰਤਮਾਨ ਵਿੱਚ ਰਹਿੰਦੇ ਹੋਏ, ਮਿਲੀਆਂ ਖ਼ੁਸ਼ੀਆਂ ਦੀ ਖ਼ੁਸ਼ਬੂ ਲੈਂਦੇ

# ਪਤੀ-ਪਤਨੀ ਮਿਲ ਕੇ ਘਰ ਨੂੰ ਬਣਾ ਸਕਦੇ ਹਨ ਖ਼ੁਸ਼ਹਾਲ

ਕਰਮਜੀਤ ਕੌਰ ਸੋਹੀ

ਪਤੀ-ਪਤਨੀ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਆਂ ਦਾ ਕੰਮ ਕਰਦੇ ਹਨ। ਜਿੰਨੀ ਦੇਰ ਇਨ੍ਹਾਂ ਦੋਵਾਂ ਪਹੀਆਂ ਦਾ ਤਾਲਮੇਲ ਰਹਿੰਦਾ ਹੈ, ਜ਼ਿੰਦਗੀ ਦੀ ਗੱਡੀ ਸਹੀ ਤਰੀਕੇ ਨਾਲ ਚਲਦੀ ਹੈ। ਜਦੋਂ ਇਨ੍ਹਾਂ ਪਹੀਆਂ ਦਾ ਤਾਲਮੇਲ ਖਰਾਬ ਹੋ ਗਿਆ ਤਾਂ ਗੱਡੀ ਸਹੀ ਤਰੀਕੇ ਨਾਲ ਨਹੀਂ ਚੱਲ ਸਕਦੀ। ਦੋਵਾਂ ਜੀਆਂ ਦਾ ਆਪਸੀ ਪਿਆਰ ਹੋਣਾ ਬਹੁਤ ਜ਼ਰੂਰੀ ਹੈ। ਇਕ-ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣਾ ਤੇ ਇਕ-ਦੂਜੇ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਇਕ-ਦੂਜੇ ਦਾ ਸਾਥ ਦੇਣਾ ਹੀ ਜ਼ਿੰਦਗੀ ਦਾ ਮੂਲ ਆਧਾਰ ਹੈ।

ਹਰ ਇਕ ਲੜਕੇ/ਲੜਕੀ ਦਾ ਵਿਆਹ ਤੋਂ ਪਹਿਲਾਂ ਇਕ ਸੁਪਨਾ ਹੁੰਦਾ ਹੈ ਕਿ ਜੋ ਉਸ ਦਾ ਹਮਸਫ਼ਰ ਹੋਵੇਗਾ, ਉਹ ਉਸ ਨੂੰ ਬਹੁਤ ਪਿਆਰ ਕਰੇਗਾ। ਹਰ ਦੁੱਖ-ਸੁੱਖ, ਚੰਗੇ-ਮਾੜੇ, ਅਮੀਰੀ-ਗ਼ਰੀਬੀ ਵਿਚ ਸਾਥ ਦੇਵੇਗਾ। ਉਸ ਦੀ ਹਰ ਗੱਲ ਉੱਤੇ ਫੁੱਲ ਚੜ੍ਹਾਏਗਾ। ਪਰ ਜਦੋਂ ਸੁਪਨੇ ਪੂਰੇ ਨਹੀਂ ਹੁੰਦੇ ਤਾਂ ਮਨ ਟੁੱਟ ਜਾਂਦਾ ਹੈ। ਜ਼ਿਆਦਾਤਰ ਲੜਕੀ ਲਈ ਬਹੁਤ ਮੁਸ਼ਕਿਲ ਹੁੰਦਾ ਹੈ, ਕਿਉਂਕਿ ਉਹ ਆਪਣਾ ਪਰਿਵਾਰ ਛੱਡ ਕੇ ਇਕ ਨਵੇਂ ਪਰਿਵਾਰ ਵਿਚ ਜਾਂਦੀ ਹੈ। ਉਸ ਲਈ ਉਥੇ ਸਭ ਕੁਝ ਨਵਾਂ ਹੁੰਦਾ, ਨਵੇਂ ਰਿਸ਼ਤੇ ਹੁੰਦੇ ਹਨ, ਜਿਨ੍ਹਾਂ ਦੇ ਸੁਭਾਅ ਬਾਰੇ ਉਹ ਰਤਾ ਵੀ ਨਹੀਂ ਜਾਣਦੀ। ਇਥੇ ਪਤੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਪਤਨੀ ਦਾ ਸਾਥ ਦੇਵੇ, ਆਪਣੇ ਪਰਿਵਾਰ ਬਾਰੇ ਦੱਸੇ ਤਾਂ ਕਿ ਉਸ ਨੂੰ ਪਰਿਵਾਰ ਵਿਚ ਵਿਚਰਨ ਵਿਚ ਸੌਖ ਹੋਵੇ। ਪਰਿਵਾਰ ਦਾ ਵੀ ਫਰਜ਼ ਬਣਦਾ ਹੈ ਕਿ ਉਸ ਨੂੰ ਆਪਣਾ ਸਮਝੇ, ਨਾ ਕਿ ਪਰਾਈ। ਪਰ ਜਦੋਂ ਲੜਕੇ-ਲੜਕੀ ਦੇ ਦੇਖੇ ਹੋਏ ਸੁਪਨੇ ਪੂਰੇ ਨਹੀਂ ਹੁੰਦੇ ਤਾਂ ਉਨ੍ਹਾਂ ਸੁਪਨਿਆਂ ਨਾਲ ਸਮਝੌਤਾ ਕਰਨਾ ਹੀ ਅਕਲਮੰਦੀ ਹੈ। ਜੇਕਰ ਅਸੀਂ ਲੜਦੇ ਰਹਾਂਗੇ ਤਾਂ ਸੁਖੀ ਜੀਵਨ ਨਹੀਂ ਬਿਤਾਅ ਸਕਾਂਗੇ। ਪਤੀ-ਪਤਨੀ ਦੋਵਾਂ ਦਾ ਮਨ ਇਕ ਹੋ ਜਾਣਾ ਚਾਹੀਦਾ ਹੈ। ਇਕ-ਦੂਜੇ ਲਈ ਤਿਆਗ ਦੀ ਭਾਵਨਾ ਰੱਖਣੀ ਚਾਹੀਦੀ ਹੈ।



ਦੋਵਾਂ ਨੂੰ ਚਾਹੀਦਾ ਹੈ ਕਿ ਉਹ ਇਕ-ਦੂਜੇ ਦੀ ਪਸੰਦ ਦਾ ਧਿਆਨ ਰੱਖਣ। ਆਪਣੇ ਦੋਸਤਾਂ ਤੇ ਸਹੇਲੀਆਂ ਦੇ ਸਾਹਮਣੇ ਇਕ-ਦੂਜੇ ਦੀਆਂ ਕਮੀਆਂ ਜ਼ਾਹਿਰ ਨਹੀਂ ਕਰਨੀਆਂ ਚਾਹੀਦੀਆਂ। ਇਕ-ਦੂਜੇ ਦੇ ਜਨਮ ਦਿਨ ਜਾਂ ਵਿਆਹ ਦੀ ਵਰ੍ਹੇਗੰਢ 'ਤੇ ਛੋਟੇ-ਮੋਟੇ ਤੋਹਫ਼ੇ ਦੇ ਕੇ ਇਕ-ਦੂਜੇ ਨੂੰ ਖ਼ੁਸ਼ ਰੱਖਣਾ ਚਾਹੀਦਾ ਹੈ। ਦੋਵਾਂ ਨੂੰ ਇਕ-ਦੂਜੇ ਦੀਆਂ ਛੋਟੀਆਂ-ਛੋਟੀਆਂ ਖਾਹਿਸ਼ਾਂ ਨੂੰ ਪੂਰਾ ਕਰਦੇ ਰਹਿਣਾ ਚਾਹੀਦਾ ਹੈ। ਛੋਟੇ-ਛੋਟੇ ਘਰੇਲੂ ਬਜਟ ਪਤਨੀ ਨੂੰ ਖੁਦ ਹੀ ਬਣਾਉਣੇ ਚਾਹੀਦੇ ਹਨ। ਪਤੀ ਦੀ ਆਮਦਨ ਦੇ ਅਨੁਸਾਰ ਹੀ ਗੁਜ਼ਾਰਾ ਕਰਨ ਦੀ ਕੋਸ਼ਿਸ਼ ਕਰੋ। ਜੇਕਰ ਤੁਹਾਡੇ ਵਿਚ ਕੋਈ ਕਲਾ ਹੈ ਜਿਵੇਂ ਸਿਲਾਈ-ਬੁਣਾਈ, ਟਿਊਸ਼ਨ ਆਦਿ ਤਾਂ ਉਸ ਦਾ ਫਾਇਦਾ ਉਠਾ ਕੇ ਪਤੀ ਦੀ ਆਮਦਨ ਵਿਚ ਹੱਥ ਵਟਾਉਣਾ ਚਾਹੀਦਾ ਹੈ ਤੇ ਇਕ ਚੰਗੀ ਗ੍ਰਹਿਣੀ ਹੋਣ ਦਾ ਸਬੂਤ ਦੇਵੋ। ਜੇਕਰ ਦੋਵੇਂ ਨੌਕਰੀ ਪੇਸ਼ੇ ਵਾਲੇ ਹਨ ਤਾਂ ਦੋਵਾਂ ਨੂੰ ਘਰ ਦਾ ਕੰਮ ਵੰਡ ਕੇ ਕਰਨਾ ਚਾਹੀਦਾ ਹੈ, ਤਾਂ ਜੋ ਦੋਵੇਂ ਸਮੇਂ ਸਿਰ ਆਪਣੇ ਕੰਮ 'ਤੇ ਪਹੁੰਚ ਸਕਣ। ਘਰ ਦਾ ਕੰਮ ਕਰਾਉਣਾ ਕੋਈ ਸ਼ਰਮ ਵਾਲੀ ਗੱਲ ਨਹੀਂ। ਛੋਟੇ-ਮੋਟੇ ਕੰਮ ਕਰਾਉਣ ਨਾਲ ਪਤਨੀ ਦੀ ਕਾਫੀ ਮਦਦ ਹੋ ਜਾਂਦੀ ਹੈ ਤੇ ਇਕ-ਦੂਜੇ ਦਾ ਸਾਥ ਵੀ ਬਣਿਆ ਰਹਿੰਦਾ ਹੈ। ਛੇਤੀ ਕੰਮ ਖ਼ਤਮ ਕਰਕੇ ਦੋਵਾਂ ਕੋਲ ਇਕੱਠੇ ਬੈਠਣ ਦਾ ਸਮਾਂ ਵੀ ਮਿਲ ਜਾਂਦਾ ਹੈ।
ਘਰ ਵਿਚ ਪਤਨੀ ਨੂੰ ਬਰਾਬਰ ਦਾ ਦਰਜਾ ਦਿਓ। ਬੱਚਿਆਂ ਦੇ ਸਾਹਮਣੇ ਜਾਂ ਘਰ ਦੇ ਹੋਰ ਮੈਂਬਰਾਂ ਦੇ ਸਾਹਮਣੇ ਇਕ-ਦੂਜੇ ਨੂੰ ਕਦੇ ਨਾ ਝਿੜਕੋ। ਕੋਸ਼ਿਸ਼ ਹੋਵੇ ਕਿ ਇਕ-ਦੂਜੇ ਨੂੰ ਪਿਆਰ ਨਾਲ ਸਮਝਾਇਆ ਜਾਵੇ। ਦੋਵਾਂ ਨੂੰ ਇਕ-ਦੂਜੇ ਦੇ ਪਰਿਵਾਰਾਂ ਦਾ ਆਦਰ-ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਸਮਝਦਾਰੀ ਨਾਲ ਜ਼ਿੰਦਗੀ ਬਿਤਾਉਂਦੇ ਹੋ ਤਾਂ ਦੇਖਣ ਵਾਲਿਆਂ ਲਈ ਇਕ ਮਿਸਾਲ ਕਾਇਮ ਕਰ ਸਕਦੇ ਹੋ ਤੇ ਜ਼ਿੰਦਗੀ ਜਿਊਣ ਦਾ ਮਜ਼ਾ ਹੀ ਕੁਝ ਹੋਰ ਹੋਵੇਗਾ।

ਕੌਮੀ ਪੱਤ੍ਰਿਕਾ

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਸਿੱਖ ਸੰਗਤ ਨਾਲ ਸ੍ਰੀਨਗਰ ਵਿਖੇ ਕੀਰਤਨ ਦਰਬਾਰ ਵਿੱਚ ਸ਼ਿਰਕਤ ਕੀਤੀ

**➢ ਲੋਕਾਂ ਨੂੰ ਨੌਵੇਂ ਸਿੱਖ ਗੁਰੂ ਸਾਹਿਬ ਜੀ ਦੇ ਪਿਆਰ, ਧਰਮ ਨਿਰਪੱਖਤਾ, ਸਹਿਣਸ਼ੀਲਤਾ, ਧਾਰਮਿਕ ਆਜ਼ਾਦੀ ਅਤੇ ਸ਼ਾਂਤੀਪੂਰਨ ਸਹਿ-ਹੋਂਦ ਦੇ ਸੰਦੇਸ਼ ਦੀ ਪਾਲਣਾ ਕਰਨ ਦਾ ਸੱਦਾ ➢ ਅਸੀਂ ਭਾਗਾਂ ਵਾਲੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯਾਦਗਾਰੀ ਸਮਾਗਮ ਕਰਵਾਉਣ ਦੀ ਬਖਸ਼ਿਸ਼ ਹੋਈ : ਮੁੱਖ ਮੰਤਰੀ**

**ਸ੍ਰੀਨਗਰ (ਜੰਮੂ-ਕਸ਼ਮੀਰ), 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅੱਜ ਇੱਥੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ ਸਿੱਖ ਸੰਗਤ ਨਾਲ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਕਰਵਾਏ ਗਏ ਕੀਰਤਨ ਦਰਬਾਰ ਵਿੱਚ ਸ਼ਾਮਲ ਹੋਏ।

ਇਕੱਠ ਨੂੰ ਸੰਬੋਧਨ ਕਰਦਿਆਂ, ਆਪ ਦੇ ਰਾਸ਼ਟਰੀ ਕਨਵੀਨਰ ਨੇ ਲੋਕਾਂ ਨੂੰ ਗੁਰੂ ਜੀ ਦੇ ਪਿਆਰ, ਧਰਮ ਨਿਰਪੱਖਤਾ, ਸਹਿਣਸ਼ੀਲਤਾ, ਧਰਮ ਮੰਨਣ ਦੀ ਆਜ਼ਾਦੀ ਅਤੇ ਸ਼ਾਂਤੀਪੂਰਨ ਸਹਿ–ਹੋਂਦ ਦੇ ਵਿਸ਼ਵਵਿਆਪੀ ਸੰਦੇਸ਼ ਦੀ ਪਾਲਣਾ ਕਰਨ ਦਾ ਸੱਦਾ ਦਿੱਤਾ। ਇਸ ਨੂੰ ਮਨੁੱਖਤਾ ਅਤੇ ਧਾਰਮਿਕ ਆਜ਼ਾਦੀ ਲਈ ਗੁਰੂ ਸਾਹਿਬ ਦੇ ਸਰਵਉੱਚ ਬਲਿਦਾਨ ਦੇ ਸੰਦੇਸ਼ ਨੂੰ ਫੈਲਾਉਣ ਦਾ ਸਾਰਥਕ ਮੌਕਾ ਕਰਾਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਨੌਵੇਂ ਗੁਰੂ ਸਾਹਿਬ ਦਾ ਜੀਵਨ ਅਤੇ ਫਲਸਫ਼ਾ ਦੁਨੀਆ ਲਈ ਚਾਨਣ ਮੁਨਾਰਾ ਬਣਿਆ ਹੋਇਆ ਹੈ। ਅਰਵਿੰਦ ਕੇਜਰੀਵਾਲ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਮਹਾਨ ਸਮਾਗਮ ਨੂੰ ਸ਼ਰਧਾ ਤੇ ਸਤਿਕਾਰ ਨਾਲ ਮਨਾਉਣ ਲਈ ਵਿਸਥਾਰਤ ਪ੍ਰਬੰਧ ਕੀਤੇ ਹਨ।

ਆਪ ਦੇ ਰਾਸ਼ਟਰੀ ਕਨਵੀਨਰ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਮਨੁੱਖਤਾ ਦੇ ਧਾਰਮਿਕ ਹੱਕਾਂ ਦੀ ਰਾਖੀ ਲਈ ਅਦੁੱਤੀ ਸ਼ਹਾਦਤ ਦਿੱਤੀ ਤਾਂ ਜੋ ਦੁਨੀਆ ਲਈ ਮਿਸਾਲ ਕਾਇਮ ਕੀਤੀ ਜਾ ਸਕੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੇ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਦਿੱਲੀ ਵਿੱਚ ਬਲਿਦਾਨ ਦਿੱਤਾ, ਜੋ ਕਿ ਵਿਸ਼ਵ ਦੇ ਇਤਿਹਾਸ ਵਿੱਚ ਬੇਮਿਸਾਲ ਹੈ।

ਆਪ ਦੇ ਰਾਸ਼ਟਰੀ ਕਨਵੀਨਰ ਨੇ ਕਿਹਾ ਕਿ ਨੌਵੇਂ ਸਿੱਖ ਗੁਰੂ ਜੀ ਧਰਮ ਨਿਰਪੱਖਤਾ, ਏਕਤਾ ਅਤੇ ਵਿਸ਼ਵਵਿਆਪੀ ਭਾਈਚਾਰੇ ਦੇ ਸੱਚੇ ਪ੍ਰਤੀਕ ਸਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਅਤੇ ਦਰਸ਼ਨ ਸਾਰੀ ਮਨੁੱਖਤਾ ਲਈ ਮਾਰਗ ਦਰਸ਼ਨ ਕਰਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਗੁਰੂ ਸਾਹਿਬ ਦੇ ਮਹਾਨ ਜੀਵਨ, ਸ਼ਹਾਦਤ ਅਤੇ ਮਨੁੱਖਤਾ ਦੇ ਸਦੀਵੀ ਸੰਦੇਸ਼ ਬਾਰੇ ਜਾਗਰੂਕ ਕਰਨਾ ਹੈ ਜੋ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਪ੍ਰੇਰਿਤ ਕਰਦਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਆਪਣੀ ਆਵਾਜ਼ ਬੁਲੰਦ ਕੀਤੀ ਅਤੇ 1675 ਵਿੱਚ ਦਿੱਲੀ ਦੇ ਚਾਂਦਨੀ ਚੌਕ ਵਿਖੇ ਸ਼ਹੀਦ ਹੋ ਗਏ। ਆਪ ਦੇ ਰਾਸ਼ਟਰੀ ਕਨਵੀਨਰ ਨੇ ਕਿਹਾ ਕਿ ਕਸ਼ਮੀਰ ਦੇ ਪੰਡਿਤ, ਆਪਣੇ ਧਰਮ ਦੀ ਰੱਖਿਆ ਖਾਤਰ ਮਦਦ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ ਆਏ ਸਨ। ਉਨ੍ਹਾਂ ਕਿਹਾ ਕਿ ਉਸ ਮੌਕੇ ਦੇ ਹਾਕਮਾਂ ਵੱਲੋਂ ਕਈ ਪੇਸ਼ਕਸ਼ਾਂ ਦੇ ਬਾਵਜੂਦ ਗੁਰੂ ਜੀ ਨੇ ਜ਼ੁਲਮ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਅਤੇ ਧਰਮ ਦੀ ਆਜ਼ਾਦੀ ਦੀ ਰੱਖਿਆ ਲਈ



ਸ਼ਹਾਦਤ ਦਾ ਰਸਤਾ ਚੁਣਿਆ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦੁਨੀਆ ਭਰ ਵਿੱਚ ਪਹਿਲੇ ਸ਼ਹੀਦ ਵਜੋਂ ਯਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੀ ਖ਼ਾਤਰ ਜੀਵਨ ਕੁਰਬਾਨ ਕਰ ਦਿੱਤਾ।

ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਵਿਸ਼ਵ ਇਤਿਹਾਸ ਦੇ ਪੰਨੇ ਤਪੱਸਿਆ, ਸੰਜਮ, ਬਹਾਦਰੀ, ਕੁਰਬਾਨੀ ਅਤੇ ਸੇਵਾ ਦੇ ਕਿੱਸਿਆਂ ਨਾਲ ਭਰੇ ਹੋਏ ਹਨ, ਪਰ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਕਦਰਾਂ–ਕੀਮਤਾਂ ਦੀ ਰਾਖੀ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ ਨੇ ਮਨੁੱਖੀ ਇਤਿਹਾਸ ਵਿੱਚ ਇੱਕ ਨਵਾਂ ਅਤੇ ਲਾਮਿਸਾਲ ਅਧਿਆਇ ਲਿਖਿਆ ਹੈ। ਉਨ੍ਹਾਂ ਕਿਹਾ ਕਿ ਸ਼ਾਸਕਾਂ ਅਤੇ ਉਨ੍ਹਾਂ ਦੇ ਅੱਤਿਆਚਾਰ ਅੱਗੇ ਝੁਕਣ ਦੀ ਬਜਾਏ ਗੁਰੂ ਜੀ ਨੇ ਆਪਣੀ ਲਾਸਾਨੀ ਸ਼ਹਾਦਤ ਨਾਲ ਹਕੂਮਤ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਪਹਿਲਾਂ ਗੁਰੂ ਸਾਹਿਬ ਜੀ ਦੇ ਦਾਦਾ ਜੀ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਮਨੁੱਖਤਾ ਦੀ ਭਲਾਈ ਅਤੇ ਧਰਮ ਲਈ ਜੀਵਨ ਕੁਰਬਾਨ ਕਰ ਦਿੱਤਾ।

ਇਸ ਦੌਰਾਨ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਹੱਕ–ਸੱਚ ਤੇ ਧਰਮ ਦੀ ਰਾਖੀ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ ਨੇ ਭਾਰਤ ਦੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਸਿੱਖ ਧਰਮ ਵਿੱਚ ਅਟੁੱਟ ਸ਼ਰਧਾ ਤੇ ਵਿਸ਼ਵਾਸ ਰੱਖਣ ਵਾਲੇ ਪੰਡਿਤ ਕਿਰਪਾ ਰਾਮ ਜੀ ਨੂੰ ਸ਼ਰਧਾਂਜਲੀ ਅਤੇ ਡੂੰਘਾ ਸਤਿਕਾਰ ਭੇਟ ਕਰਦੇ ਹਾਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਡਿਤ ਕਿਰਪਾ ਰਾਮ ਜੀ ਸ੍ਰੀਨਗਰ ਤੋਂ ਲਗਭਗ 65 ਕਿਲੋਮੀਟਰ ਦੂਰ ਸਥਿਤ ਮੱਟਨ ਕਸਬੇ ਦੇ ਵਸਨੀਕ ਸਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਕਸ਼ਮੀਰੀ ਪੰਡਤਾਂ ਨੇ ਆਪਣੇ ਧਰਮ ਦੀ ਰਾਖੀ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਮਦਦ ਦੀ ਗੁਹਾਰ ਲਾਈ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਕਸ਼ਮੀਰੀ ਪੰਡਿਤ ਵੀ ਸ੍ਰੀਨਗਰ ਤੋਂ ਸਜਾਏ ਜਾ ਰਹੇ ਨਗਰ ਕੀਰਤਨ ਵਿੱਚ ਸ਼ਾਮਲ ਹੋਣਗੇ, ਜੋ ਕਿ ਭਾਈਚਾਰਕ ਸਾਂਝ ਅਤੇ ਆਪਸੀ ਸਦਭਾਵਨਾ ਦਾ ਖ਼ੂਬਸੂਰਤ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀਆਂ ਕੁਰਬਾਨੀਆਂ ਨਿੱਜੀ ਹਿੱਤ ਲਈ ਨਹੀਂ, ਸਗੋਂ ਸਮੁੱਚੀ ਮਾਨਵਤਾ ਦੀ ਭਲਾਈ ਅਤੇ ਸੱਚਾਈ ਤੇ ਨਿਆਂ ਲਈ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ 24 ਸਾਲ ਬਾਅਦ, 1699 ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਖਾਲਸੇ ਦਾ ਜਨਮ ਹੋਇਆ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਾਰਮਿਕ ਕਦਰਾਂ–ਕੀਮਤਾਂ ਦੀ ਰਾਖੀ ਅਤੇ ਸਨਮਾਨ ਲਈ ਆਪਣਾ ਪੂਰਾ ਸਰਬੰਸ ਵਾਰ ਦਿੱਤਾ, ਜਿਸਦੀ ਮਿਸਾਲ ਵਿਸ਼ਵ ਦੇ ਇਤਿਹਾਸ ਵਿੱਚ ਹੋਰ ਕਿਤੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਜ਼ੁਲਮ, ਅੱਤਿਆਚਾਰ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਤੇ ਡਟ ਕੇ ਖੜ੍ਹਨ ਦੀ ਗੁੜ੍ਹਤੀ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਵਿਰਾਸਤ ਵਿੱਚ ਮਿਲੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਲਿਦਾਨ ਦੀ ਭਾਵਨਾ ਸਾਡੇ ਖ਼ੂਨ ਵਿੱਚ ਹੈ ਅਤੇ ਪੰਜਾਬੀ ਆਪਣੀ ਸ਼ਾਨਦਾਰ ਵਿਰਾਸਤ 'ਤੇ ਮਾਣ ਕਰਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮਹਾਨ ਮੌਕੇ ਨੂੰ ਮਨਾਉਣ ਦਾ ਉਦੇਸ਼ ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਫ਼ਲਸਫ਼ੇ ਦਾ ਦੁਨੀਆਂ ਭਰ ਵਿੱਚ ਵੱਧ ਤੋਂ ਵੱਧ ਪਾਸਾਰ ਕਰਨਾ ਹੈ ਤਾਂ ਜੋ ਗੁਰੂ ਜੀ ਦੇ ਸ਼ਾਂਤੀ, ਸਦਭਾਵਨਾ ਅਤੇ ਧਰਮ ਨਿਰਪੱਖਤਾ ਦੇ ਆਦਰਸ਼ਾਂ ਨੂੰ ਕਾਇਮ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਜੋ ਕੌਮਾਂ ਆਪਣੇ ਸ਼ਾਨਦਾਰ ਵਿਰਸੇ ਨੂੰ ਭੁੱਲ ਜਾਂਦੀਆਂ ਹਨ, ਉਹ ਇਤਿਹਾਸ ਦੇ ਪੰਨਿਆਂ ਤੋਂ ਜਲਦ ਮਿਟ ਜਾਂਦੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੋ ਕੌਮਾਂ ਆਪਣੀ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਸ਼ਹੀਦਾਂ ਦੁਆਰਾ ਦਿਖਾਏ ਮਾਰਗ 'ਤੇ ਚਲਦੀਆਂ ਹਨ, ਉਹ ਹਨੇਰੇ ਵਿੱਚ ਵੀ ਉਮੀਦ ਦੀਆਂ ਰੌਸ਼ਨੀ ਲੱਭ ਲੈਂਦੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਨੌਵੇਂ ਸਿੱਖ ਗੁਰੂ ਏਕਤਾ ਅਤੇ ਧਰਮ ਦੀ ਆਜ਼ਾਦੀ ਦੇ ਸਮਰਥਕ ਸਨ ਅਤੇ ਉਨ੍ਹਾਂ ਦਾ ਜੀਵਨ ਤੇ ਸਿੱਖਿਆਵਾਂ ਸਾਰੀ ਮਨੁੱਖਤਾ ਲਈ ਚਾਨਣ ਮੁਨਾਰਾ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਸ਼ਹੀਦੀ ਦਿਵਸ ਨੂੰ ਮਨਾਉਣ ਲਈ, ਪੰਜਾਬ ਸਰਕਾਰ ਨੇ ਸੂਬੇ ਦੇ ਅੰਦਰ ਅਤੇ ਬਾਹਰ ਲੜੀਵਾਰ ਸਮਾਗਮਾਂ ਦੀ ਯੋਜਨਾ ਉਲੀਕੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਗੁਰੂ ਜੀ ਦੇ ਜੀਵਨ, ਫ਼ਲਸਫ਼ੇ ਅਤੇ ਧਾਰਮਿਕ ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਨ੍ਹਾਂ ਦੀ ਕੁਰਬਾਨੀ ਨੂੰ ਸਦੀਵੀਂ ਰੂਪ ਵਿੱਚ ਰੱਖਣ ਲਈ ਵਚਨਬੱਧ ਹੈ।

# 350ਵਾਂ ਸ਼ਹੀਦੀ ਦਿਹਾੜਾ: ਸ਼ਰਧਾਲੂਆਂ ਦੀ ਸੁਚਾਰੂ ਅਤੇ ਸੁਰੱਖਿਅਤ ਆਵਾਜਾਈ ਲਈ ਸ੍ਰੀ ਅਨੰਦਪੁਰ ਸਾਹਿਬ ਨੂੰ 25 ਸੈਕਟਰਾਂ ਵਿੱਚ ਵੰਡਿਆ

**➢ ਡੀਜੀਪੀ ਗੌਰਵ ਯਾਦਵ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਵਿਸ਼ਾਲ ਸਮਾਗਮਾਂ ਦੀਆਂ ਸੁਰੱਖਿਆ ਤਿਆਰੀਆਂ ਦਾ ਜਾਇਜ਼ਾ ➢ ਪੰਜਾਬ ਪੁਲਿਸ ਵੱਲੋਂ ਯਾਦਗਾਰੀ ਸਮਾਗਮਾਂ ਦੇ ਸੁਚਾਰੂ ਅਤੇ ਸੁਰੱਖਿਅਤ ਅਮਲ ਨੂੰ ਯਕੀਨੀ ਬਣਾਉਣ ਲਈ 8000 ਤੋਂ ਵੱਧ ਕਰਮਚਾਰੀ ਅਤੇ ਉੱਚ-ਤਕਨੀਕੀ ਨਿਗਰਾਨ ਪ੍ਰਣਾਲੀ ਤਾਇਨਾਤ**

**ਸ੍ਰੀ ਅਨੰਦਪੁਰ ਸਾਹਿਬ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਸਬੰਧੀ ਵਿਸ਼ਾਲ ਸਮਾਗਮਾਂ ਵਾਸਤੇ ਸੁਚਾਰੂ ਅਤੇ ਸੁਰੱਖਿਅਤ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਆਪਕ ਸੁਰੱਖਿਆ, ਸਹੂਲਤ ਅਤੇ ਟ੍ਰੈਫਿਕ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।

ਮੀਡੀਆ ਨੂੰ ਸੰਬੋਧਨ ਕਰਦਿਆਂ ਡੀਜੀਪੀ ਨੇ ਦੱਸਿਆ ਕਿ ਉਨ੍ਹਾਂ ਨੇ ਸਾਰੇ ਸੁਪਰਵਾਈਜ਼ਰੀ ਅਧਿਕਾਰੀਆਂ ਨੂੰ ਪੇਸ਼ੇਵਰਤਾ, ਵਚਨਬੱਧਤਾ, ਦਇਆ–ਭਾਵਨਾ ਅਤੇ ਸ਼ਰਧਾ ਦੇ ਉੱਚਤਮ ਮਿਆਰਾਂ ਨੂੰ ਯਕੀਨੀ ਬਣਾਉਂਦਿਆਂ ਆਪਣੀ ਡਿਊਟੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਮੌਕੇ ਉਨ੍ਹਾਂ ਨਾਲ ਵਿਸ਼ੇਸ਼ ਡੀਜੀਪੀ ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਅਤੇ ਵਿਸ਼ੇਸ਼ ਡੀਜੀਪੀ ਇੰਟੈਲੀਜੈਂਸ ਪ੍ਰਵੀਨ ਸਿਨਹਾ ਵੀ ਮੌਜੂਦ ਸਨ। 23 ਤੋਂ 25 ਨਵੰਬਰ, 2025 ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਵਿਸ਼ਾਲ ਯਾਦਗਾਰੀ ਸਮਾਗਮਾਂ ਵਿੱਚ ਦੁਨੀਆਂ ਭਰ ਤੋਂ ਲੱਖਾਂ ਸ਼ਰਧਾਲੂਆਂ ਦੇ ਪਹੁੰਚਣ ਦੀ ਉਮੀਦ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸੀਨੀਅਰ ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ 8,000 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਇੱਕ ਵੱਡੀ ਫੋਰਸ ਤਾਇਨਾਤ ਕੀਤੀ ਗਈ ਹੈ ਤਾਂ ਜੋ ਆਉਣ ਵਾਲੇ ਸ਼ਰਧਾਲੂਆਂ ਦੀ ਸੁਰੱਖਿਆ, ਸੁਚਾਰੂ ਆਉਣ–ਜਾਣ ਅਤੇ ਆਰਾਮਦਾਇਕ ਅਨੁਭਵ ਨੂੰ ਯਕੀਨੀ ਬਣਾਇਆ ਜਾ ਸਕੇ।

ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੁਰੱਖਿਆ ਪ੍ਰਬੰਧ ਅਤਿ–ਆਧੁਨਿਕ ਤਕਨਾਲੋਜੀ 'ਤੇ ਅਧਾਰਤ ਹਨ ਅਤੇ ਸ਼ਹਿਰ ਦੇ ਸਾਰੇ ਪ੍ਰਵੇਸ਼ ਅਤੇ ਨਿਕਾਸ ਸਥਾਨਾਂ 'ਤੇ ਆਟੋਮੈਟਿਕ ਨੰਬਰ ਪਲੇਟ ਰੈਕੋਗੀਨੇਸ਼ਨ (ਏਐਨਪੀਆਰ), ਪੀਟੀਜ਼ੈਡ, ਅਤੇ ਚਿਹਰੇ ਦੀ ਪਛਾਣ ਵਾਲੇ ਕੈਮਰਿਆਂ ਦੇ ਨਾਲ ਡਰੋਨ ਨਿਗਰਾਨੀ ਦੀ ਵਿਵਸਥਾ ਕੀਤੀ ਗਈ ਹੈ, ਜਿਸ ਲਈ ਇੱਕ ਉੱਚ–ਤਕਨੀਕੀ ਕੰਟਰੋਲ ਰੂਮ ਸਥਾਪਤ ਕੀਤਾ ਜਾ ਰਿਹਾ ਹੈ। ਡੀਜੀਪੀ ਨੇ ਕਿਹਾ ਕਿ ਪੂਰੇ ਖੇਤਰ ਨੂੰ ਯੋਜਨਾਬੱਧ ਢੰਗ ਨਾਲ 25 ਸੈਕਟਰਾਂ ਵਿੱਚ ਵੰਡਿਆ ਗਿਆ ਹੈ ਅਤੇ ਹਰੇਕ ਸੈਕਟਰ ਦਾ ਆਪਣਾ ਸਬ–ਕੰਟਰੋਲ ਰੂਮ ਅਤੇ ਹੈਲਪ ਡੈਸਕ ਹੈ ਤਾਂ ਜੋ ਕੁਸ਼ਲ ਪ੍ਰਬੰਧਨ ਨੂੰ ਯਕੀਨੀ



ਬਣਾਇਆ ਜਾ ਸਕੇ। ਸ਼ਰਧਾਲੂਆਂ ਦੀ ਸਹੂਲਤ ਲਈ, ਵਿਆਪਕ ਟ੍ਰੈਫਿਕ ਅਤੇ ਲੌਜਿਸਟਿਕਲ ਯੋਜਨਾਵਾਂ ਬਣਾਈਆਂ ਗਈਆਂ ਹਨ ਜਿਸ ਵਿੱਚ ਸਾਰੇ ਸਥਾਨਾਂ ਅਤੇ ਟੈਂਟ ਸਿਟੀਜ਼ ਲਈ 24⊘7 ਸ਼ਟਲ ਸੇਵਾਵਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸੰਗਤ ਦੀ ਸੁਚਾਰੂ ਆਵਾਜਾਈ ਅਤੇ ਜ਼ਮੀਨੀ ਪੱਧਰ 'ਤੇ ਮਜ਼ਬੂਤ ਪ੍ਰਬੰਧਨ ਲਈ ਰਣਨੀਤਕ ਤੌਰ 'ਤੇ ਸਮਾਰਟ ਬੈਰੀਕੇਡਿੰਗ ਪ੍ਰਣਾਲੀਆਂ ਸਥਾਪਤ ਕੀਤੀਆਂ ਜਾ ਰਹੀਆਂ ਹਨ।

ਸ਼ਰਧਾਲੂਆਂ ਲਈ ਨਿਰਵਿਘਨ ਟ੍ਰੈਫਿਕ ਪ੍ਰਬੰਧਨ ਅਤੇ ਘੱਟੋ–ਘੱਟ ਪਰੇਸ਼ਾਨੀ ਲਈ ਜ਼ਿਲ੍ਹਾ ਪੁਲਿਸ ਨੇ ਆਈਆਈਟੀ ਰੋਪੜ ਨਾਲ ਸਾਂਝੇਦਾਰੀ ਤਹਿਤ ਸੰਗਤ ਦੇ ਮਾਰਗਦਰਸ਼ਨ ਅਤੇ ਕੁਸ਼ਲ ਟ੍ਰੈਫਿਕ ਪ੍ਰਬੰਧਨ ਲਈ ਪਾਰਕਿੰਗ ਜ਼ੋਨਾਂ ਦੀ ਰੀਅਲ–ਟਾਈਮ ਡਿਜੀਟਲ ਮੈਪਿੰਗ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦੇਸ਼ ਭਰ ਤੋਂ ਆਉਣ ਵਾਲੀ ਸੰਗਤ ਦੀ ਸਹੂਲਤ ਅਤੇ ਢੁਕਵੀਂ ਵਿਵਸਥਾ ਨੂੰ ਬਣਾਈ ਰੱਖਣ ਲਈ ਐਡਵਾਂਸਡ ਸਰਵੇਲੈਂਸ ਗਰਿੱਡ, ਆਧੁਨਿਕ ਟ੍ਰੈਫਿਕ ਪ੍ਰਬੰਧਨ ਅਤੇ ਮਜ਼ਬੂਤ ਫੀਲਡ ਨਿਗਰਾਨ ਪ੍ਰਣਾਲੀ ਪੂਰੀ ਤਰ੍ਹਾਂ ਕਾਰਜਸ਼ੀਲ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸ਼ਰਧਾਲੂਆਂ ਲਈ ਇੱਕ ਸੁਚਾਰੂ, ਸੁਰੱਖਿਅਤ ਅਤੇ ਅਧਿਆਤਮਿਕ ਤੌਰ 'ਤੇ ਸੰਪੂਰਨ ਅਨੁਭਵ ਨੂੰ ਯਕੀਨੀ ਬਣਾਉਣ ਲਈ ਤਕਨਾਲੋਜੀ–ਅਧਾਰਤ ਸਹੂਲਤ ਪ੍ਰਣਾਲੀਆਂ, ਜਿਸ ਵਿੱਚ ਸਮਰਪਿਤ ਹੈਲਪ ਡੈਸਕ, ਜਨਤਕ ਸਹੂਲਤਾਂ ਅਤੇ ਰੀਅਲ–ਟਾਈਮ ਨਿਗਰਾਨੀ ਡੈਸ਼ਬੋਰਡ ਸ਼ਾਮਲ ਹਨ, ਸਥਾਪਿਤ ਕੀਤੀਆਂ ਗਈਆਂ ਹਨ।

ਉਨ੍ਹਾਂ ਅੱਗੇ ਕਿਹਾ ਕਿ ਵਿਆਪਕ ਐਮਰਜੈਂਸੀ ਯੋਜਨਾਵਾਂ, ਜਿਸ ਵਿੱਚ ਸੰਗਤ ਦੀ ਆਵਾਜਾਈ, ਰਿਕਵਰੀ ਵੈਨਾਂ ਅਤੇ ਮੁਹੱਲਾ ਕਲੀਨਿਕ ਤੇ ਰੈਫਰਲ ਹਸਪਤਾਲ ਵਰਗੀਆਂ ਡਾਕਟਰੀ ਸੇਵਾਵਾਂ ਸ਼ਾਮਲ ਹਨ, ਦੀ ਵੀ ਢੁਕਵੀਂ ਵਿਵਸਥਾ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਫੋਰਸ ਦੀ ਤਾਇਨਾਤੀ ਨੂੰ ਬ੍ਰੀਫਿੰਗ ਕਰਨ ਲਈ ਕਿਊ.ਆਰ. ਕੋਡਾਂ ਦੀ ਵਰਤੋਂ ਕੀਤੀ ਗਈ ਹੈ, ਤਾਂ ਜੋ ਇਸਨੂੰ ਸੁਚਾਰੂ ਬਣਾਇਆ ਜਾ ਸਕੇ ਅਤੇ ਭੀੜ–ਭੜੱਕੇ ਵਾਲੇ ਅਤੇ ਸੰਵੇਦਨਸ਼ੀਲ ਸਥਾਨਾਂ 'ਤੇ ਮਹਿਲਾ ਪੁਲਿਸ ਅਤੇ ਵਿਸ਼ੇਸ਼ ਸਿਵਲ ਵਰਦੀਧਾਰੀ ਕਰਮਚਾਰੀਆਂ ਨੂੰ ਵੀ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਰੋਪੜ ਜ਼ਿਲ੍ਹੇ ਅਤੇ ਇਸਦੇ ਆਲੇ ਦੁਆਲੇ ਦੇ ਸਨੈਚਰਾਂ ਨਾਲ ਸਬੰਧਤ ਡੇਟਾ ਨੂੰ ਚਿਹਰੇ ਦੀ ਪਛਾਣ ਕਰਨ ਵਾਲੀ ਪ੍ਰਣਾਲੀ ਨਾਲ ਜੋੜਿਆ ਗਿਆ ਹੈ।

ਡੀਜੀਪੀ ਨੇ ਕਿਹਾ ਕਿ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਾਗਰਿਕਾਂ ਦੇ ਅਧਿਕਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਸਮਾਗਮ ਦੀ ਪਵਿੱਤਰਤਾ ਬਣਾਈ ਰੱਖਣ ਲਈ ਨਿਮਰਤਾ ਅਤੇ ਸਤਿਕਾਰ ਨਾਲ ਆਪਣੇ ਫਰਜ਼ ਨਿਭਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

ਡੀਜੀਪੀ ਗੌਰਵ ਯਾਦਵ ਨੇ ਰੂਪਨਗਰ ਜ਼ਿਲ੍ਹੇ ਵਿੱਚ ਰੋਪੜ ਪੁਲਿਸ ਲਾਈਨ ਵਿਖੇ ਆਡੀਟੋਰੀਅਮ ਅਤੇ ਨਵੀਨੀਕਰਨ ਕੀਤੀ ਗਈ ਜੀਓ ਮੈਸ ਅਤੇ ਥਾਣਾ ਸਿੰਘ ਭਗਵੰਤਪੁਰ ਦਾ ਉਦਘਾਟਨ ਕੀਤਾ।

ਇਸ ਮੌਕੇ ਏਡੀਜੀਪੀ ਕਾਨੂੰਨ ਅਤੇ ਵਿਵਸਥਾ ਐਸਐਸ ਪਰਮਾਰ, ਏਡੀਜੀਪੀ ਇੰਟਰਨਲ ਵਿਜੀਲੈਂਸ ਨੌਨਿਹਾਲ ਸਿੰਘ, ਆਈਜੀ ਪ੍ਰੋਵੀਜ਼ਨਿੰਗ ਐਸ ਭੂਪਤੀ, ਡੀਆਈਜੀ ਜਲੰਧਰ ਰੇਂਜ ਨਵੀਨ ਸਿੰਗਲਾ, ਡੀਆਈਜੀ ਰੋਪੜ ਰੇਂਜ ਨਾਨਕ ਸਿੰਘ, ਡਿਪਟੀ ਕਮਿਸ਼ਨਰ ਰੂਪਨਗਰ ਵਰਜੀਤ ਵਾਲੀਆ, ਐਸਐਸਪੀ ਰੂਪਨਗਰ ਗੁਲਨੀਤ ਖੁਰਾਨਾ ਅਤੇ ਡੀਜੀਪੀ ਪੰਜਾਬ ਦੇ ਸਟਾਫ ਅਫਸਰ ਦਰਪਨ ਆਹਲੂਵਾਲੀਆ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਪੰਜਾਬ ਤੇ ਪੰਜਾਬੀਆਂ ਦੇ ਹਿੱਤਾਂ ਲਈ ਚਟਾਨ ਵਾਂਗ ਖੜ੍ਹਾ ਹਾਂ, ਸੂਬੇ ਦੇ ਹੱਕ ਨਹੀਂ ਖੋਹਣ ਦੇਵਾਂਗਾ:ਮੁੱਖ ਮੰਤਰੀ

**➢ ਸੂਬੇ ਦੇ ਹਿੱਤਾਂ ਦੀ ਰਾਖੀ ਕਰਨ ਦੀ ਵਚਨਬੱਧਤਾ ਦੁਹਰਾਈ ➢ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਦੌਰਾਨ ਪੰਜਾਬ ਦੇ ਮਸਲਿਆਂ ਦੀ ਜ਼ੋਰਦਾਰ ਢੰਗ ਨਾਲ ਕੀਤੀ ਵਕਾਲਤ ➢ ਪੰਜਾਬ ਦੇ ਸਰੋਤਾਂ, ਰਾਜਧਾਨੀ ਅਤੇ ਦਰਿਆਈ ਪਾਣੀਆਂ ਵਿੱਚੋਂ ਬੇਲੋੜੀ ਹਿੱਸੇਦਾਰੀ ਮੰਗਣ ਲਈ ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੀ ਸਖ਼ਤ ਆਲੋਚਨਾ**

**ਨਵੀਂ ਦਿੱਲੀ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੇ ਪੰਜਾਬੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਤੇ ਪੰਜਾਬੀਆਂ ਦੇ ਹਿੱਤਾਂ ਦੀ ਖਾਤਰ ਚਟਾਨ ਵਾਂਗ ਖੜ੍ਹਾ ਹਾਂ ਅਤੇ ਕਿਸੇ ਨੂੰ ਪੰਜਾਬ ਦੇ ਹੱਕ ਖੋਹਣ ਦੀ ਇਜਾਜ਼ਤ ਨਹੀਂ ਦੇਵਾਂਗਾ।

ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬੀਤੇ ਦਿਨ ਉੱਤਰੀ ਜ਼ੋਨਲ ਕੌਂਸਲ ਦੀ 32ਵੀਂ ਮੀਟਿੰਗ ਦੌਰਾਨ ਸਾਰੇ ਮੈਂਬਰ ਸੂਬਿਆਂ ਨੇ ਆਪੋ–ਆਪਣੇ ਮਸਲਿਆਂ ਉਤੇ ਰਾਏ ਰੱਖੀ ਸੀ। ਉਨ੍ਹਾਂ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਸਮੇਤ ਬਹੁਤੇ ਸੂਬੇ ਪੰਜਾਬ ਦੇ ਹੱਕਾਂ ਉਤੇ ਡਾਕਾ ਮਾਰਨ ਲਈ ਪੱਬਾਂ ਭਾਰ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਦਕਿਸਮਤੀ ਨਾਲ ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਸਾਡੇ ਹੱਕ ਖੋਹਣ ਲਈ ਬੇਲੋੜਾ ਦਬਾਅ ਬਣਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸੂਬਿਆਂ ਦੀ ਗੈਰ–ਜ਼ਿੰਮੇਵਾਰ ਲੀਡਰਸ਼ਿਪ ਨੇ ਸੂਬੇ ਦੇ ਸਰੋਤਾਂ ਅਤੇ ਇੱਥੋਂ ਤੱਕ ਕਿ ਦਰਿਆਈ ਪਾਣੀਆਂ ਵਿੱਚ ਹਿੱਸਾ ਪਾਉਣ ਦੀ ਅਨਿਆਂਪੂਰਨ ਮੰਗ ਕਰਕੇ ਉੱਤਰੀ ਜ਼ੋਨਲ ਵਰਗੇ ਵੱਕਾਰੀ ਪਲੇਟਫਾਰਮ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿੱਚ ਸਾਰੇ ਮੈਂਬਰ ਸੂਬਿਆਂ ਨੇ ਆਪਣੇ ਵਿਚਾਰ ਰੱਖੇ ਅਤੇ ਸੂਬੇ ਦੇ ਮੁਖੀ ਹੋਣ ਦੇ ਨਾਤੇ ਉਨ੍ਹਾਂ ਨੇ ਵੀ ਪੰਜਾਬ ਦਾ ਪੱਖ ਪੇਸ਼ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੁੱਲ 28 ਏਜੰਡਾ ਆਈਟਮਾਂ ਵਿੱਚੋਂ 11 ਸੂਬੇ ਨਾਲ ਸਬੰਧਤ ਸਨ ਅਤੇ ਪਹਿਲੀ ਵਾਰ ਸੂਬਾ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਇਨ੍ਹਾਂ ਸਾਰਿਆਂ ਨੂੰ ਮੁਲਤਵੀ ਕਰ ਦਿੱਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਮੁੱਦੇ ਅਸਲ ਵਿੱਚ ਅਕਾਲੀਆਂ, ਭਾਜਪਾ ਅਤੇ ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਦੁਆਰਾ ਪੰਜਾਬ ਅਤੇ ਇਸ ਦੇ ਲੋਕਾਂ ਲਈ ਬੀਜੇ ਗਏ ਕੰਡੇ ਹਨ। ਹਾਲਾਂਕਿ, ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਸਖ਼ਤ ਯਤਨ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ



ਦਰਿਆਈ ਪਾਣੀਆਂ 'ਤੇ ਰੌਲਾ ਪਾ ਰਹੇ ਹਨ, ਉਨ੍ਹਾਂ ਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਦਰਿਆਈ ਪਾਣੀਆਂ ਦੀ ਉਪਲਬਧਤਾ ਦੇ ਅਸਲ ਸਮੇਂ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਜਿਸ ਲਈ ਪਾਣੀ ਦੀ ਮੌਜੂਦਗੀ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਦਰਿਆਈ ਪਾਣੀਆਂ, ਰਾਜਧਾਨੀ, ਪੰਜਾਬ ਯੂਨੀਵਰਸਿਟੀ ਅਤੇ ਹੈੱਡ ਵਰਕਸ ਬਾਰੇ ਬੋਲਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਹਰ ਦੂਜਾ ਸੂਬਾ ਪੰਜਾਬ ਦੇ ਅਧਿਕਾਰਾਂ ਵਿੱਚੋਂ ਹਿੱਸਾ ਮੰਗ ਰਿਹਾ ਹੈ, ਜੋ ਕਿ ਪੂਰੀ ਤਰ੍ਹਾਂ ਨਾਜਾਇਜ਼ ਹੈ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਤਨਜ਼ ਕੱਸਦਿਆਂ ਕਿਹਾ ਕਿ ਹਰਿਆਣਾ ਨੇ ਬਹੁਤ ਹੀ ਅਜੀਬ ਜਿਹੀ ਮੰਗ ਕੀਤੀ ਹੈ ਕਿ ਪੰਜਾਬ ਨੂੰ ਭਾਖੜਾ ਮੇਨ ਲਾਈਨ (ਬੀ.ਐਮ.ਐਲ.) 'ਤੇ ਮਿੰਨੀ ਹਾਈਡਲ ਪ੍ਰੋਜੈਕਟਾਂ ਦੇ ਨਿਰਮਾਣ ਤੋਂ ਰੋਕਿਆ ਜਾਵੇ ਕਿਉਂਕਿ ਇਸ ਨਾਲ ਪਾਣੀ ਦੇ ਵਹਾਅ ਵਿੱਚ ਰੁਕਾਵਟ ਪੈਦਾ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਹਰਿਆਣਾ ਦੀ ਭੋਲੀ ਲੀਡਰਸ਼ਿਪ ਅਜਿਹੇ ਬੇਹੂਦਾ ਮਸਲੇ ਖੜ੍ਹੇ ਰਹੀ ਹੈ ਜੋ ਬੇਬੁਨਿਆਦ ਅਤੇ ਤੱਥਾਂ ਤੋਂ ਬਹੁਤ ਦੂਰ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਦੇ ਮੁੱਦੇ ਸਿਰਫ ਯਮੁਨਾ ਸਤਲੁਜ ਲਿੰਕ (ਵਾਈ.ਐਸ.ਐਲ.) ਰਾਹੀਂ ਹੀ ਹੱਲ ਕੀਤੇ ਜਾ ਸਕਦੇ ਹਨ, ਜੋ ਯਮੁਨਾ ਦੇ ਪਾਣੀ ਦੀ ਸਮਝਦਾਰੀ ਨਾਲ ਵਰਤੋਂ ਨੂੰ ਯਕੀਨੀ ਬਣਾਏਗਾ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਐਸ.ਵਾਈ.ਐਲ. ਰਾਹੀਂ ਕੋਈ ਵਾਧੂ ਪਾਣੀ ਨਹੀਂ ਹੈ ਅਤੇ ਪਾਣੀ ਦੀ ਉਪਲਬਧਤਾ ਬਾਰੇ ਵਿਗਿਆਨਕ ਆਧਾਰ ਉਤੇ ਹਿਸਾਬ ਨਹੀਂ ਲਾਇਆ ਗਿਆ।

ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ ਅਤੇ ਇਸ ਬਾਰੇ ਸਵਾਲ ਹੀ ਪੈਦਾ ਨਹੀਂ ਹੁੰਦਾ। ਪਾਣੀ ਨਾਲ ਸਬੰਧਤ ਮੁੱਦੇ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਿੰਧੂ ਜਲ ਸੰਧੀ ਰੱਦ ਹੋਣ ਦੇ ਮੱਦੇਨਜ਼ਰ ਸਬੰਧਤ ਸੂਬਿਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਨੂੰ ਦੇਖਦਿਆਂ ਇਹ ਪਾਣੀ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਇੱਕ ਵਧੀਆ ਮੌਕਾ ਹੈ। ਉਨ੍ਹਾਂ ਕਿਹਾ ਕਿ ਚਨਾਬ ਦਰਿਆ ਨੂੰ ਰਾਵੀ ਅਤੇ ਬਿਆਸ ਦਰਿਆਵਾਂ ਨਾਲ ਜੋੜਨ ਦੀ ਸੰਭਾਵਨਾ ਹੈ, ਜਿਸ ਸਬੰਧੀ ਸਾਡੇ ਕੋਲ ਪਹਿਲਾਂ ਹੀ ਪਾਣੀ ਦੇ ਵਹਾਅ ਨੂੰ ਨਿਯਮਤ ਕਰਨ ਵਾਲੇ ਡੈਮ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਚਨਾਬ ਦਰਿਆ ਨੂੰ ਰਾਵੀ ਅਤੇ ਬਿਆਸ ਦਰਿਆਵਾਂ ਨਾਲ ਜੋੜਨ 'ਤੇ ਵਾਧੂ ਪਾਣੀ ਦੇ ਵਹਾਅ ਨੂੰ ਹੇਠਲੇ ਰਾਜਾਂ ਦੁਆਰਾ ਬਿਜਲੀ ਉਤਪਾਦਨ ਅਤੇ ਸਿੰਚਾਈ ਦੋਵਾਂ ਉਦੇਸ਼ਾਂ ਲਈ ਲਾਭਦਾਇਕ ਢੰਗ ਨਾਲ ਵਰਤਿਆ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਰਾਜਸਥਾਨ ਤੋਂ ਬੀ.ਬੀ.ਐਮ.ਬੀ. ਵਿੱਚ ਮੈਂਬਰ ਦੀ ਸਥਾਈ ਨਿਯੁਕਤੀ ਬਾਰੇ ਪੰਜਾਬ ਨੇ ਆਪਣਾ ਸਖ਼ਤ ਵਿਰੋਧ ਦਰਜ ਕਰਵਾਇਆ।

ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ. ਪੰਜਾਬ ਪੁਨਰਗਠਨ ਐਕਟ, 1966 ਦੇ ਅਧੀਨ ਗਠਿਤ ਸੰਸਥਾ ਹੈ, ਜੋ ਸਿਰਫ ਉੱਤਰਾਧਿਕਾਰੀ ਰਾਜਾਂ ਪੰਜਾਬ ਅਤੇ ਹਰਿਆਣਾ ਨਾਲ ਸਬੰਧਤ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਮੈਂਬਰਾਂ ਦੀ ਨਿਯੁਕਤੀ ਲਈ ਇੱਕ ਪੈਨਲ ਪੇਸ਼ ਕੀਤਾ ਹੈ ਅਤੇ ਭਾਰਤ ਸਰਕਾਰ ਪੰਜਾਬ ਅਤੇ ਹਰਿਆਣਾ ਤੋਂ ਇੱਕ–ਇੱਕ ਮੈਂਬਰ ਦੀ ਅਸਲ ਵਿਵਸਥਾ ਨੂੰ ਜਾਰੀ ਰੱਖੇ ਕਿਉਂਕਿ ਪੂਰੇ ਸਮੇਂ ਦੀ ਵਾਧੂ ਅਸਾਮੀ ਲਈ ਨਾ ਸਿਰਫ ਖਰਚਾ ਵਧੇਗਾ ਜਿਸ ਨੂੰ ਬਿਨਾਂ ਕਿਸੇ ਉਦੇਸ਼ ਦੇ ਪੰਜਾਬ ਨੂੰ ਸਹਿਣ ਕਰਨਾ ਪਵੇਗਾ।

## ਅਲੌਕਿਕ ਨਗਰ ਕੀਰਤਨ: ਮੰਤਰੀ ਸੌਂਦ ਨੇ ਸੰਤ ਮਹਾਂਪੁਰਖਾਂ ਨਾਲ ਕੀਤੀਆਂ ਵਿਚਾਰ-ਵਟਾਂਦਰਾਂ

**ਲੁਧਿਆਣਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਅੱਜ ਖੰਨਾ ਪਹੁੰਚੇਗਾ। ਇਸ ਸੰਬੰਧ ਵਿੱਚ ਮੰਤਰੀ ਸੌਂਦ ਨੇ ਨਾਨਕਸਰ ਸਾਹਿਬ ਵਿਖੇ ਸੰਤ ਬਾਬਾ ਲੱਖਾ ਸਿੰਘ ਜੀ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਅਸੀਸਾਂ ਪ੍ਰਾਪਤ ਕੀਤੀਆਂ।

ਮੰਤਰੀ ਸੌਂਦ ਨੇ ਦੱਸਿਆ ਕਿ ਇਹ ਪਵਿੱਤਰ ਨਗਰ ਕੀਰਤਨ ਬਾਅਦ ਦੁਪਹਿਰ 3 ਵਜੇ ਖੰਨਾ ਰਾਹੀਂ ਗੁਜ਼ਰੇਗਾ। ਸ਼ਹਿਰ ਦੇ ਵੱਖ–ਵੱਖ ਸਥਾਨਾਂ 'ਤੇ ਸੰਗਤਾਂ ਵੱਲੋਂ ਲੰਗਰ ਤੇ ਸੇਵਾ ਦੇ ਪੰਡਾਲ ਲਗਾਏ ਜਾਣਗੇ।

ਉਨ੍ਹਾਂ ਨੇ ਖੰਨਾ ਦੀ ਸੰਗਤ ਨੂੰ ਅਪੀਲ ਕੀਤੀ ਕਿ ਸਮੂਹ ਨਗਰ ਕੀਰਤਨ ਵਿੱਚ ਵੱਧ–ਚੜ੍ਹ ਕੇ ਭਾਗ ਲਏ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ—ਏਕਤਾ, ਭਾਈਚਾਰਾ ਅਤੇ ਸੱਚੇ ਧਰਮ—ਨੂੰ ਅਪਣਾਏ।

ਮੰਤਰੀ ਨੇ ਨਗਰ ਕੀਰਤਨ ਦੀਆਂ ਤਿਆਰੀਆਂ ਸੰਬੰਧੀ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਵੀ ਸਮੀਖਿਆ ਕੀਤੀ ਤੇ ਪ੍ਰਬੰਧਾਂ ਨੂੰ ਸੁਚਾਰੂ ਬਣਾਉਣ ਦੇ ਨਿਰਦੇਸ਼ ਦਿੱਤੇ।

## ਵਾਰਡ ਨੰਬਰ 19, ਸੈਕਟਰ 32 ਦੇ ਵਸਨੀਕਾਂ ਨੂੰ ਮਿਲੀ ਵੱਡੀ ਰਾਹਤ



**ਲੁਧਿਆਣਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰਡ ਨੰਬਰ 19 ਦੇ ਅਧੀਨ ਆਉਂਦੇ ਸੈਕਟਰ 32 ਵਿੱਚ ਲੰਬੇ ਸਮੇਂ ਤੋਂ ਬਿਜਲੀ ਦੀ ਗੰਭੀਰ ਸਮੱਸਿਆ ਦਾ ਸਥਾਨਕ ਨਿਵਾਸੀਆਂ ਨੂੰ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਇਲਾਕੇ ਨੂੰ ਬੀਤੇ ਕਈ ਸਾਲਾਂ ਤੋਂ ਅਣਗੌਲਿਆ ਕੀਤਾ ਗਿਆ।

ਵਧਦੀ ਆਬਾਦੀ ਅਤੇ ਮੌਜੂਦਾ ਬਿਜਲੀ ਦੀ ਖਪਤ ਨੂੰ ਧਿਆਨ ਵਿੱਚ ਰੱਖਦੀਆ ਵਾਰਡ 19 ਦੀ ਕੌਂਸਲਰ ਸ਼੍ਰੀਮਤੀ ਨਿਧੀ ਗੁਪਤਾ ਨੇ ਅੱਜ ਸੈਕਟਰ 32 ਵਿੱਚ ਨਵੇਂ ਟ੍ਰਾਂਸਫਾਰਮਰ ਲਵਾਇਆ। ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਕਾਫ਼ੀ ਰਾਹਤ ਮਿਲੇਗੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਕੌਂਸਲਰ ਨਿਧੀ ਗੁਪਤਾ ਨੇ ਪੰਜਾਬ ਦੇ ਬਿਜਲੀ ਮੰਤਰੀ ਸੰਜੀਵ ਅਰੋੜਾ ਅਤੇ ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਗਰੇਵਾਲ (ਭੋਲਾ) ਦਾ ਇਲਾਕੇ ਦੇ ਵਿਕਾਸ ਕਾਰਜਾਂ ਵਿੱਚ ਪੂਰਾ ਸਮਰਥਨ ਦੇਣ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਇਸ ਤੋਂ ਇਲਾਵਾ, ਵਾਰਡ ਵਿੱਚ ਸੈਨੀਟੇਸ਼ਨ, ਸਟਰੀਟ ਲਾਈਟਿੰਗ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਸੀਵਰੇਜ ਨਿਪਟਾਰੇ ਵਰਗੇ ਵਿਕਾਸ ਪ੍ਰੋਜੈਕਟ ਵੀ ਤੇਜ਼ੀ ਨਾਲ ਅੱਗੇ ਵਧ ਰਹੇ ਹਨ। ਨਵੇਂ ਟ੍ਰਾਂਸਫਾਰਮਰਾਂ ਦੀ ਸਥਾਪਨਾ ਤੋਂ ਬਾਅਦ, ਸਥਾਨਕ ਨਿਵਾਸੀਆਂ ਨੇ ਆਪਣੀ ਖੁਸ਼ੀ ਪ੍ਰਗਟ ਕੀਤੀ ਅਤੇ ਕੌਂਸਲਰ ਨਿਧੀ ਗੁਪਤਾ ਦਾ ਧੰਨਵਾਦ ਕੀਤਾ।

ਇਸ ਮੌਕੇ ਦੀਪਕ, ਸ਼ਰਨਜੀਤ ਸਿੰਘ, ਗਗਨ ਸਿੰਗਾਨੀਆ, ਰਾਜੀਵ ਕੁਮਾਰ, ਪ੍ਰਿੰਸ ਗੁਪਤਾ, ਗੁਲਸ਼ਨ, ਅਸ਼ਵਨੀ, ਰਾਕੇਸ਼ ਗਰੋਵਰ, ਵਿਕਰਮ, ਨੀਤੂ, ਰਜਨੀ ਕੌਰ, ਗੀਤਾਂਜਲੀ, ਕਿਰਨ, ਸਰਿਤਾ, ਪੂਜਾ ਅਰੋੜਾ ਸਮੇਤ ਕਈ ਪ੍ਰਮੁੱਖ ਨਿਵਾਸੀ ਅਤੇ ਸਥਾਨਕ ਨੁਮਾਇੰਦੇ ਮੌਜੂਦ ਸਨ।

## ਆਂਗਣਵਾੜੀ ਵਰਕਰ/ਹੈਲਪਰ ਦੀ ਭਰਤੀ ਲਈ ਅੱਜ ਤੋਂ ਕੀਤਾ ਜਾ ਸਕਦਾ ਅਪਲਾਈ

**ਮਲੇਰਕੋਟਲਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਪ੍ਰੋਗਰਾਮ ਅਫਸਰ ਰਤਿੰਦਰ ਪਾਲ ਕੌਰ ਧਾਰੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਆਂਗਣਵਾੜੀ ਵਰਕਰਾਂ/ਹੈਲਪਰਾਂ ਦੀ ਭਰਤੀ ਕੀਤੀ ਜਾ ਰਹੀ ਹੈ।

ਜਿਸ ਅਧੀਨ ਜਿਲ੍ਹਾ ਮਾਲੇਰਕੋਟਲਾ ਦੇ ਵੱਖ- ਵੱਖ ਪਿੰਡਾਂ ਵਿੱਚ 11 ਆਂਗਣਵਾੜੀ ਵਰਕਰਾਂ ਅਤੇ 69 ਹੈਲਪਰਾਂ ਦੀ ਭਰਤੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਗਰੈਜੂਏਸ਼ਨ ਪਾਸ ਜਾਂ ਇਸ ਦੇ ਬਰਾਬਰ ਦੀ ਯੋਗਤਾ ਪਾਸ ਆਂਗਣਵਾੜੀ ਵਰਕਰ ਲਈ ਅਪਲਾਈ ਕਰ ਸਕਦਾ ਹੈ ਅਤੇ ਉਮੀਦਵਾਰ ਵੱਲੋਂ ਦਸਵੀ ਵਿੱਚ ਪੰਜਾਬੀ ਵਿਸ਼ਾ ਪਾਸ ਕੀਤਾ ਹੋਣਾ ਲਾਜਮੀ ਹੈ।

ਉਨ੍ਹਾਂ ਦੱਸਿਆ ਕਿ 10+2 ਜਾਂ ਇਸ ਦੇ ਬਰਾਬਰ ਦੀ ਯੋਗਤਾ ਪਾਸ ਅਤੇ ਦਸਵੀਂ ਵਿੱਚ ਪੰਜਾਬੀ ਪਾਸ ਹੈਲਪਰ ਦੀ ਭਰਤੀ ਲਈ ਅਪਲਾਈ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਦਿਅਕ ਯੋਗਤਾ ਸਰਟੀਫਿਕੇਟ ਅਪਲਾਈ ਕਰਨ ਦੀ ਅੰਤਿਮ ਮਿਤੀ ਤੋਂ ਪਿਹਲਾ ਜਾਰੀ ਹੋਇਆ ਹੋਣਾ ਜਰੂਰੀ ਹੈ ਜਾਂ ਜਾਵਿਦਿਅਕ ਯੋਗਤਾ ਦਾ ਨਤੀਜਾ ਘਸ਼ਿਤ ਹੋਇਆ ਹੋਣਾ ਜਰੂਰੀ ਹੈ।

ਉਨ੍ਹਾਂ ਹੋਰ ਦੱਸਿਆ ਕਿ ਆਂਗਣਵਾੜੀ ਵਰਕਰ ਦੀ ਭਰਤੀ ਲਈ ਘੱਟੋ–ਘੱਟ ਉਮਰ 21 ਸਾਲ ਅਤੇ ਵੱਧ ਤੋਂ ਵੱਧ ਉਮਰ 37 ਸਾਲ ਹੈ ਅਤੇ ਆਂਗਣਵਾੜੀ ਹੈਲਪਰ ਦੀ ਭਰਤੀ ਲਈ ਘੱਟੋ–ਘੱਟ ਉਮਰ 18 ਸਾਲ ਅਤੇ ਵੱਧ ਤੇ ਵੱਧ ਉਮਰ 37 ਸਾਲ ਹੈ। ਅਨੁਸਚਿਤ/ਪਿਛੜੀਆਂ ਜਾਤੀਆਂ ਦੇ ਉਮੀਦਵਾਰ ਲਈ ਉਮਰ ਦੀ ਹੱਦ 42 ਸਾਲ ਹੈ। ਦਿਵਆਂਗਜਨ ਉਮੀਦਵਾਰ ਲਈ ਅਪਲਾਈ ਕਰਨ ਦੀ ਉਮਰ ਦੀ ਹੱਦ 47 ਸਾਲ ਹੋਵੇਗੀ। ਵਿਧਵਾ ਅਤੇ ਤਲਾਕਸ਼ੁਦਾ ਉਮੀਦਵਾਰ ਲਈ ਉਮਰ ਦੀ ਉਪਰਲੀ ਹੱਦ 47 ਸਾਲ ਹੋਵੇਗੀ। ਉਨ੍ਹਾਂ ਕਿਹਾ ਕਿ ਅਪਲਾਈ ਕਰਨ ਦੀ ਮਿਤੀ 10 ਦਸੰਬਰ ਤੱਕ ਹੈ ਅਤੇ ਉਮੀਦਵਾਰ ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦਾ ਹੈ। ਇਸ ਭਰਤੀ ਸਬੰਧੀ ਵਿਸਥਾਰਪੂਰਕ ਵਿਗਿਆਪਨ, ਯੋਗਤਾ ਅਤੇ ਵਿਦਿਅੱਕ ਯੋਗਤਾ ਸਬੰਧੀ ਵਧੇਰੇ ਜਾਣਕਾਰੀ ਵਿਭਾਗ ਦੀ ਵੈਬਸਾਈਟ sswcd.punjab. gov.in ਤੇ ਉਪਲਬੱਧ ਹੈ।

## ਅੱਜ ਮਾਲੇਰਕੋਟਲਾ ਦੇ ਸਰਕਾਰੀ ਕਾਲਜ ਵਿਖੇ ਲੱਗੇਗਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਰੂਹਾਨੀ ਦਰਪਣ

**ਮਲੇਰਕੋਟਲਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਅੱਜ ਸਥਾਨਕ ਸਰਕਾਰੀ ਕਾਲਜ ਵਿੱਚ ਵਿਸ਼ਾਲ ਲਾਈਟ ਐਂਡ ਸਾਊਂਡ ਸ਼ੋਅ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸ਼ੋਅ ਸੰਗਤ ਨੂੰ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਅਤੇ ਰੂਹਾਨੀ ਵਿਰਾਸਤ ਨਾਲ ਜਾਣੂ ਕਰਵਾਏਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਕਿਹਾ ਕਿ ਇਹ ਅਜਿਹਾ ਇਤਿਹਾਸਕ ਮੌਕਾ ਹੈ, ਜਿਸਨੂੰ ਹਰ ਜ਼ਿਲ੍ਹਾ ਨਿਵਾਸੀ ਨੂੰ ਆਪਣੇ ਪਰਿਵਾਰ ਸਮੇਤ ਜ਼ਰੂਰ ਦੇਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 45 ਮਿੰਟ ਦੇ ਇਸ ਸ਼ੋਅ ਰਾਹੀਂ ਗੁਰੂ ਸਾਹਿਬ ਦੇ ਜੀਵਨ–ਪਰਚੇ, ਉਪਦੇਸ਼, ਅਮਨ ਅਤੇ ਧੀਰਜ ਦੇ ਸੰਦੇਸ਼ ਨੂੰ ਡਿਜੀਟਲ ਤਕਨਾਲੋਜੀ ਰਾਹੀਂ ਸੁੰਦਰਤਾ ਨਾਲ ਦਰਸਾਇਆ ਜਾਵੇਗਾ।

ਉਨ੍ਹਾਂ ਅਪੀਲ ਕੀਤੀ ਕਿ ਸੰਗਤ ਵੱਡੀ ਗਿਣਤੀ ਵਿੱਚ ਪਹੁੰਚ ਕੇ ਇਸ ਰੂਹਾਨੀ ਸਮਾਗਮ ਦਾ ਹਿੱਸਾ ਬਣੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਇਸ ਸਮਾਗਮ ਮੌਕੇ ਪਵਿੱਤਰਤਾਂ ਅਤੇ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ ਆਸਤਾ ਨਾਲ ਆਪਣੀ ਡਿਊਟੀ ਨਿਭਾਉਣ ਨੂੰ ਤਰਜੀਹ ਦੇਣ। ਉਨ੍ਹਾਂ ਕਿਹਾ ਕਿ ਇਹ ਸ਼ੋਅ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਾਨਵਤਾ ਅਤੇ ਦਇਆ ਦੇ ਸੰਦੇਸ਼ ਨੂੰ ਸੱਚੀ ਸ਼ਰਧਾਂਜ਼ਲੀ ਹੋਵੇਗੀ। ਉਨ੍ਹਾਂ ਕਿਹਾ ਕਿ 20 ਨਵੰਬਰ ਨੂੰ ਸ਼ਾਮ 5.30 ਵਜੇ ਸ਼ੋਅ ਲਈ ਦਾਖ਼ਲਾ ਸ਼ੁਰੂ ਹੋਵੇਗਾ ਅਤੇ ਕੋਈ ਵੀ ਬਿਨਾਂ ਕਿਸੇ ਪਾਸ ਤੋਂ ਸ਼ੋਅ ਵਿਚ ਸ਼ਾਮਿਲ ਹੋ ਸਕਦਾ ਹੈ ਅਤੇ ਹਰੇਕ ਲਈ ਖੁੱਲ੍ਹਾ ਦਾਖ਼ਲਾ ਹੈ।

ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਇਸ ਲਾਈਟ ਐਂਡ ਸਾਊਂਡ ਸ਼ੋਅ ਵਿਚ ਵੱਧ–ਚੜ੍ਹ ਕੇ ਸ਼ਿਰਕਤ ਕਰਨ ਦੀ ਅਪੀਲ ਕੀਤੀ।

ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਸਮਾਗਮ ਸਬੰਧੀ ਕੀਤੀਆਂ ਜਾ ਰਹੀਆਂ ਵੱਖ–ਵੱਖ ਤਿਆਰੀਆਂ ਜਿਵੇਂ ਸੁਰੱਖਿਆ, ਆਵਾਜਾਈ ਪ੍ਰਬੰਧਨ, ਸਾਫ਼–ਸਫ਼ਾਈ, ਪਾਰਕਿੰਗ ਪ੍ਰਬੰਧ, ਬੈਰੀਕੇਟਿੰਗ, ਨਿਰਵਿਘਨ ਬਿਜਲੀ ਸਪਲਾਈ, ਮੈਡੀਕਲ ਟੀਮਾਂ ਦੀ ਤਾਇਨਾਤੀ, ਫਾਇਰ ਸੇਫਟੀ, ਪ੍ਰਚਾਰ, ਕੰਟਰੋਲ ਰੂਮ ਅਤੇ ਪੀਣ ਵਾਲੇ ਪਾਣੀ ਆਦਿ ਦੀ ਉਪਲਬੱਧਤਾ ਆਦਿ ਦਾ ਬਾਰੀਕੀ ਨਾਲ ਜਾਇਜ਼ਾ ਲਿਆ।

# ਡਾ. ਧਾਲੀਵਾਲ ਨੇ ਵਧਾਈ ਸੰਯੁਕਤ ਰਾਸ਼ਟਰ 'ਚ ਪੰਜਾਬੀਅਤ: ਗਿਆਨੀ ਹਰਪ੍ਰੀਤ ਸਿੰਘ

➢ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਰੱਖੜਾ ਪਰਿਵਾਰ
➢ ਮੌਜੂਦਾ ਸਰਕਾਰ ਨੂੰ ਜਿਮਨੀ ਚੋਣ ਨਤੀਜਿਆਂ ਨੇ ਦਿਖਾਇਆ ਸ਼ੀਸ਼ਾ



ਪਟਿਆਲਾ, 21 ਨਵੰਬਰ
-ਅਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਲੰਮੇਂ ਸਮੇਂ ਤੋਂ ਯੂ. ਐਸ. ਏ. ਵਿਚ ਵੱਡੇ ਕਾਰੋਬਾਰੀ ਡਾਕਟਰ ਦਰਸ਼ਨ ਸਿੰਘ ਧਾਲੀਵਾਲ ਵੱਲੋਂ ਆਪਣੇ ਕਾਰੋਬਾਰ ਵਿਚ ਪੰਜਾਬੀਆਂ ਦੀ ਸ਼ਮੂਲੀਅਤ ਕਰਨ ਕਾਰਨ ਯੂ.ਐਸ.ਏ. ਵਿਚ ਪੰਜਾਬੀਅਤ ਦਾ ਬੋਲ ਬਾਲਾ ਵਧਾਉਣ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਜਦੋਂ ਵੀ ਸੰਯੁਕਤ ਰਾਸ਼ਟਰ ਅਮਰੀਕਾ ਵਿਚ ਕਿਸੇ ਵੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਉਥੇ ਡਾਕਟਰ ਦਰਸ਼ਨ ਸਿੰਘ ਧਾਲੀਵਾਲ ਰੱਖੜਾ ਦੀ ਅਗਵਾਈ ਵਿਚ ਪੰਜਾਬੀਆਂ ਦਾ ਵੱਡਾ ਗਰੁੱਪ ਜਰੂਰ ਸ਼ਾਮਲ ਹੁੰਦਾ ਹੈ। ਜੋ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਵੱਡੇ ਮਾਣ ਵਾਲੀ ਗੱਲ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਨੇ ਕਰਤਾਰ ਵਿਲ੍ਹਾ ਰੱਖੜਾ ਵਿਖੇ ਪ੍ਰੈਸ ਕੀ ਤਾਕਤ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਰੱਖੜਾ ਪਰਿਵਾਰ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਵਜੋਂ ਕੰਮ ਕਰ ਰਿਹਾ ਹੈ, ਕਿਉਂਕਿ ਇਸ ਪਰਿਵਾਰ ਦਾ ਅਮਰੀਕਾ ਵਿਚ ਵੱਡਾ ਕਾਰੋਬਾਰ ਹੋਣ ਦੇ ਨਾਲ-ਨਾਲ ਸਮਾਜ ਸੇਵਾ ਦੇ ਖੇਤਰ ਵਿਚ ਵੱਡਾ ਯੋਗਦਾਨ ਹੈ। ਇੰਨਾ ਹੀ ਨਹੀਂ ਇਹ ਪਰਿਵਾਰ ਸਿੱਖੀ ਨਾਲ ਜੁੜਿਆ ਹੋਇਆ ਹੋਣ ਕਾਰਨ ਵੀ ਸਮੁੱਚੇ ਸਿੱਖ ਭਾਈਚਾਰੇ ਦੇ ਲੋਕ ਇਨ੍ਹਾਂ ਨਾਲ ਪਿਆਰ-ਸਤਿਕਾਰ ਰਖਦੇ ਹਨ। ਉਥੇ ਹੀ ਇਨ੍ਹਾਂ ਦੇ ਭਰਾ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੇ ਚਰਨਜੀਤ ਸਿੰਘ ਰੱਖੜਾ ਵੀ ਹਰ ਸਮੇਂ ਡਾਕਟਰ ਦਰਸ਼ਨ ਸਿੰਘ ਧਾਲੀਵਾਲ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ ਜਿਸ ਨਾਲ ਅੱਜ ਦੇ ਸਮੇਂ ਵਿਚ ਤਿੰਨੇ ਭਰਾਵਾਂ ਦਾ ਆਪਸੀ ਤਾਲ-ਮੇਲ ਤੇ ਪਿਆਰ ਸਮੁੱਚੀ ਦੁਨੀਆਂ ਲਈ ਰਾਹ ਦਸੇਰਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਸੂਬੇ ਅੰਦਰ ਵੱਡੀ ਤਾਕਤ ਨਾਲ ਮਜ਼ਬੂਤੀ ਵੱਲ ਵੱਧਣ ਵਾਲੀ ਪਾਰਟੀ ਹੈ, ਜਿਸ ਵਿਚ ਨੌਜਵਾਨਾਂ ਦੀ ਵੱਡੀ ਗਿਣਤੀ ਦਾ ਹੋਣਾ ਮਾਣ ਵਾਲੀ ਗੱਲ ਹੈ। ਜੋ ਭਵਿੱਖ ਵਿਚ ਸੂਬੇ ਅੰਦਰੋਂ ਇੱਕ ਵੱਡੀ ਖੇਤਰੀ ਪਾਰਟੀ ਵਜੋਂ ਉਭਰ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਤਰਨਤਾਰਨ ਵਿਖੇ ਹੋਈ ਜਿਮਨੀ ਚੋਣ ਵਿਚ ਪੰਥਕ ਉਮੀਦਵਾਰ ਨੂੰ ਪਈਆਂ ਬੇਹਤਾਸ਼ਾ ਵੋਟਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ 2027 ਵਿਚ ਪੰਥਕ ਉਮੀਦਵਾਰਾਂ ਨੂੰ ਅੱਗੇ ਲਿਆਉਣਗੇ। ਜਿਸ ਨਾਲ ਪੰਜਾਬ ਨੂੰ ਨਸ਼ਾਖੋਰੀ, ਭ੍ਰਿਸ਼ਟਾਚਾਰ, ਗੈਂਗਸਟਰਾਂ ਵੱਲੋਂ ਹੋ ਰਹੇ ਕਤਲੋਆਮ, ਫਿਰੌਤੀਆਂ ਦੀਆਂ ਘਟਨਾਵਾਂ ਨੂੰ ਨੱਥ ਪਾਈ ਜਾਵੇਗੀ ਅਤੇ ਕਾਨੂੰਨ ਦਾ ਰਾਜ਼ ਸਥਾਪਿਤ ਕਰਨ ਵਿਚ ਆਮ ਲੋਕਾਂ ਦੀ ਸ਼ਮੂਲੀਅਤ ਹੋਵੇਗੀ ਅਤੇ ਪੁਲਸ ਵੱਲੋਂ ਕੀਤੀ ਜਾਂਦੀ ਧੱਕੇਸ਼ਾਹੀ ਸਮਾਪਤ ਹੋਵੇਗੀ। ਉਨ੍ਹਾਂ ਕਿਹਾ ਕਿ ਜਿਮਨੀ ਚੋਣ ਨੇ ਪੰਜਾਬ ਸਰਕਾਰ ਨੂੰ ਵੀ ਸ਼ੀਸ਼ਾ ਦਿਖਾਇਆ ਹੈ, ਜਿਹੜੀ ਸਰਕਾਰ ਬਦਲਾਅ ਦੀ ਨੀਤੀ ਤਹਿਤ ਬਣੀ ਸੀ, ਉਸ ਨੇ ਬਦਲਾ ਲੈਣ ਦੀ ਨੀਤੀ ਅਪਣਾ ਲਈ ਹੈ, ਜੋ ਨਿੰਦਣਯੋਗ ਹੈ। ਜਿਥੇ ਸ਼੍ਰੋਮਣੀ ਕਾਨੂੰਨ ਵਿਵਸਥਾ ਲੜਖੜਾਈ ਹੋਈ ਹੈ ਅਤੇ ਜਿਹੜੇ ਵਾਅਦੇ ਚੋਣ ਮੈਨੀਫੈਸਟੋ ਵਿਚ ਕੀਤੇ ਸਨ ਉਹ ਹਵਾ ਹੋ ਚੁੱਕੇ ਹਨ। ਇਸ ਮੌਕੇ ਡਾਕਟਰ ਦਰਸ਼ਨ ਸਿੰਘ ਧਾਲੀਵਾਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਭਵਿੱਖ ਵਿਚ ਨੌਜਵਾਨਾਂ ਨੂੰ ਇੱਕ ਚੰਗਾ ਮਾਰਗ ਦਿਖਾਉਣ ਵਾਲੀ ਪਾਰਟੀ ਵਜੋਂ ਉਭਰੇਗੀ ਤਾਂ ਹੀ ਨਿੱਤ ਦਿਨ ਵੱਖ-ਵੱਖ ਪਾਰਟੀਆਂ ਦੇ ਆਗੂ ਇਸ ਨਾਲ ਜੁੜ ਰਹੇ ਹਨ ਤਾਂ ਜੋ 2027 ਅੰਦਰ ਸਪੱਸ਼ਟ ਬਹੁਮਤ ਨਾਲ ਸੂਬੇ ਅੰਦਰ ਸਰਕਾਰ ਬਣਾ ਸਕੀਏ। ਇਸ ਮੌਕੇ ਸਾਬਕਾ ਚੇਅਰਮੈਨ ਜਸਪਾਲ ਸਿੰਘ ਕਲਿਆਣ, ਰਘਬੀਰ ਸਿੰਘ ਕਲਿਆਣ, ਕੁਲਵੰਤ ਸਿੰਘ ਦਦਹੇੜਾ, ਗੁਰਮੇਲ ਸਿੰਘ ਬਠੋਈ, ਜਸਵਿੰਦਰ ਸਿੰਘ ਮੂੰਡਖੇੜਾ, ਬਿੱਟੂ ਆਸੇਮਾਜਰਾ, ਜਸਵਿੰਦਰ ਸਿੰਘ ਚੀਮਾ ਵੀ ਹਾਜ਼ਰ ਸਨ।

# ਪੰਜਾਬ ਪਬਲਿਕ ਸਕੂਲ ਨਾਭਾ ਵਿਖੇ ਸਾਲਾਨਾ ਇੰਟਰ-ਹਾਊਸ ਅਥਲੈਟਿਕਸ ਚੈਂਪੀਅਨਸ਼ਿਪ ਸਮਾਪਤ



ਨਾਭਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਸਲਾਨਾ ਇੰਟਰ-ਹਾਊਸ ਐਥਲੈਟਿਕਸ ਚੈਂਪੀਅਨਸ਼ਿਪ 16 ਨਵੰਬਰ, 2025 ਨੂੰ ਸਮਾਪਤ ਹੋਈ। ਬਿਆਸ ਹਾਊਸ ਦੇ ਕੁਵਰਦੇਸ਼ਵਰ ਸਿੰਘ, ਬਖਸ਼ਦੀਪ ਸਿੰਘ ਸਿੱਧੂ ਅਤੇ ਰਾਵੀ ਹਾਊਸ ਦੇ ਸੁਖਮਨਵੀਰ ਸਿੰਘ ਸਿੱਧੂ ਨੂੰ ਕ੍ਰਮਵਾਰ ਸੈਕਸ਼ਨ-ਏ, ਸੈਕਸ਼ਨ-ਬੀ ਅਤੇ ਸੈਕਸ਼ਨ-ਸੀ ਵਿੱਚ ਸਰਵੋਤਮ ਐਥਲੀਟ ਐਲਾਨਿਆ ਗਿਆ। ਬਿਆਸ ਹਾਊਸ ਦੀ ਗੁਰਲੀਨ ਕੌਰ ਅਤੇ ਰਾਵੀ ਹਾਊਸ ਦੀ ਅਰਵਿੰਦਰ ਕੌਰ ਨੂੰ ਸੈਕਸ਼ਨ-ਏ ਵਿੱਚ ਸਰਵੋਤਮ ਐਥਲੀਟ ਐਲਾਨਿਆ ਗਿਆ ਜਦੋਂ ਕਿ ਬਿਆਸ ਹਾਊਸ ਦੀ ਰਹਿਮਤ ਕੌਰ ਨੇ ਸੈਕਸ਼ਨ-ਬੀ ਵਿੱਚ ਵੱਕਾਰੀ ਖਿਤਾਬ ਜਿੱਤਿਆ।
ਲਗਭਗ ਸਾਰੇ ਈਵੈਂਟਾਂ ਵਿੱਚ, ਬਿਆਸ ਹਾਊਸ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਦਬਦਬਾ ਬਣਾਈ ਰੱਖਿਆ, ਸੀਨੀਅਰ ਗਰਲਜ਼, ਜੂਨੀਅਰ ਗਰਲਜ਼ ਅਤੇ ਮਿਡਲ ਹਾਊਸਜ਼ ਦੀ ਐਥਲੈਟਿਕਸ ਟਰਾਫੀ ਦੇ ਨਾਲ-ਨਾਲ ਸੀਨੀਅਰ ਹਾਊਸਜ਼ ਦਾ ਖਿਤਾਬ ਵੀ ਹਾਸਲ ਕੀਤਾ। ਰਾਵੀ ਹਾਊਸ ਨੇ ਜੂਨੀਅਰ ਹਾਊਸਜ਼ ਦੀ ਐਥਲੈਟਿਕਸ ਟਰਾਫੀ ਜਿੱਤੀ ਜਦੋਂ ਕਿ ਬਿਆਸ ਹਾਊਸ ਨੇ ਮੁੰਡਿਆਂ ਲਈ ਓਵਰਆਲ ਅਥਲੈਟਿਕਸ ਚੈਂਪੀਅਨਸ਼ਿਪ ਟਰਾਫੀ ਜਿੱਤ ਕੇ ਆਪਣੀ ਲੀਡ ਨੂੰ ਹੋਰ ਮਜ਼ਬੂਤ ਕੀਤਾ। ਆਪਣੇ ਸ਼ਾਨਦਾਰ ਪ੍ਰਦਰਸ਼ਨ ਨੂੰ ਜੋੜਦੇ ਹੋਏ, ਬਿਆਸ ਹਾਊਸ ਨੇ ਮਾਰਚ ਪਾਸਟ ਟਰਾਫੀ ਵੀ ਜਿੱਤੀ।
ਬ੍ਰਿਗੇਡੀਅਰ ਅਦਿੱਤਿਆ ਮਦਾਨ (ਸੇਵਾਮੁਕਤ), ਸਕੂਲ ਦੇ ਹੀ ਪੁਰਾਣੇ ਵਿਦਿਆਰਥੀ ਨੇ ਇਸ ਚੈਂਪੀਅਨਸ਼ਿਪ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਵੱਖ-ਵੱਖ ਸ਼੍ਰੇਣੀਆਂ ਦੇ ਜੇਤੂਆਂ ਨੂੰ ਸਰਟੀਫਿਕੇਟ ਅਤੇ ਟਰਾਫੀਆਂ ਦਿੱਤੀਆਂ। ਇਸ ਮੌਕੇ ਬੋਲਦਿਆਂ, ਉਨ੍ਹਾਂ ਨੇ ਆਪਣੇ ਸਕੂਲ ਦੇ ਪੁਰਾਣੇ ਸੁਨਹਿਰੀ ਦਿਨਾਂ ਨੂੰ ਯਾਦ ਕੀਤਾ ਅਤੇ ਆਪਣੇ ਅਧਿਆਪਕਾਂ ਅਤੇ ਸਲਾਹਕਾਰਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਹੈੱਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਨਾਲ ਜੋੜਨ ਲਈ ਸਮਾਣਾ ਦੇ ਪਿੰਡਾਂ ਨੂੰ ਮਿਲਣਗੇ ਖੇਡ ਦੇ ਗਰਾਊਂਡ: ਜੌੜਾਮਾਜਰਾ



ਸਮਾਣਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਲਕਾ ਸਮਾਣਾ ਦੇ ਪਿੰਡਾਂ ਵਿੱਚ ਖੇਡ ਦੇ ਮੈਦਾਨ ਬਣਾ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ। ਵਿਧਾਇਕ ਜੌੜਾਮਾਜਰਾ ਨੇ ਇਸ ਦੌਰਾਨ ਆਪਣੇ ਹਲਕੇ ਦੇ ਦੋ ਪਿੰਡਾਂ ਸੇਖੂਪੁਰ ਅਤੇ ਸ਼ੇਰਮਾਜਰਾ ਵਿਖੇ 62 ਲੱਖ ਰੁਪਏ ਦੀ ਲਾਗਤ ਨਾਲ ਦੋ ਖੇਡ ਦੇ ਮਾਡਲ ਮੈਦਾਨ ਤਿਆਰ ਕਰਨ ਦੇ ਨੀਂਹ ਪੱਥਰ ਰੱਖੇ।
ਇਸ ਮੌਕੇ ਉਨ੍ਹਾਂ ਦੱਸਿਆ ਕਿ ਸੇਖੂਪੁਰ ਵਿਖੇ ਸਵਾ ਏਕੜ ਵਿੱਚ ਬਣਨ ਵਾਲੇ ਇਸ ਗਰਾਊਂਡ ਤੇ ਲਗਭਗ 35 ਲੱਖ ਰੁਪਏ ਖਰਚੇ ਜਾਣਗੇ ਇਸੇ ਤਰ੍ਹਾਂ ਪਿੰਡ ਸ਼ੇਰ ਮਾਜਰਾ ਵਿਖੇ ਵੀ ਲਗਭਗ 3 ਏਕੜ ਵਿੱਚ ਲਗਭਗ 27 ਲੱਖ ਰੁਪਏ ਦੀ ਲਾਗਤ ਨਾਲ ਮਾਡਲ ਖੇਡ ਦਾ ਮੈਦਾਨ ਤਿਆਰ ਹੋਵੇਗਾ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਮੁਢਲੀ ਤਰਜੀਹ ਸਿਹਤ, ਸਿੱਖਿਆ ਅਤੇ ਰੋਜ਼ਗਾਰ ਹੈ, ਇਸ ਤਹਿਤ ਹੀ ਨੌਜਵਾਨਾਂ ਨੂੰ ਆਪਣੇ ਪੈਰਾਂ ਉਤੇ ਖੜ੍ਹੇ ਹੋਣ ਦੇ ਕਾਬਲ ਬਣਾਉਣ ਅਤੇ ਨਸ਼ਿਆਂ ਤੋਂ ਦੂਰ ਕਰਨ ਲਈ ਖੇਡਾਂ ਨਾਲ ਜੋੜਨ ਦੇ ਉਪਰਾਲੇ ਕਰਦੇ ਹੋਏ ਰਾਜ ਭਰ ਵਿੱਚ ਸਾਰੇ ਪਿੰਡਾਂ ਵਿੱਚ ਖੇਡ ਦੇ ਮੈਦਾਨ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ।
ਇਸ ਮੌਕੇ ਗੁਰਦੇਵ ਟਿਵਾਣਾ ਅਤੇ ਮਾਰਕੀਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂ ਮਾਜਰਾ ਬਲਾਕ ਇੰਚਾਰਜ ਨਵਪ੍ਰੀਤ ਉੱਚਾ ਗਾਉ, ਬਲਜਿੰਦਰ ਸਿੰਘ ਪਹਾੜਪੁਰ, ਬਲਕਾਰ ਸਿੰਘ ਰਾਜਗੜ੍ਹ, ਜਸਵੰਤ ਸਿੰਘ ਅਤੇ ਪਿੰਡ ਦੀ ਗ੍ਰਾਮ ਪੰਚਾਇਤ ਅਤੇ ਯੂਥ ਦੇ ਮੈਂਬਰ ਸਾਹਿਬਾਨ ਅਤੇ ਪਿੰਡ ਵਾਸੀ ਮੌਜੂਦ ਸਨ। ਇਸ ਮੌਕੇ ਇਨ੍ਹਾਂ ਪਿੰਡਾਂ ਦੇ ਖਿਡਾਰੀਆਂ ਨੇ ਵਿਧਾਇਕ ਜੌੜਾਮਾਜਰਾ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੀ ਮੰਗ ਪੂਰੀ ਕਰਕੇ ਪੰਜਾਬ ਸਰਕਾਰ ਨੇ ਉਨ੍ਹਾਂ ਲਈ ਖੇਡਾਂ ਵਿੱਚ ਆਪਣਾ ਨਾਮ ਕਮਾਉਣ ਦਾ ਬਹੁਤ ਚੰਗਾ ਮੌਕਾ ਦਿੱਤਾ ਹੈ। ਪਿੰਡਾਂ ਦੇ ਵਸਨੀਕਾਂ ਨੇ ਕਿ ਪੰਜਾਬ ਸਰਕਾਰ ਦਾ ਇਹ ਬਹੁਤ ਚੰਗਾ ਉਪਰਾਲਾ ਹੈ।

# ਹੜ੍ਹ ਪੀੜਤ ਕਿਸਾਨਾਂ ਨੂੰ ਹੁਣ ਤੱਕ ਮੁਆਵਜ਼ਾ ਨਾ ਮਿਲਣ ਕਰਕੇ ਬੱਲੀਏਵਾਲ ਵਲੋਂ ਮੁੱਖ ਮੰਤਰੀ ਨੂੰ ਲਿਖਿਆ ਪੱਤਰ



ਲੁਧਿਆਣਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਬੁਲਾਰੇ ਪ੍ਰਿਤਪਾਲ ਸਿੰਘ ਬੱਲੀਏਵਾਲ ਨੇ ਅੱਜ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਪੱਤਰ ਲਿਖਿਆ ਹੈ ਜਿਸ ਵਿੱਚ ਉਨ੍ਹਾਂ ਨੇ ਹਲਕਾ ਸਾਹਨੇਵਾਲ ਦੇ ਨਾਲ ਸੰਬੰਧਿਤ ਪਿੰਡ ਸਸਰਾਲੀ, ਬੂਥਗੜ੍ਹ ਬੰਨਜਾਰਾ , ਸਸਰਾਲੀ ਕਲੋਨੀ ਦੇ ਹੜ੍ਹ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਨਾ ਮਿਲਣ ਬਾਰੇ ਜਾਣਕਾਰੀ ਦਿੱਤੀ ਹੈ।
ਬੱਲੀਏਵਾਲ ਨੇ ਲਿਖਿਆ ਕਿ ਪੰਜਾਬ ਵਿੱਚ ਵੱਖ ਵੱਖ ਹਲਕਿਆਂ ਵਿੱਚ ਆਏ ਹੜ੍ਹਾਂ ਕਰਕੇ ਬਹੁਤ ਨੁਕਸਾਨ ਹੋਇਆ ਸੀ। ਜਿਸ ਦੇ ਚੱਲਦਿਆਂ ਸਾਡੇ ਹਲਕੇ ਸਾਹਨੇਵਾਲ ਵਿੱਚ ਵੀ ਸਤਲੁਜ ਦਰਿਆ ਨੇ ਵੱਡੀ ਮਾਰ ਮਾਰੀ ਸੀ। ਇਸ ਹੜ੍ਹਾਂ ਕਾਰਨ ਸਾਡੇ ਇਲਾਕੇ ਦੀਆਂ ਇੱਕਲੀਆਂ ਫ਼ਸਲਾਂ ਬਰਬਾਦ ਨਹੀਂ ਹੋਈਆਂ ਬਲਕਿ ਜ਼ਮੀਨਾਂ ਵੀ ਦਰਿਆ ਵਿੱਚ ਰੁੜ ਗਈਆਂ। ਬੱਲੀਏਵਾਲ ਨੇ ਪੱਤਰ ਵਿੱਚ ਮੁੱਖ ਮੰਤਰੀ ਨੂੰ 12 ਸਤੰਬਰ ਨੂੰ ਕੀਤੇ ਐਲਾਨ ਬਾਰੇ ਯਾਦ ਕਰਵਾਇਆ, ਜਿਸ ਵਿੱਚ ਦੀਵਾਲੀ ਤੋਂ ਪਹਿਲਾਂ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਮਿਲਣ ਦੀ ਗੱਲ ਕਹੀ ਸੀ।
ਬੱਲੀਏਵਾਲ ਨੇ ਲਿਖਿਆ ਕਿ ਚਿੱਠੀ ਵਿੱਚ ਲਿਖਿਆ ਕਿ ਹੁਣ ਤਾਂ ਦੀਵਾਲੀ ਲੰਘੀ ਨੂੰ 1 ਮਹੀਨੇ ਤੋਂ ਉੱਪਰ ਦਾ ਸਮਾਂ ਹੋ ਗਿਆ, ਪਰ ਮੇਰੇ ਹਲਕਾ ਸਾਹਨੇਵਾਲ ਦੇ 77 ਤੋਂ ਵੱਧ ਕਿਸਾਨ ਅਜਿਹੇ ਹਨ, ਜਿੰਨ੍ਹਾਂ ਨੂੰ ਹੁਣ ਤੱਕ ਕੋਈ ਮੁਆਵਜ਼ਾ ਨਹੀਂ ਮਿਲਿਆ। ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਣ ਦਾ ਕੰਮ ਸਿਰਫ਼ ਫ਼ੋਟੋਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ, ਹੜ੍ਹ ਪੀੜਤ ਕਿਸਾਨਾਂ ਨੂੰ ਸਿਰਫ਼ ਲਾਰੇ ਤੇ ਲਾਰਾ ਮਿਲ ਰਿਹਾ ਹੈ।
ਉਨ੍ਹਾਂ ਨੇ ਮੁੱਖ ਮੰਤਰੀ ਸਾਬ ਨੂੰ ਬੇਨਤੀ ਹੈ ਕੀ ਜਲਦੀ ਤੋਂ ਜਲਦੀ ਮੁਆਵਜ਼ੇ ਦਾ ਪੈਸਾ ਕਿਸਾਨਾਂ ਦੇ ਖਾਤਿਆਂ ਵਿੱਚ ਪਾਇਆ ਜਾਵੇ। ਬੱਲੀਏਵਾਲ ਨੇ 77 ਕਿਸਾਨ ਪਰਿਵਾਰਾਂ ਦੇ ਨਾਮ ਦੀ ਲਿਸਟ ਚਿੱਠੀ ਦੇ ਨਾਲ ਭੇਜੀ ਹੈ।

# ਸ਼੍ਰੀ ਸਨਾਤਨ ਧਰਮ ਮਹਾਂਵੀਰ ਦਲ ਪੰਜਾਬ ਨੇ ਡਾ. ਸੌਰਭ ਕਪੂਰ ਨੂੰ ਕੀਤਾ ਸਨਮਾਨਿਤ



ਮਲੇਰਕੋਟਲਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਸਨਾਤਨ ਧਰਮ ਪ੍ਰਤੀਨਿਧੀ ਸਭਾ ਪੰਜਾਬ (ਰਜਿ.) ਨਵੀਂ ਦਿੱਲੀ ਨੇ ਸਰਟੀਫਿਕੇਟ ਦੇ ਕੇ ਡਾ. ਸੌਰਭ ਕਪੂਰ (ਪੰਜਾਬ ਦਾ ਯੂਥ ਆਈਕਨ) ਨੂੰ 16 ਨਵੰਬਰ, 2025 ਨੂੰ ਮਾਲੇਰਕੋਟਲਾ ਵਿਖੇ ਹੋਏ ਇੱਕ ਅਵਾਰਡ ਸਮਾਰੋਹ ਵਿੱਚ ਪੰਜਾਬ ਦੇ ਮਾਨਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਵਿਦਿਅਕ ਖੇਤਰਾਂ ਵਿੱਚ ਪਾਏ ਗਏ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।
ਇਸ ਮੌਕੇ ਪਰ ਮਹੰਤ ਸਵਰੂਪ ਬਿਹਾਰੀ ਸ਼ਰਨ ਪ੍ਰਧਾਨ, ਸ਼੍ਰੀ ਮਹਾਂਵੀਰ ਦਲ ਪੰਜਾਬ ਅਤੇ ਡਾ.ਦੇਸ਼ਬੰਧੂ ਪ੍ਰਧਾਨ ਸ਼੍ਰੀ ਸਨਾਤਨ ਧਰਮ ਪ੍ਰਤੀਨਿਧੀ ਸਭਾ ਆਦਿ ਹਾਜ਼ਰ ਸਨ।

# ਆਜ਼ਾਦੀ ਘੋਲ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਵੱਡੀ ਕੁਰਬਾਨੀ: ਹਰਦੀਪ ਸਨੌਰ



ਪਟਿਆਲਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਦੀ ਆਜ਼ਾਦੀ ਲਈ ਚੱਲਦੇ ਘੋਲ ਵਿਚ ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਵੱਡੀ ਕੁਰਬਾਨੀ ਸੀ, ਜਿਸ ਨੂੰ ਦੇਸ਼ ਵਾਸੀ ਕਦੇ ਵੀ ਭੁਲਾ ਨਹੀਂ ਸਕਦੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਸਟਰ ਮੋਟੀਵੇਟਰ ਅਤੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਦੇ ਆਗੂ ਹਰਦੀਪ ਸਿੰਘ ਸਨੌਰ ਨੇ ਗੁਰਮੁੱਖ ਗੁਰੂ ਵੱਲੋਂ ਕਰਵਾਏ ਸਮਾਗਮ ਦੌਰਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੀਤਾ।
ਉਨ੍ਹਾਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਜਿਨ੍ਹਾਂ ਵੱਲੋਂ ਕੀਤੇ ਕਾਰਜਾਂ ਨੂੰ ਯਾਦ ਕਰਨਾ ਅਤੇ ਆਉਣ ਵਾਲੀ ਪੀੜ੍ਹੀ ਨੂੰ ਦੱਸਣ ਦੀ ਵੀ ਵੱਡੀ ਜਿਮੇਵਾਰੀ ਮੌਜੂਦਾ ਦੌਰ ਦੇ ਸਮਾਜ ਸੇਵਕਾਂ ਅਤੇ ਆਗੂਆਂ ਵੱਲੋਂ ਬਾਖੂਬੀ ਨਿਭਾਈ ਜਾ ਰਹੀ ਹੈ। ਪਟਿਆਲਾ ਦੀਆਂ ਸਮੁੱਚੀਆਂ ਸਮਾਜ ਸੇਵਾ ਕਰਨ ਵਾਲੀਆਂ ਸੰਸਥਾਵਾਂ ਨਾਲ ਰਲ ਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਹਾੜਾ ਮਨਾਉਣ ਦਾ ਉਪਰਾਲਾ ਸ਼ਲਾਘਾਯੋਗ ਹੈ, ਜਿਸ ਵਿਚ ਮਿਸ਼ਨ ਲਾਲੀ ਤੇ ਹਰਿਆਲੀ ਦੀ ਸਮੁੱਚੀ ਟੀਮ ਗੁਰਮੁੱਖ ਗੁਰੂ ਨਾਨ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਇਸ ਮੌਕੇ ਟੀਮ ਆਗੂਆਂ ਵਿਚ ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਸਿੱਖਿਆ ਸਾਸ਼ਤਰੀ ਅਨਿਲ ਭਾਰਤੀ, ਭਾਈ ਰਵਿੰਦਰ ਸਿੰਘ ਭਾਂਖਰ, ਲੋਕ ਗਾਇਕ ਲੱਕੀ ਸਿੰਘ, ਠੇਕੇਦਾਰ ਗੁਰਬਚਨ ਸਿੰਘ ਪਟਿਆਲਾ, ਚਾਚਾ ਜੁਗਰਾਜ ਸਿੰਘ ਚਹਿਲ, ਤੇਜਿੰਦਰ ਸਿੰਘ ਮੰਡੌਰ, ਕਿਰਪਾਲ ਸਿੰਘ ਪੰਜੌਲਾ, ਪ੍ਰੇਮ ਸਿੰਘ ਖਾਲਸਾ ਤੇ ਹਰਮਨਦੀਪ ਸਿੰਘ ਸਨੌਰ ਵੀ ਹਾਜ਼ਰ ਸਨ।

# ਸੇਵਾਦਾਰ ਰਾਕੇਸ਼ ਬੱਗਾ ਦਾ ਬੋਲੜ ਕਲਾਂ ਚ ਭਰਵਾ ਸਵਾਗਤ



ਸਨੌਰ,21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਨੌਰ ਚ ਲੰਮੇ ਸਮੇਂ ਤੋਂ ਸੇਵਾ ਕਰ ਰਹੇ ਸੇਵਾਦਾਰ ਸ੍ਰੀ ਰਾਕੇਸ਼ ਬੱਗਾ (ਬਹਾਦਰਗੜ੍ਹ) ਦਾ ਪਿੰਡ ਬੋਲੜ ਕਲਾਂ ਦੇ ਸਰਕਾਰੀ ਸਕੂਲ ਚ ਪਹੁੰਚੇ ਪਿੰਡ ਬੋਲੜ ਕਲਾਂ ਦੇ ਨਿਵਾਸੀਆ ਨੇ ਰਾਕੇਸ਼ ਬੱਗਾ ਦਾ ਭਰਵਾ ਸਵਾਗਤ ਕੀਤਾ, ਸੇਵਾਦਾਰ ਰਾਕੇਸ਼ ਬੱਗਾ ਨੇ ਸਕੂਲ ਚ ਬੱਚਿਆ ਨੂੰ 210 ਸੈੱਟ ਬੂਟ, ਕੋਟੀਆਂ, ਜੁਰਾਬਾਂ ਦੀ ਸੇਵਾ ਕਰਨ ਦੇ ਨਾਲ ਦੋ ਲੋੜਵੰਦ ਜੋ ਚਲਣ ਤੋਂ ਅਸਮਰਥ ਸਨ ਉਨ੍ਹਾਂ ਬੱਚਿਆ ਨੂੰ ਵੀਹਲਚੇਅਰ ਦੇ ਕੇ ਸੇਵਾ ਕੀਤੀ। ਸੇਵਾਦਾਰ ਰਾਕੇਸ਼ ਬੱਗਾ ਆਉਣ ਵਾਲੇ ਵਿਧਾਨ ਸਭਾ ਚੋਣਾਂ ਲਈ ਅਜ਼ਾਦ ਉਮੀਦਵਾਰ ਲਈ ਵੀ ਤਿਆਰ ਹਨ। ਇਸ ਸਮੇਂਸਮੂਹ ਪੰਚਾਇਤ ਪਿੰਡ ਬੋਲੜ ਕਲਾਂ,ਦਲੀਪ ਸਿੰਘ, ਬ੍ਰਿਜਪਾਲ , ਲਾਲੂ, ਪਿੰਡ ਨਿਵਾਸੀ ਮੌਜੂਦ ਸਨ।

# 21 ਨਵੰਬਰ ਨੂੰ ਪਟਿਆਲਾ 'ਚ ਆਵੇਗੀ ਵਿਸ਼ਾਲ ਨਗਰ ਕੀਰਤਨ ਯਾਤਰਾ; ਪਾਲਕੀ ਸਾਹਿਬ ਦਾ ਰੂਟ ਪਲਾਨ ਕੀਤਾ ਗਿਆ ਜਾਰੀ



ਪਟਿਆਲਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮਾਂ ਦੀ ਲੜੀ ਅਧੀਨ, ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਵਿਸ਼ਾਲ ਯਾਦਗਾਰੀ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਇਸ ਲੜੀ ਤਹਿਤ 21 ਨਵੰਬਰ ਨੂੰ ਪਟਿਆਲਾ ਵਿੱਚ ਵਿਸ਼ਾਲ ਨਗਰ ਕੀਰਤਨ ਧਾਰਮਿਕ ਯਾਤਰਾ ਸੰਬੰਧੀ ਪ੍ਰਬੰਧਾਂ ਦਾ ਜਾਇਜ਼ਾ ਵਧੀਕ ਡਿਪਟੀ ਕਮਿਸ਼ਨਰ ਦਮਨਜੀਤ ਸਿੰਘ ਵੱਲੋਂ ਲਿਆ ਗਿਆ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਮੌਜੂਦ ਸਨ।
ਮੀਟਿੰਗ ਦੌਰਾਨ ਉਹਨਾਂ ਦਸਿਆ ਕਿ ਪਾਲਕੀ ਸਾਹਿਬ ਯਾਤਰਾ ਸੰਗਰੂਰ ਰੋਡ ਤੋਂ ਰਾਜਿੰਦਰਾ ਹਸਪਤਾਲ ਹੁੰਦੇ ਹੋਏ ਗੁਰੂਦੁਆਰਾ ਸ਼੍ਰੀ ਸਿੰਘ ਸਭਾ ਪਹੁੰਚੇਗੀ ਜਿੱਥੇ ਪਾਲਕੀ ਸਾਹਿਬ ਨੂੰ ਗਾਰਡ ਆਫ ਆਨਰ ਦਿੱਤਾ ਜਾਵੇਗਾ। ਇਸ ਉਪਰੰਤ ਯਾਤਰਾ ਲੀਲਾ ਭਵਨ ਹੁੰਦੇ ਹੋਏ ਥਾਪਰ ਯੂਨੀਵਰਸਿਟੀ ਅਤੇ ਉਥੋਂ ਮਿੰਨੀ ਸਕੱਤਰੇਤ ਹੁੰਦੇ ਹੋਏ ਗੁਰੂਦੁਆਰਾ ਸ੍ਰੀ ਦੁਖਨਿਵਾਰਨ ਪਹੁੰਚੇਗੀ ਇਥੇ ਕੁਝ ਸਮਾਂ ਰੁਕਣ ਤੋਂ ਬਾਅਦ ਪੁਰਾਣਾ ਬੱਸ ਸਟੈਂਡ ਹੁੰਦੇ ਹੋਏ ਰਾਜਪੁਰਾ ਰੋਡ ਵੱਲ ਜਾਵੇਗੀ ਅਤੇ ਗੁਰੂਦੁਆਰਾ ਸ੍ਰੀ ਬਹਾਦੁਰਗੜ ਤੋਂ ਹੁੰਦੇ ਹੋਏ ਰਾਜਪੁਰਾ ਵੱਲ ਜਾਵੇਗੀ ਅਤੇ ਰਾਜਪੁਰਾ 'ਚੋ ਲੰਘ ਕੇ ਯਾਤਰਾ ਬਨੂੜ ਵੱਲ ਜਾਵੇਗੀ। ਪਾਲਕੀ ਸਾਹਿਬ ਦੇ ਰੂਟ 'ਤੇ ਸਫ਼ਾਈ, ਸਜਾਵਟ, ਰੋਸ਼ਨੀ, ਟ੍ਰੈਫ਼ਿਕ ਪ੍ਰਬੰਧ, ਪੀਣ ਵਾਲੇ ਪਾਣੀ ਦੀ ਸੁਵਿਧਾ, ਮੈਡੀਕਲ ਸਹੂਲਤ, ਸੁਰੱਖਿਆ ਪ੍ਰਬੰਧ ਅਤੇ ਭੀੜ ਪ੍ਰਬੰਧਨ ਨਾਲ ਜੁੜੇ ਮੁੱਖ ਬਿੰਦੂਆਂ ਉੱਤੇ ਚਰਚਾ ਕੀਤੀ ਗਈ। ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਵਾਲੀਆਂ ਹਜ਼ਾਰਾਂ ਸੰਗਤਾਂ ਨੂੰ ਕਿਸੇ ਵੀ ਤਰਾ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।
ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਲਿਸ, ਨਗਰ ਨਿਗਮ, ਲੋਕ ਨਿਰਮਾਣ ਵਿਭਾਗ , ਵਾਟਰ ਸਪਲਾਈ, ਫੋਰੈਸਟ ਵਿਭਾਗ, ਫਾਇਰ ਬ੍ਰਿਗੇਡ, ਪਬਲਿਕ ਹੈਲਥ, ਐਮਰਜੈਂਸੀ ਸਰਵਿਸਜ਼ ਅਤੇ ਐਸ.ਡੀ.ਐਮਜ਼ ਨੂੰ ਆਪਣੀ-ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਸਪਸ਼ਟ ਨਿਰਦੇਸ਼ ਜਾਰੀ ਕੀਤੇ ਗਏ। ਪੁਲਿਸ ਵਿਭਾਗ ਨੂੰ ਟ੍ਰੈਫ਼ਿਕ ਡਾਇਵਰਜ਼ਨ, ਸੁਰੱਖਿਆ ਘੇਰਾ ਅਤੇ ਰੂਟ ਪਲਾਨ ਸਬੰਧੀ ਖਾਸ ਤਿਆਰੀਆਂ ਕਰਨ ਲਈ ਕਿਹਾ ਗਿਆ। ਨਗਰ ਨਿਗਮ ਨੂੰ ਸਫ਼ਾਈ ਮੁਹਿੰਮ ਤੇ ਧਿਆਨ ਕੇਂਦਰਿਤ ਕਰਦੇ ਹੋਏ ਰੂਟ 'ਤੇ ਖਾਸ ਤੌਰ 'ਤੇ ਵਾਧੂ ਕਰਮਚਾਰੀ ਤੈਨਾਤ ਕਰਨ ਦੇ ਆਦੇਸ਼ ਦਿੱਤੇ ਗਏ। ਪਬਲਿਕ ਹੈਲਥ ਅਤੇ ਵਾਟਰ ਸਪਲਾਈ ਵਿਭਾਗਾਂ ਨੂੰ ਸਾਫ਼ ਪਾਣੀ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਕਿਹਾ ਗਿਆ।
ਲੋਕ ਨਿਰਮਾਣ ਵਿਭਾਗ ਵੱਲੋਂ ਰੂਟ 'ਤੇ ਸੜਕਾਂ ਦੀ ਮਰੰਮਤ ਅਤੇ ਜ਼ਰੂਰੀ ਸੁਧਾਰ ਕੰਮ ਤੁਰੰਤ ਪੂਰੇ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਫਾਇਰ ਬ੍ਰਿਗੇਡ ਨੂੰ ਐਮਰਜੈਂਸੀ ਦੇ ਮੱਦੇਨਜ਼ਰ ਤੁਰੰਤ ਕਾਰਵਾਈ ਲਈ ਅਲਰਟ ਰਹਿਣ ਅਤੇ ਰੂਟ 'ਤੇ ਸਟੈਂਡਬਾਈ ਗੱਡੀਆਂ ਤੈਨਾਤ ਕਰਨ ਲਈ ਕਿਹਾ ਗਿਆ।
ਮੀਟਿੰਗ ਦੌਰਾਨ ਅਧਿਕਾਰੀਆਂ ਨੇ ਯਕੀਨ ਦਵਾਇਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ 350 ਸਾਲਾਂ ਨੂੰ ਸਮਰਪਿਤ ਇਹ ਵਿਸ਼ਾਲ ਨਗਰ ਕੀਰਤਨ ਪੂਰੇ ਆਦਰ-ਸਤਿਕਾਰ ਨਾਲ ਮਨਾਇਆ ਜਾਵੇਗਾ। ਇਸ ਮੌਕੇ ਆਰ ਟੀ ਏ ਬਬਨਦੀਪ ਸਿੰਘ ਵਾਲੀਆ, ਐਸ ਡੀ ਐਮ ਨਾਭਾ ਇਸਮਤ ਵਿਜੈ ਸਿੰਘ, ਐਸ ਡੀ ਐਮ ਹਰਜੋਤ ਕੌਰ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਤਰਨ ਤਾਰਨ ਜਿਮਨੀ ਚੋਣ ਸ਼੍ਰੋਮਣੀ ਅਕਾਲੀ ਦਲ ਦੇ ਲਈ ਸ਼ੁਭ ਸੰਕੇਤ : ਪਰਮਜੀਤ ਢਿੱਲੋਂ



ਮਾਛੀਵਾੜਾ ਸਾਹਿਬ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਿਮਨੀ ਚੋਣ ਤਰਨ ਤਾਰਨ ਦੇ ਨਤੀਜਿਆਂ ਵਿੱਚ ਭਾਵੇਂ ਆਦਮੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਹੋਈ ਪਰ ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਇਹ ਜਿਮਨੀ ਚੋਣ ਬਹੁਤ ਲਾਹੇਬੰਦ ਸਿੱਧ ਹੋਈ ਅਤੇ ਇਸ ਦਾ ਸਿੱਧੇ ਤੌਰ ਤੇ ਲਾਭ 2027 ਦੀਆਂ ਚੋਣਾਂ ਵਿੱਚ ਮਿਲੇਗਾ।ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹਲਕਾ ਸਮਰਾਲਾ ਤੋਂ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਚੋਣਾਂ ਦੌਰਾਨ ਅਕਾਲੀ ਦਲ ਦਾ ਗ੍ਰਾਫ਼ ਵਧਣ ਨਾਲ ਆਗੂ ਤੇ ਵਰਕਰ ਖੁਸ਼ ਨਜ਼ਰ ਆ ਰਹੇ ਹਨ।
ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਇਸ ਗੱਲ ਨੂੰ ਭਲੀ ਭਾਂਤ ਜਾਣ ਗਏ ਹਨ ਕਿ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਹੀ ਪੰਜਾਬ ਦੀ ਭਲਾਈ ਅਤੇ ਤਰੱਕੀ ਵਾਸਤੇ ਕੰਮ ਕਰ ਸਕਦੀ ਹੈ, ਕਿਉਂਕਿ ਜੋ ਵਿਕਾਸ ਕਾਰਜ ਸ਼੍ਰੋਮਣੀ ਅਕਾਲੀ ਦਲ ਸਰਕਾਰਾਂ ਵੇਲੇ ਹੋਏ ਹਨ ਬਾਕੀ ਸਰਕਾਰਾਂ ਉਹਨਾਂ ਵਿਕਾਸ ਕਾਰਜਾਂ ਦੇ ਨੇੜੇ ਵੀ ਨਹੀਂ ਢੁੱਕ ਸਕੀਆਂ। ਇਸ ਮੌਕੇ ਉਨ੍ਹਾਂ ਨਾਲ ਹਰਜਤਿੰਦਰ ਸਿੰਘ ਬਾਜਵਾ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਅਰਵਿੰਦਰਪਾਲ ਸਿੰਘ ਵਿੱਕੀ, ਸਰਕਲ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ, ਜਥੇਦਾਰ ਹਰਜੀਤ ਸਿੰਘ ਸ਼ੇਰੀਆਂ, ਜਥੇਦਾਰ ਹਰਦੀਪ ਸਿੰਘ ਬਹਿਲੋਲਪੁਰ, ਐਡਵੋਕੇਟ ਗੁਰਜੀਤ ਸਿੰਘ ਮਿੱਠੇਵਾਲ ਹਾਜ਼ਰ ਸਨ। ਤਰਨਤਾਰਨ ਜਿਮਨੀ ਚੋਣ ਦੇ ਨਤੀਜੇ ਦੌਰਾਨ ਨਤੀਜਿਆਂ ਦੇ ਪਹਿਲੇ ਦੌਰ 'ਚੋਂ ਜਦੋਂ ਸ਼੍ਰੋਮਣੀ ਅਕਾਲੀ ਦਲ ਅੱਗੇ ਜਾ ਰਿਹਾ ਸੀ ਤਾਂ ਵਰਕਰਾਂ ਨੂੰ ਇੰਝ ਲੱਗਣ ਲੱਗ ਗਿਆ ਸੀ ਕਿ ਉਹ ਬਾਜ਼ੀ ਜਿੱਤ ਲੈਣਗੇ ਪਰ ਜਿਉਂ ਜਿਉਂ ਰੁਝਾਨ ਵਧਦੇ ਗਏ ਤਾਂ ਅਖੀਰਲੇ ਗੇੜ ਤੱਕ ਪਹੁੰਚਦਿਆਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਿੱਤ ਗਿਆ। ਚੋਣ ਨਤੀਜਿਆਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਇਕੱਲੇ ਆਪਣੇ ਦਮ 'ਤੇ ਚੋਣ ਲੜ ਕੇ ਦੂਜਾ ਸਥਾਨ ਪ੍ਰਾਪਤ ਕਰ ਲਿਆ ਜਿਸ ਨੂੰ ਪਾਰਟੀ ਦੇ ਆਗੂ ਤੇ ਵਰਕਰ ਇੱਕ ਵੱਡੀ ਪ੍ਰਾਪਤੀ ਮੰਨ ਰਹੇ ਹਨ ਕਿਉਂਕਿ ਪਿਛਲੇ 9 ਸਾਲਾਂ ਵਿਚ ਅਕਾਲੀ ਦਲ ਨੂੰ ਹਰੇਕ ਚੋਣ ਵਿਚ ਵੱਡੀ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਕੁਝ ਮਹੀਨੇ ਪਹਿਲਾਂ ਪੰਜਾਬ ਵਿਚ ਆਏ ਹੜ੍ਹਾਂ ਕਾਰਨ ਜਿੱਥੇ ਲੱਖਾਂ ਕਿਸਾਨ ਪ੍ਰਭਾਵਿਤ ਹੋਏ ਉੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਵਰਕਰਾਂ ਨੇ ਪੰਜਾਬ ਦੇ ਕੋਨੇ ਕੋਨੇ ਵਿਚ ਜਾ ਕੇ ਪੀੜ੍ਹਤ ਕਿਸਾਨਾਂ ਦੀ ਮੱਦਦ ਕੀਤੀ।

# 69ਵੀਆਂ ਅੰਤਰ ਜ਼ਿਲਾ ਸਕੂਲ ਖੇਡਾਂ ਸਾਫਟਬਾਲ 'ਚ ਪਟਿਆਲਾ ਨੇ ਸੰਗਰੂਰ ਨੂੰ ਹਰਾਇਆ



ਪਟਿਆਲਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸੰਜੀਵ ਸ਼ਰਮਾ ਤੇ ਉਪ ਜਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ,ਜਿਲ੍ਹਾਂ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਅਤੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਸਾਫਟਬਾਲ ਅੰਡਰ 19 ਲੜਕੀਆਂ ਦੇ ਮੁਕਾਬਲੇ ਪੀਐਮਸ਼੍ਰੀ ਸਰਕਾਰੀ ਕੋਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ। ਅੱਜ ਦੇ ਹੋਏ ਲੀਗ ਮੁਕਾਬਲਿਆਂ ਵਿੱਚ ਲੁਧਿਆਣਾ ਨੇ ਫਰੀਦਕੋਟ ਨੂੰ ਜਲੰਧਰ ਨੇ ਮੋਗੇ ਨੂੰ ਫਿਰੋਜਪੁਰ ਨੇ ਬਠਿੰਡੇ ਨੂੰ ਅੰਮ੍ਰਿਤਸਰ ਨੇ ਪਟਿਆਲੇ ਨੂੰ ਲੁਧਿਆਣਾ ਨੇ ਫਾਜ਼ਿਲਕਾ ਨੂੰ ਜਲੰਧਰ ਨੇ ਮੁਕਤਸਰ ਨੂੰ ਫਿਰੋਜ਼ਪੁਰ ਨੇ ਮਾਨਸਾ ਨੂੰ ਅੰਮ੍ਰਿਤਸਰ ਨੇ ਸੰਗਰੂਰ ਨੂੰ ਫਾਜ਼ਿਲਕਾ ਨੇ ਫਰੀਦਕੋਟ ਨੂੰ ਮੁਕਤਸਰ ਸਾਹਿਬ ਨੇ ਮੋਗੇ ਨੂੰ ਮਾਨਸਾ ਨੇ ਬਠਿੰਡੇ ਨੂੰ ਤੇ ਪਟਿਆਲੇ ਨੇ ਸੰਗਰੂਰ ਨੂੰ ਹਰਾਇਆ। ਅੱਜ ਦੇ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਉਚੇਚੇ ਤੌਰ ਤੇ ਪਹੁੰਚ ਕੇ ਖਿਡਾਰਨਾਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਤੇ ਸਤਬੀਰ ਸਿੰਘ ਗਿੱਲ, ਗਗਨਦੀਪ ਸਿੰਘ ਰੋਪੜ, ਪਵਿੱਤਰ ਸਿੰਘ, ਹਰੀਸ਼ ਸਿੰਘ ਰਾਵਤ, ਡਾ ਆਸਾ ਸਿੰਘ, ਬਿਕਰਮ ਠਾਕੁਰ, ਰਾਜਿੰਦਰ ਸਿੰਘ,ਮੱਖਣ ਸਿੰਘ,ਰਣਜੀਤ ਸਿੰਘ,ਗੁਰਪ੍ਰੀਤ ਸਿੰਘ ਟਿਵਾਣਾ, ਗੌਰਵ ਬਿਰਦੀ, ਗੁਰਜੰਟ ਸਿੰਘ, ਸਿਮਰਨ ਸਿੰਘ, ਦੀਪਇੰਦਰ ਸਿੰਘ, ਬਲਕਾਰ ਸਿੰਘ, ਰਾਕੇਸ਼ ਕੁਮਾਰ ਲਚਕਾਣੀ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਸਨ।

# 15 ਲੱਖ ਰੁਪਏ ਦੀ ਲਾਗਤ ਨਾਲ ਸ਼ਿੰਗਾਰਿਆ ਜਾਵੇਗਾ ਬੁੱਲੇਵਾਲ ਦਾ ਖੇਡ ਸਟੇਡੀਅਮ: ਦਿਆਲਪੁਰਾ



ਮਾਛੀਵਾੜਾ ਸਾਹਿਬ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਬੁੱਲੇਵਾਲ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਛਿੰਝ ਕਮੇਟੀ ਵੱਲੋਂ ਗਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ , ਇਲਾਕਾ ਨਿਵਾਸੀਆਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦਸਵਾਂ ਵਿਸ਼ਾਲ ਕੁਸ਼ਤੀ ਦੰਗਲ ਕਰਵਾਇਆ ਗਿਆ।
ਇਸ ਛਿੰਝ ਦੇ ਮੁੱਖ ਪ੍ਰਬੰਧਕ ਹਰਵਿੰਦਰ ਸਿੰਘ, ਮਨਪ੍ਰੀਤ ਮੰਨਾ ਸਰਪੰਚ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਛਿੰਝ ਦੌਰਾਨ ਝੰਡੀ ਦੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਅਤੇ ਨਿਸ਼ਾਤ ਹਰਿਆਣਾ ਦੇ ਵਿਚਕਾਰ ਹੋਈ, ਜਿਸ ਵਿੱਚ ਦੋਨਾਂ ਪਹਿਲਵਾਨਾਂ ਵਿੱਚ ਕਾਂਟੇ ਦੀ ਟੱਕਰ ਹੋਈ, ਕੁਸ਼ਤੀ 20 ਮਿੰਟ ਤੋਂ ਬਾਅਦ ਪੁਅਇੰਟਾਂ ਤੇ ਕਰਵਾਈ ਗਈ ਜਿਸ ਵਿੱਚ ਨਿਸ਼ਾਤ ਹਰਿਆਣਾ ਨੇ ਪੁਆਇੰਟ ਬਣਾ ਕੇ ਝੰਡੀ ਦੀ ਕੁਸ਼ਤੀ ਤੇ ਕਬਜਾ ਕਰ ਲਿਆ। ਇਸ ਕੁਸ਼ਤੀ ਦਾ ਦਰਸ਼ਕਾਂ ਨੇ ਖੂਬ ਅਨੰਦ ਮਾਣਿਆ। ਦੋ ਨੰਬਰ ਦੀ ਝੰਡੀ ਦੀ ਕੁਸਤੀ ਵਿੱਚ ਸਹਿਬਾਜ ਆਲਮਗੀਰ ਤੇ ਸ਼ੁਭਮ ਰਾਈਏਵਾਲ ਦੇ ਵਿਚਕਾਰ ਕੁਸ਼ਤੀ ਬਰਾਬਰ ਰਹੀ। ਤਿੰਨ ਨੰਬਰ ਝੰਡੀ ਦੀ ਕੁਸ਼ਤੀ ਵਿੱਚ ਜੱਸਾ ਢਿੱਲਵਾ ਨੇ ਛੋਟਾ ਗੌਰਵ ਮਾਛੀਵਾੜਾ ਨੂੰ ਅੰਕਾਂ ਦੇ ਆਧਾਰ ਤੇ ਹਰਾਇਆ।
ਹੋਰ ਮੁਕਾਬਲਿਆਂ ਵਿੱਚ ਪੂਰਨ ਮੰਡ ਚੌਂਤਾਂ ਨੇ ਅਸ਼ੋਕ ਦੋਰਾਹਾ ਨੂੰ ਹਰਾਇਆ, ਜਦਕਿ ਰੁਸਤਮ ਮਾਛੀਵਾੜਾ ਨੇ ਬਿੱਟਾ ਮੰਗਲੀ ਨੂੰ, ਲਾਲ ਮੰਡ ਚੌਤਾ ਨੇ ਸੰਤ ਉੱਚਾ ਪਿੰਡ ਨੂੰ, ਯੁਗਰਾਜ ਚਮਕੌਰ ਸਾਹਿਬ ਨੇ ਹਰਸ਼ ਬਾਬਾ ਫਲਾਹੀ ਨੂੰ, ਲਾਡੀ ਬਾਹੜੋਵਾਲ ਨੇ ਅਜੇ ਦੋਰਾਹੇ ਨੂੰ, ਕੁੱਕੂ ਬਲੀਏਵਾਲ ਨੇ ਟੈਨਸ਼ਨ ਬਾਹਰਡੋਵਾਲ ਨੂੰ, ਭੱਟੀ ਮਾਛੀਵਾੜਾ ਨੇ ਰਾਜੂ ਸਮਰਾਲਾ ਨੂੰ ਚਿੱਤ ਕੀਤਾ। ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਕੁਸਤੀਆਂ ਦੇ ਮੁਕਾਬਲੇ ਦਿਲਚਸਪ ਰਹੇ।
ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਮੁੱਖ ਮਹਿਮਾਨ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਨੌਜਵਾਨਾਂ ਨੂੰ ਖੇਡਾਂ ਤੇ ਖੇਡ ਸਟੇਡੀਅਮ ਨਾਲ ਜੁੜਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਬੁੱਲੇਵਾਲ ਦਾ ਖੇਡ ਸਟੇਡੀਅਮ ਸ਼ਿੰਗਾਰਨ ਲਈ ਸਰਕਾਰ ਵੱਲੋਂ 15 ਲੱਖ ਰੁਪਏ ਦੀ ਰਕਮ ਖਰਚੀ ਜਾਵੇਗੀ ਜੋ ਬਹੁਤ ਜਲਦ ਪ੍ਰਬੰਧਕ ਕਮੇਟੀ ਅਤੇ ਪੰਚਾਇਤ ਨੂੰ ਸੌਂਪੀ ਜਾਵੇਗੀ। ਉਚੇਚੇ ਤੌਰ ਤੇ ਪੁੱਜੇ।ਰੁਪਿੰਦਰ ਸਿੰਘ ਰਾਜਾ ਗਿੱਲ ਕਾਂਗਰਸ ਪਾਰਟੀ ਹਲਕਾ ਇੰਚਾਰਜ ਸਮਰਾਲਾ ਨੇ ਦੰਗਲ ਕਮੇਟੀ ਨੂੰ ਅੱਜ ਦੇ ਮੇਲੇ ਦੀ ਵਧਾਈ ਦਿੰਨੇ ਆਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਰਹੇ ਪ੍ਰੋਗਰਾਮ ਉਲੀਕੇ ਜਣੇ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ ਵੱਲੋਂ ਅਖਤਿਆਰੀ ਖੋਟੇ ਵਿੱਚੋਂ 5 ਲੱਖ ਰੁਪਏ ਗ੍ਰਾਂਟ ਪੰਚਾਇਤ ਨੂੰ ਸਾਂਝੇ ਕਾਰਜਾਂ ਲਈ ਦੇਣ ਦਾ ਵੀ ਐਲਾਨ ਕੀਤਾ।ਇਸ ਮੌਕੇ ਸਾਬਕਾ ਚੇਅਰਮੈਨ ਸ਼ਕਤੀ ਅਨੰਦ , ਬਾਬਾ ਦੀਪਾ ਬਾਬਾ ਫਲਾਹੀ, ਮਾਰਕੀਟ ਕਮੇਟੀ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਕੌਂਸਲਰ ਜਗਮੀਤ ਸਿੰਘ ਮੱਕੜ, ਨਵਜੀਤ ਸਿੰਘ ਓਟਾਲ ਪੀ.ਏ.,ਛਿੰਦਾ ਠੇਕੇਦਾਰ, ਪਰਮਿੰਦਰ ਤਿਵਾੜੀ ਬਲਾਕ ਪ੍ਰਧਾਨ ਕਾਂਗਰਸ, ਗੁਰਵਿੰਦਰ ਸਿੰਘ ਬੱਬੂ ਸਰਪੰਚ ਛੌੜੀਆਂ, ਬੂਟਾ ਸਿੰਘ ਏ.ਐਸ.ਆਈ., ਅਵਤਾਰ ਸਿੰਘ ਨੰਬਰਦਾਰ, ਲੱਕੀ ਡਾਕਟਰ ਉਧੋਵਾਲ, ਕਰਨੈਲ ਸਿੰਘ ਝੜੌਦੀ, ਅੰਗਰੇਜ਼ ਸਿੰਘ ਬੱਬੂ ਸਰਪੰਚ ਜੋਧਵਾਲ, ਬੰਤ ਸਿੰਘ ਸਰਪੰਚ ਉਧੋਵਾਲ, ਮਨੀਸ਼ ਸ਼ਰਮਾ, ਧਰਮਪਾਲ ਸਰਪੰਚ, ਨਿਰਮਲ ਸਿੰਘ ਸਰਪੰਚ ਰਹੀਮਾਬਾਦ, ਸੰਦੀਪ ਘਈ ਸਰਪੰਚ ਰਹੀਮਾਬਾਦ ,ਹੈਪੀ ਬਾਬਾ ਬਲੀਏਵਾਲ, ਜਰਨੈਲ ਸਿੰਘ ਬੰਗਾ, ਅਮਰੀਕ ਸਿੰਘ ਟਾਡਾ, ਜਸਵੰਤ ਸਿੰਘ ਯੂ. ਐਸ. ਏ., ਜਗਦੇਵ ਸਿੰਘ ਸਰਪੰਚ, ਮੋਹਣ ਸਿੰਘ ਝੱਜ , ਪ੍ਰਧਾਨ ਜਗਦੀਪ ਸਿੰਘ ਝੱਜ, ਗੁਰਜੀਤ ਸਿੰਘ ਮਾਣਕੀ, ਪ੍ਰਿੰਸ ਲੱਖੋਵਾਲ, ਪ੍ਰਕਾਸ਼ ਸਿੰਘ ਉਧੋਵਾਲ ਕਲਾ ਜਸਪਾਲ ਰਾਣਾ , ਯੁਵਰਾਜਜੀਤ ਸਿੰਘ ਰਾਏ, ਰਾਏ ਸਰਪੰਚ ਚੱਕੀ, ਆਦਿ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਪ੍ਰਬੰਧਕ ਕਮੇਟੀ ਵੱਲੋਂ ਦੀਪਾ ਬਾਬਾ ਜੀ ਫਲਾਹੀ ਵਾਲਿਆਂ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ ਗਿਆ॥ਇਸ ਦੰਗਲ ਮੇਲੇ ਦੇ ਪੁੱਜੇ ਪਹਿਲਵਾਨਾਂ ਅਤੇ ਆਏ ਮੁੱਖ ਮਹਿਮਾਨਾਂ ਨੂੰ ਸਿਰੋਪਾਓ ਪਾਕੇ ਸਨਮਾਨਿਤ ਕੀਤਾ ਗਿਆ।

# ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਇਆ ਗਿਆ ਜਪ ਤਪ ਚੁਪਹਿਰਾ ਸਮਾਗਮ



ਨਾਭਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਲਾਡਲੇ ਅਤੇ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਅਨੋਖੇ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਭਾਈ ਮਤੀ ਦਾਸ ਭਾਈ ਸਤੀ ਦਾਸ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਜਪ ਤਪ ਸਮਾਗਮ ਚੁਪਹਿਰਾ ਸਾਹਿਬ ਗੁਰੂ ਸਾਹਿਬ ਦੀ ਕਿਰਪਾ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੇਵਾ ਸੋਸਾਇਟੀ ਰਜਿ ਨਾਭਾ ਵੱਲੋਂ ਗੁਰਦੁਆਰਾ ਭਗਤ ਨਾਮਦੇਵ ਜੀ ਅਲਹੋਰਾਂ ਗੇਟ ਨਾਭਾ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਜਿਸ ਵਿੱਚ ਸੰਗਤਾਂ ਵੱਲੋਂ ਸਾਂਝੇ ਤੌਰ ਤੇ 12 ਵਜੇ ਤੋਂ ਲੈ ਕੇ 4 ਵਜੇ ਤੱਕ ਪੰਜ ਪਾਠ ਸ੍ਰੀ ਜਪੁਜੀ ਸਾਹਿਬ ਦੋ ਪਾਠ ਸ੍ਰੀ ਚੌਪਈ ਸਾਹਿਬ ਅਤੇ ਸੁਖਮਨੀ ਸਾਹਿਬ ਦਾ ਪਾਠ ਕਰ ਗੁਰੂ ਦੀ ਇਲਾਹੀ ਬਾਣੀ ਦੇ ਹਰਿ ਜਸ ਕੀਤੇ ਗਏ ਗੱਲਬਾਤ ਦੌਰਾਨ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਖਾਲਸਾ ਅਤੇ ਗੁਰਪ੍ਰੀਤ ਸਿੰਘ ਨਾਮਧਾਰੀ ਨੇ ਦੱਸਿਆ ਕਿ ਸੰਸਥਾ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਤੌਰ ਤੇ ਇੱਕ ਕਲੀਨਿਕ ਲੋੜਵੰਦਾਂ ਲਈ ਖੋਲੀ ਗਈ ਹੈ ਜਿਸ ਵਿੱਚ ਮੁਫਤ ਚੈੱਕ ਅਪ ਤੇ ਮੁਫਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ ਸੋਮਵਾਰ ਮੰਗਲਵਾਰ ਅਤੇ ਬੁੱਧਵਾਰ ਨੂੰ ਦੋ ਘੰਟੇ ਦੁਲੱਦੀ ਗੇਟ ਨਾਭਾ ਮਹਾਰਾਜਾ ਹੀਰਾ ਸਿੰਘ ਪਾਰਕ ਵਿਖੇ ਇਹ ਸੇਵਾਵਾਂ ਸੰਸਥਾ ਵੱਲੋਂ ਸ਼ੁਰੂ ਕੀਤੀਆਂ ਗਈਆਂ ਹਨ। ਇਸ ਮੌਕੇ ਪ੍ਰਿਤਪਾਲ ਸਿੰਘ, ਹਾਕਮ ਸਿੰਘ ਮੁੱਖ ਸੇਵਾਦਾਰ ਗੁਰੂ ਹਰਗੋਬਿੰਦ ਸਾਹਿਬ ਸੇਵਾ ਸੋਸਾਇਟੀ, ਜਸਪਾਲ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਭਗਤ ਨਾਮਦੇਵ ਜੀ ਪ੍ਰਬੰਧਕ ਕਮੇਟੀ, ਗੁਰਦੀਪ ਸਿੰਘ ,ਕੁਲਵਿੰਦਰ ਸਿੰਘ, ਰਾਮ ਪ੍ਰਕਾਸ਼ ਸਿੰਘ, ਬਾਬੂ ਸਿੰਘ, ਦਰਸ਼ਨ ਸਿੰਘ , ਹਰਦੇਵ ਸਿੰਘ ਡੋਲੀ ਭੈਣ ਜੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।

## ਧਰਮ ਤੇ ਵਿਰਸਾ

# ਆਦਿ ਗ੍ਰੰਥ ਸਾਹਿਬ ਦੇ ਲਿਖਾਰੀ



**ਰਮੇਸ਼ ਬੱਗਾ ਚੋਹਲਾ**

ਭਾਈ ਗੁਰਦਾਸ ਜੀ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿੱਚ ਭਾਈ ਈਸ਼ਰ ਦਾਸ (ਗੁਰੂ ਅਮਰਦਾਸ ਜੀ ਦੇ ਚਚੇਰੇ ਭਾਈ) ਦੇ ਪਰਿਵਾਰ ਵਿੱਚ 1559 ਨੂੰ ਹੋਇਆ। ਕੁਝ ਲੇਖਕਾਂ ਮੁਤਾਬਿਕ ਉਨ੍ਹਾਂ ਦਾ ਜਨਮ ਸ੍ਰੀ ਗੋਇੰਦਵਾਲ ਸਾਹਿਬ ਵਿਖੇ 1553 ਨੂੰ ਹੋਇਆ ਵੀ ਸਵੀਕਾਰਿਆ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਆਪਣੇ ਬਚਪਨ ਦਾ ਵਧੇਰੇ ਸਮਾਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਿਤਾਇਆ ਅਤੇ ਪ੍ਰਾਇਮਰੀ ਸਿੱਖਿਆ ਵੀ ਇੱਥੋਂ ਹੀ ਹਾਸਲ ਕੀਤੀ। ਇਸ ਤੋਂ ਅਗਲੇਰੀ ਤੇ ਉਚੇਰੀ ਸਿੱਖਿਆ ਉਨ੍ਹਾਂ ਨੇ ਇਸਲਾਮੀ ਤੇ ਭਾਰਤੀ ਵਿੱਦਿਆ ਕੇਂਦਰਾਂ ’ਤੇ ਜਾ ਕੇ ਗ੍ਰਹਿਣ ਕੀਤੀ। ਗੁਰੂ ਸਾਹਿਬਾਨ ਦੀ ਸੇਵਾ ਵਿੱਚ ਰਹਿ ਕੇ ਉਨ੍ਹਾਂ ਨੇ ਗੁਰਬਾਣੀ ਦਾ ਅਧਿਐਨ ਕੀਤਾ ਤੇ ਗੁਰਮਤਿ ਦੇ ਵਿਸ਼ਿਆਂ ’ਤੇ ਆਪਣੀ ਪਕੜ ਮਜ਼ਬੂਤ ਬਣਾ ਲਈ।

> ਭਾਈ ਗੁਰਦਾਸ ਜੀ ਦੀ ਤਿੰਨ ਪ੍ਰਕਾਰ ਦੀ ਲਿਖਤ ਮਿਲਦੀ ਹੈ। ਇਸ ਲਿਖਤ ਵਿੱਚ 40 ਅਧਿਆਤਮਕ ਵਾਰਾਂ (ਪੰਜਾਬੀ) 675 ਬ੍ਰਿਜ ਤੇ ਕੁਝ ਸ਼ਲੋਕ (ਸੰਸਕ੍ਰਿਤ) ਵਿੱਚ ਮਿਲਦੇ ਹਨ। ਵਰਣਾਤਮਕ ਵਿਸ਼ਿਆਂ ਲਈ ਉਨ੍ਹਾਂ ਨੇ ਲੋਕ-ਕਾਵਿ ਰੂਪ ਦੀ ਵਰਤੋਂ ਕੀਤੀ ਹੈ। ਭਾਈ ਗੁਰਦਾਸ ਜੀ ਨੇ ਆਪਣੇ ਅੰਤਲੇ ਸਵਾਸ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ ’ਤੇ ਲਏ ਅਤੇ ਛੇਵੇਂ ਪਾਤਸ਼ਾਹ ਦੀ ਹਜ਼ੂਰੀ ਵਿੱਚ ਭਾਦੋਂ ਸੁਦੀ ਪੰਜਵੀਂ 1637 ਨੂੰ ਸਰੀਰਕ ਚੋਲਾ ਤਿਆਗ ਗਏ। ਉਨ੍ਹਾਂ ਦੇ ਯੋਗਦਾਨ ਬਦਲੇ ਸਿੱਖ ਸੰਗਤਾਂ ਹਮੇਸ਼ਾ ਉਨ੍ਹਾਂ ਦੀਆਂ ਰਿਣੀ ਰਹਿਣਗੀਆਂ।

ਸਰਬੱਤ ਦਾ ਭਲਾ ਮੰਗਣ ਵਾਲੀ ਸੋਚ ਦੇ ਪ੍ਰਚਾਰ ਤੇ ਪ੍ਰਸਾਰ ਲਈ ਭਾਈ ਗੁਰਦਾਸ ਜੀ ਲਾਹੌਰ, ਆਗਰਾ, ਕਾਂਸ਼ੀ ਤੇ ਹੋਰ ਖੇਤਰਾਂ ਵਿੱਚ ਗਏ। ਇਹ ਸਿਲਸਿਲਾ ਗੁਰੂ ਹਰਗੋਬਿੰਦ ਜੀ ਤਕ ਚੱਲਦਾ ਰਿਹਾ। ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦੇ ਰਾਹ ਵਿੱਚ ਰੋੜਾ ਅਟਕਾਉਣ ਵਾਲੇ ਕਈ ਅੰਦਰੂਨੀ ਤੇ ਬਾਹਰੀ ਵਿਰੋਧੀਆਂ ਦੀਆਂ ਕੋਝੀਆਂ ਚਾਲਾਂ ਨੂੰ ਪਛਾੜਨ ਲਈ ਵੀ ਭਾਈ ਗੁਰਦਾਸ ਜੀ ਦਾ ਯੋਗਦਾਨ ਰਿਹਾ। ਜਦੋਂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਆਰੰਭਿਆ ਤਾਂ ਇਸ ਪਾਵਨ ਸਰੂਪ ਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਨੇ ਨਿਭਾਈ। ਇਸ ਤੋਂ ਇਲਾਵਾ ਗੁਰੂ ਆਸ਼ੇ ਦੀ ਵਿਆਖਿਆ ਕਰਨ ਹਿੱਤ ਭਾਈ ਸਾਹਿਬ ਨਾਲ-ਨਾਲ ਆਪਣੀ ਬਾਣੀ ਦੀ ਸਿਰਜਣਾ ਵੀ ਕਰਦੇ ਰਹੇ। ਇਸ ਬਾਣੀ ਨੂੰ ਜਦੋਂ ਪੰਚਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨਾ ਚਾਹਿਆ ਤਾਂ ਨਿਮਰਤਾ ਦਾ ਸਬੂਤ ਦਿੰਦਿਆਂ ਭਾਈ ਸਾਹਿਬ ਨੇ ਕਿਹਾ ਕਿ ਸੇਵਕ, ਸਾਹਿਬ ਦੇ ਬਰਾਬਰ ਬੈਠਾ ਸ਼ੋਭਦਾ ਨਹੀਂ। ਇਹ ਨਿਮਰਤਾ ਵੇਖ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਭਾਈ ਸਾਹਿਬ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਕਹਿ ਕੇ ਸਤਿਕਾਰ ਦਿੱਤਾ।

ਭਾਈ ਗੁਰਦਾਸ ਜੀ ਨੇ ਗੁਰੂ ਹਰਗੋਬਿੰਦ ਜੀ ਦੇ ਅਰੰਭਲੇ ਸਮੇਂ ਉਸਾਰੀ ਦੇ ਕੰਮਕਾਜ ਦੀ ਨਿਗਰਾਨੀ ਵੀ ਕੀਤੀ। ਜਦੋਂ 1609 ਨੂੰ ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਤਾਂ ਉਸ ਨੂੰ ਸੰਪੂਰਨਤਾ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਭਾਈ ਸਾਹਿਬ ਨੇ ਬਾਖ਼ੂਬੀ ਨਿਭਾਈ। ਜਦੋਂ ਗੁਰੂ ਸਾਹਿਬ ਗੁਰਸਿੱਖੀ ਦੇ ਪ੍ਰਚਾਰ ਲਈ ਕਿਤੇ ਦੂਰ ਨੇੜੇ ਜਾਂਦੇ ਤਾਂ ਸ੍ਰੀ ਅੰਮ੍ਰਿਤਸਰ ਆਉਣ ਵਾਲੇ ਸ਼ਰਧਾਲੂਆਂ ਦਾ ਸਵਾਗਤ ਤੇ ਸੇਵਾ ਦਾ ਕੰਮ ਵੀ ਭਾਈ ਗੁਰਦਾਸ ਜੀ (ਬਾਬਾ ਬੁੱਢਾ ਜੀ ਨਾਲ ਮਿਲ ਕੇ) ਵੱਲੋਂ ਕੀਤਾ ਜਾਂਦਾ।

1605 ਵਿੱਚ ਜਦੋਂ ਅਕਬਰ ਬਾਦਸ਼ਾਹ ਬਟਾਲੇ ਆਇਆ ਤਾਂ ਕਿਸੇ ਨੇ ਉਸ ਦੇ ਕੰਨ ਇਹ ਕਹਿ ਕੇ ਭਰ ਦਿੱਤੇ ਕਿ ਗੁਰੂ ਸਾਹਿਬ ਵੱਲੋਂ ਰਚਿਤ (ਗੁਰੂ) ਗ੍ਰੰਥ ਸਾਹਿਬ ਵਿੱਚ ਇਸਲਾਮ ਤੇ ਮੁਹੰਮਦ ਸਾਹਿਬ ਦੀ ਸ਼ਾਨ ਦੇ ਖ਼ਿਲਾਫ਼ ਲਿਖਤ ਲਿਖੀ ਗਈ ਹੈ। ਗੁਰੂ ਅਰਜਨ ਦੇਵ ਜੀ ਵੱਲੋਂ ਅਕਬਰ ਬਾਦਸ਼ਾਹ ਦੇ ਸ਼ੰਕਿਆਂ ਨੂੰ ਸੰਤੁਸ਼ਟ ਕਰਨ ਦੇ ਕਾਬਲ ਵੀ ਭਾਈ ਗੁਰਦਾਸ ਜੀ ਨੂੰ ਹੀ ਸਮਝਿਆ ਗਿਆ। ਗੁਰੂ ਸਾਹਿਬ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰ ਕੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ (ਗੁਰੂ) ਗ੍ਰੰਥ ਸਾਹਿਬ ਸਮੇਤ ਬਟਾਲੇ ਪਹੁੰਚ ਗਏ। ਜਦੋਂ ਅਕਬਰ ਨੇ ਬਾਣੀ ਸੁਣਾਉਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਪਾਠ ਕਰਨਾ ਆਰੰਭ ਕਰ ਦਿੱਤਾ। ਪਾਠ ਦੀ ਅਰੰਭਤਾ ਵਿੱਚ ਜੋ ਸ਼ਬਦ ਆਇਆ ਉਸ ਦੇ ਨਾਲ ਹੀ ਅਕਬਰ ਬਾਦਸ਼ਾਹ ਦੀ ਕਾਫ਼ੀ ਹੱਦ ਤਕ ਤਸੱਲੀ ਹੋ ਗਈ। ਇਸ ਤੋਂ ਇਲਾਵਾ ਭਾਈ ਸਾਹਿਬ ਨੇ ਕੁਝ ਹੋਰ ਸ਼ਬਦ ਵੀ ਪੜ੍ਹੇ, ਜਿਨ੍ਹਾਂ ਨੂੰ ਸੁਣ ਕੇ ਅਕਬਰ ਨੇ 51 ਮੋਹਰਾਂ (ਗੁਰੂ) ਗ੍ਰੰਥ ਸਾਹਿਬ ਅੱਗੇ ਰੱਖ ਕੇ ਆਪਣਾ ਸੀਸ ਝੁਕਾਇਆ। ਉਸ ਨੇ ਭਾਈ ਗੁਰਦਾਸ ਜੀ ਨੂੰ ਇੱਕ ਸੁੰਦਰ ਦੁਸ਼ਾਲਾ ਭੇਟ ਕਰ ਕੇ ਸਨਮਾਨਿਤ ਵੀ ਕੀਤਾ।

ਭਾਈ ਗੁਰਦਾਸ ਜੀ ਦੀ ਤਿੰਨ ਪ੍ਰਕਾਰ ਦੀ ਲਿਖਤ ਮਿਲਦੀ ਹੈ। ਇਸ ਲਿਖਤ ਵਿੱਚ 40 ਅਧਿਆਤਮਕ ਵਾਰਾਂ (ਪੰਜਾਬੀ) 675 ਬ੍ਰਿਜ ਤੇ ਕੁਝ ਸ਼ਲੋਕ (ਸੰਸਕ੍ਰਿਤ) ਵਿੱਚ ਮਿਲਦੇ ਹਨ। ਵਰਣਾਤਮਕ ਵਿਸ਼ਿਆਂ ਲਈ ਉਨ੍ਹਾਂ ਨੇ ਲੋਕ-ਕਾਵਿ ਰੂਪ ਦੀ ਵਰਤੋਂ ਕੀਤੀ ਹੈ। ਭਾਈ ਗੁਰਦਾਸ ਜੀ ਨੇ ਆਪਣੇ ਅੰਤਲੇ ਸਵਾਸ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ ’ਤੇ ਲਏ ਅਤੇ ਛੇਵੇਂ ਪਾਤਸ਼ਾਹ ਦੀ ਹਜ਼ੂਰੀ ਵਿੱਚ ਭਾਦੋਂ ਸੁਦੀ ਪੰਜਵੀਂ 1637 ਨੂੰ ਸਰੀਰਕ ਚੋਲਾ ਤਿਆਗ ਗਏ। ਉਨ੍ਹਾਂ ਦੇ ਯੋਗਦਾਨ ਬਦਲੇ ਸਿੱਖ ਸੰਗਤਾਂ ਹਮੇਸ਼ਾ ਉਨ੍ਹਾਂ ਦੀਆਂ ਰਿਣੀ ਰਹਿਣਗੀਆਂ।

ਸੰਪਰਕ: 094631-32719

# ਗੁਰ ਰਾਮਦਾਸ ਰਾਖਹੁ ਸਰਣਾਈ



> ਸ੍ਰੀ ਗੁਰੂ ਰਾਮਦਾਸ ਜੀ ਨੇ ਜਿਸ ਮਹਾਨ ਸਮਾਜ ਦੀ ਰਚਨਾ ਤੇ ਉਸਾਰੀ ਕੀਤੀ, ਉਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਉਹ ਸੇਵਾ, ਭਗਤੀ, ਪ੍ਰੇਮ ਤੇ ਉਪਾਸਨਾ ਆਦਿ ਗੁਣਾਂ ਨਾਲ ਭਰਪੂਰ ਨਿਮਰਤਾ ਦੇ ਆਦਰਸ਼ਕ ਪਰਮ ਮਨੁੱਖ ਹੋ ਕੇ ਵਿਚਰੇ। ਭੱਟਾਂ ਨੇ ਆਪਣੇ ਮਨੋ ਭਾਵ ਦਰਸਾਉਂਦਿਆਂ ਉਨ੍ਹਾਂ ਦੀ ਸ਼ਰਨ ਵਿਚ ਆ ਕੇ ਬੇਨਤੀ ਕੀਤੀ ਹੈ। ”



**ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ**

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ ਬਾਰੇ ਕੁਝ ਸ਼ਬਦ ਹੀ ਲਿਖਣੇ ਹੋਣ ਤਾਂ ਕਹਿ ਸਕਦੇ ਹਾਂ ਕਿ ਉਨ੍ਹਾਂ ਦਾ ਜੀਵਨ ‘ਪੂਰੀ ਹੋਈ ਕਰਾਮਾਤਿ’ ਦਾ ਅਕਸ ਸੀ। ਸੇਵਾ ਤੇ ਨਿਮਰਤਾ ਦੇ ਪੁੰਜ ਅਤੇ ਅਸੀਮ ਗੁਣਾਂ ਦੇ ਮਾਲਕ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਸੰਨ 1534 ਵਿਚ ਪਿਤਾ ਸੋਢੀ ਹਰਿਦਾਸ ਜੀ ਤੇ ਮਾਤਾ ਦਇਆ ਕੌਰ ਦੇ ਭਾਗਾਂ ਭਰੇ ਘਰ ਚੂਨਾ ਮੰਡੀ ਲਾਹੌਰ ਵਿਚ ਹੋਇਆ।

ਸ੍ਰੀ ਗੁਰੂ ਰਾਮਦਾਸ ਜੀ ਆਪਣੇ ਮਾਤਾ-ਪਿਤਾ ਦੇ ਵੱਡੇ ਪੁੱਤਰ ਹੋਣ ਕਰਕੇ ਜੇਠਾ ਕਰਕੇ ਜਾਣੇ ਜਾਂਦੇ ਸਨ। ਗਿਆਨੀ ਗਿਆਨ ਸਿੰਘ ‘ਤਵਾਰੀਖ ਗੁਰੂ ਖਾਲਸਾ’ ਵਿਚ ਲਿਖਦੇ ਹਨ ਕਿ ਆਪ ਅਤਿ ਸੁੰਦਰ, ਮੋਟੇ ਨਕਸ਼ ਤੇ ਚੌੜੇ ਮੱਥੇ ਵਾਲੇ ਸਨ ਅਤੇ ਹੱਥਾਂ-ਪੈਰਾਂ ਦੇ ਸਭ ਲੱਛਣ ਅਵਤਾਰਾਂ ਵਾਲੇ ਸਨ। ਆਪ ਜੀ ਦੀ ਸੁੰਦਰਤਾ ਦਾ ਵਰਣਨ ਭੱਟ ਪਰਮਾਨੰਦ ਜੀ ਨੇ ਵੀ ਇਸ ਤਰ੍ਹਾਂ ਕੀਤਾ ਹੈ :

ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ
ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥(ਪੰਨਾ 1402)

ਅਜੇ ਆਪ ਜੀ 7 ਸਾਲ ਦੇ ਹੀ ਸਨ ਕਿ ਆਪ ਦੇ ਮਾਤਾ-ਪਿਤਾ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਹੋਰ ਕੋਈ ਸਹਾਰਾ ਨਾ ਹੋਣ ਕਰਕੇ ਅਨਾਥ ਵੇਖ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਇਥੇ ਭਾਈ ਜੇਠਾ ਜੀ ਫਿਰ-ਤੁਰ ਕੇ ਘੁੰਗਣੀਆਂ ਵੇਚਦੇ ਅਤੇ ਆਪਣੇ ਪਰਿਵਾਰ ਦੀ ਪਾਲਣਾ-ਪੋਸ਼ਣਾ ਕਰਦੇ। ਆਪ ਜੀ ਦੇ ਆਪਣੀ ਇਸ ਸਮੇਂ ਦੀ ਅਵਸਥਾ ਦਾ ਜ਼ਿਕਰ ਕਰਦੇ ਹੋਏ ਕਥਨ ਕੀਤਾ :

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥
(ਪੰਨਾ 167)

ਕੁਦਰਤ ਦੀ ਕਰਣੀ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਇਥੇ ਬਾਸਰਕੇ ਪਿੰਡ ਵਿਚ ਹੀ ਉਨ੍ਹਾਂ ਦੀ ਸੇਵਾ ਭਾਵਨਾ ਦੇ ਰੂਪ ਵਿਚ ਗੁਰੂ ਅਮਰਦਾਸ ਜੀ ਨਾਲ ਪਹਿਲੀ ਮੁਲਾਕਾਤ ਹੋਈ। ਆਤਮਿਕ ਤੌਰ ’ਤੇ ਇਹ ਮੁਲਾਕਾਤ ਐਸੀ ਸੀ ਕਿ ਭਾਈ ਜੇਠਾ ਜੀ ਸਦਾ ਲਈ ਗੁਰੂ ਅਮਰਦਾਸ ਜੀ ਨੂੰ ਸਮਰਪਿਤ ਹੋ ਗਏ। ਆਪ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਗੋਇੰਦਵਾਲ ਸਾਹਿਬ ਆ ਗਏ। ਗੋਇੰਦਵਾਲ ਆ ਕੇ ਵੀ ਉਨ੍ਹਾਂ ਨੇ ਘੁੰਗਣੀਆਂ ਵੇਚਣ ਦੀ ਕਿਰਤ ਜਾਰੀ ਰੱਖੀ ਤੇ ਗੁਰੂ ਦਰਬਾਰ ਦੀ ਸਿਰਜਣਾ ਤੇ ਸੇਵਾ ਦੀ ਹਾਜ਼ਰੀ ਵੀ ਨਿਰੰਤਰ ਜਾਰੀ ਰੱਖੀ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਵਾਸਤੇ ਭਾਈ ਜੇਠਾ ਜੀ ਨੂੰ ਵਰ ਦੇ ਰੂਪ ਵਿਚ ਸਵੀਕਾਰ ਕਰ ਲਿਆ। ਭਾਈ ਜੇਠਾ ਜੀ ਤੇ ਬੀਬੀ ਭਾਨੀ ਜੀ ਹਰ ਸਮੇਂ ਆਪਸੀ ਰਿਸ਼ਤੇਦਾਰੀ ਦਾ ਮਾਣ-ਸਨਮਾਨ ਤਿਆਗ ਕੇ ਨਿਮਾਣੇ, ਨਿਤਾਣੇ ਸਿੱਖ ਬਣ ਕੇ ਲੋਕਾਚਾਰੀ ਦੀ ਪ੍ਰਵਾਹ ਨਾ ਕਰਦਿਆਂ ਗੁਰੂ-ਘਰ ਦੀ ਸੇਵਾ ਕਰਦੇ। ਬਾਉਲੀ ਦੀ ਸੇਵਾ ਸਮੇਂ ਸਾਰਾ ਪ੍ਰਬੰਧ ਆਪਣੇ ਹੱਥੀਂ ਲਿਆ। ਆਪ ਹੱਥੀਂ ਟੋਕਰੀ ਢੋਂਹਦੇ। ਲਾਹੌਰੋਂ ਆਏ ਸ਼ਰੀਕੇ ਵਾਲਿਆਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਜਦ ਉਲਾਂਭਾ ਦਿੱਤਾ ਤਾਂ ਉਨ੍ਹਾਂ ਕਿਹਾ, ‘ਰਾਮਦਾਸ ਦੇ ਸਿਰ ’ਤੇ ਟੋਕਰੀ ਨਹੀਂ ਹੈ, ਸਗੋਂ ਇਹ ਦੀਨ ਦੁਨੀਆ ਦੇ ਛਤਰ ਦੀ ਨਿਸ਼ਾਨੀ ਹੈ।’

ਅਜਿਹੀ ਸੇਵਾ ਸਿਮਰਨ ਦੀ ਕਮਾਈ ਸਦਕਾ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਜੋਤਿ ਦਾ ਅਧਿਕਾਰੀ ਭਾਈ ਜੇਠਾ ਜੀ ਨੂੰ ਬਣਾ ਦਿੱਤਾ। ਭਾਈ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂਅ ਨਾਲ ਪ੍ਰਸਿੱਧ ਹੋਏ। ਇਸ ਸਬੰਧੀ ਭਾਈ ਗੁਰਦਾਸ ਜੀ, ਭੱਟਾਂ ਤੇ ਰਬਾਬੀਆਂ ਨੇ ਬੜੇ ਖੂਬਸੂਰਤ ਅਨੁਭਵ ਪ੍ਰਗਟ ਕੀਤੇ ਹਨ। ਭਾਈ ਗੁਰਦਾਸ ਜੀ ਅਨੁਸਾਰ :

ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ ॥
(ਵਾਰ 26/34)

ਆਪ ਜੀ ਦੀਆਂ ਸਿੱਖਿਆਵਾਂ ਮਨੁੱਖ ਮਾਤਰ ਲਈ ਸਮੁੱਚਾ ਜੀਵਨ ਜਿਊਣ ਦੀ ਪ੍ਰੇਰਨਾ ਦਾ ਸੋਮਾ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਨੂੰ ਆਪਾ ਸੌਂਪਣ ’ਤੇ ਜ਼ੋਰ ਦੇਣ ਲਈ ਕਿਹਾ। ਅੰਤਰ ਆਤਮੇ ਦੀ ਸੋਝੀ ਮਨ ਦੀ ਮੈਲ ਧੋ ਸਕਦੀ ਹੈ। ਨਾਮ ਦਾਨ, ਇਸ਼ਨਾਨ ਤੇ ਸੁੱਚੀ ਕਿਰਤ, ਵੰਡ ਛਕਣਾ ਸਿੱਖ ਲਈ ਸ਼ੁਭ ਕਰਮ ਹਨ। ਇਹੀ ਰਹਿਤ ਉਨ੍ਹਾਂ ਸਿੱਖ ਲਈ ਜ਼ਰੂਰੀ ਕਰ ਦਿੱਤੀ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ ਤੇ ਹਰਿ ਕੇ ਨਾਮ ਦਾ ਜਾਪ ਕਰਨਾ, ਬਹਿੰਦਿਆਂ-ਉਠਦਿਆਂ ਪ੍ਰਭ ਦਾ ਸਿਮਰਨ ਕਰਨਾ ਹੀ ਸਿੱਖ ਦਾ ਕਰਮ ਹੈ। ਉਨ੍ਹਾਂ ਨੇ ਕਿਹਾ ਜੋ ਪਰਮਾਤਮਾ ਦਾ ਨਾਮ ਜਪਦਾ ਹੈ, ਉਸ ਸਿੱਖ ਦੀ ਚਰਨ ਧੂੜ ਮਸਤਕ ’ਤੇ ਲਗਾਉਣੀ ਚਾਹੀਦੀ ਹੈ। ਫੁਰਮਾਨ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥(ਪੰਨਾ 305)

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਮਾਝੇ ਵਿਚ ਸਿੱਖੀ ਦਾ ਕੇਂਦਰ ਸਥਾਪਤ ਕਰਨ ਦਾ ਵਿਚਾਰ ਸੀ। ਆਪ ਜੀ ਨੇ 52 ਕਿੱਤਿਆਂ ਦੇ ਲੋਕਾਂ ਨੂੰ ਆਬਾਦ ਕਰਕੇ ਇਕ ਨਗਰ ਵਸਾਇਆ, ਜਿਸ ਨੂੰ ਪਹਿਲਾਂ ਚੱਕ ਰਾਮਦਾਸਪੁਰ ਤੇ ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਕਿਹਾ ਜਾਣ ਲੱਗਾ। ਇਸ ਸ਼ਹਿਰ ਦੀ ਸਥਾਪਨਾ 1577 ਈ: ਵਿਚ ਕੀਤੀ ਗਈ। ਦੂਰਅੰਦੇਸ਼ ਗੁਰੂ ਜੀ ਨੇ ਸ਼ਹਿਰ ਦੇ ਹਰ ਪੱਖੋਂ ਮਹਾਨ ਉੱਨਤ ਤੇ ਪ੍ਰਫੁਲਤ ਹੋਣ ਦੇ ਨਿਸ਼ਾਨੇ ਪਹਿਲਾਂ ਹੀ ਮਿੱਥ ਲਏ ਸਨ। ਜੰਗਲ ਬੀਆਬਾਨ ਨੂੰ ਭਾਗ ਲੱਗ ਗਏ। ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਨੂੰ ਸਿਰਜ ਕੇ ਇਸ ਨੂੰ ਆਤਮਿਕ ਤ੍ਰਿਪਤੀ ਦਾ ਇਕ ਕੇਂਦਰੀ ਸੋਮਾ ਬਣਾਇਆ, ਜਿਥੇ ਪੰਥ ਚੜ੍ਹਦੀ ਕਲਾ ਲਈ ਸਮੇਂ-ਸਮੇਂ ਜੁੜਨ ਲੱਗਾ। ਗੁਰੂ ਫੁਰਮਾਨ ਹੈ :

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥ (ਪੰਨਾ 1362)

ਸਾਰੇ ਸਿੱਖ ਪੰਥ ਦੀ ਪੂਰਨਤਾ ਵਿਚ ਜਿਸ ਹੁਕਮ ਨੇ ਬਹੁਤ ਵੱਡਾ ਹਿੱਸਾ ਪਾਇਆ, ਉਹ ਕਿਰਤ ਵਿਚੋਂ ਦਸਵੰਦ ਦੇਣ ਦੀ ਰੀਤ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਦਸਵੰਦ ਦੀ ਰੀਤ ਨੂੰ ਵਿਆਪਕ ਪੱਧਰ ’ਤੇ ਲਾਗੂ ਕੀਤਾ। ਉਨ੍ਹਾਂ ਨੇ ਤਾਕੀਦ ਕੀਤੀ ਕਿ ਹਰ ਸਿੱਖ ਦਸਵੰਧ ਕੱਢ ਕੇ ਗੁਰੂ ਦਰਬਾਰ ਵਿਚ ਪਹੁੰਚਾਏ। ਇਹ ਦਸਵੰਧ ਦੀ ਰਕਮ ਗੁਰੂ ਕੇ ਲੰਗਰ ਤੇ ਪੰਥ ਦੀਆਂ ਹੋਰ ਬਾਕੀ ਸਮਾਜਿਕ ਆਰਥਿਕ ਤੇ ਧਾਰਮਿਕ ਲੋੜਾਂ ਦੀ ਪੂਰਤੀ ਲਈ ਵਰਤੀ ਜਾਂਦੀ ਸੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਮਨੁੱਖ ਨੂੰ ਉੱਚਾ-ਸੁੱਚਾ ਜੀਵਨ ਬਖਸ਼ਣ ਤੇ ਪ੍ਰਭੂ ਦੀ ਸਿਫਤ ਸਲਾਹ ਵਾਲੀ ਬਾਣੀ ਰਚੀ ਤੇ ਪਹਿਲੇ ਗੁਰੂ ਸਾਹਿਬਾਨ ਵਲੋਂ ਰਚੀ ਗੁਰਬਾਣੀ ਦੀ ਸਾਂਭ-ਸੰਭਾਲ ਕੀਤੀ। ਆਪ ਜੀ ਨੇ ਆਪਣੇ ਗੁਰੂ ਕਾਲ ਵਿਚ ਸਿੱਖੀ ਦੀ ਸ਼ਾਨ ਨੂੰ ਲੋਕਾਈ ’ਚ ਹੋਰ ਰੁਸ਼ਨਾ ਕੇ ਦੱਸ ਦਿੱਤਾ ਕਿ ਜ਼ਿੰਦਗੀ ਨੂੰ ਜਿਊਣ ਲਈ ਸਾਨੂੰ ਸੱਚੇ-ਸੁੱਚੇ ਇਨਸਾਨ ਦੇ ਰੂਪ ਵਿਚ ਸਿਰਫ ਇਕ ਸੱਚ ’ਤੇ ਹੀ ਪਹਿਰਾ ਦੇਣਾ ਪੈਂਦਾ ਹੈ। ਆਪ ਜੀ ਪਹਿਲੀ ਸਤੰਬਰ, 1581 ਈ: ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ।

ਸ੍ਰੀ ਗੁਰੂ ਰਾਮਦਾਸ ਜੀ ਨੇ ਜਿਸ ਮਹਾਨ ਸਮਾਜ ਦੀ ਰਚਨਾ ਤੇ ਉਸਾਰੀ ਕੀਤੀ, ਉਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਉਹ ਸੇਵਾ, ਭਗਤੀ, ਪ੍ਰੇਮ ਤੇ ਉਪਾਸਨਾ ਆਦਿ ਗੁਣਾਂ ਨਾਲ ਭਰਪੂਰ ਨਿਮਰਤਾ ਦੇ ਆਦਰਸ਼ਕ ਪਰਮ ਮਨੁੱਖ ਹੋ ਕੇ ਵਿਚਰੇ। ਭੱਟਾਂ ਨੇ ਆਪਣੇ ਮਨੋ ਭਾਵ ਦਰਸਾਉਂਦਿਆਂ ਉਨ੍ਹਾਂ ਦੀ ਸ਼ਰਨ ਵਿਚ ਆ ਕੇ ਬੇਨਤੀ ਕੀਤੀ ਹੈ। ਆਓ, ਅਸੀਂ ਵੀ ਉਨ੍ਹਾਂ ਦੇ ਪ੍ਰਕਾਸ਼ ਉਤਸਵ ਦੇ ਮੌਕੇ ’ਤੇ ਸਾਰੇ ਰਲ ਕੇ ਅਰਦਾਸ ਕਰੀਏ ਕਿ ਉਹ ਸਾਨੂੰ ਆਪਣੀ ਪਵਿੱਤਰ ਸ਼ਰਨ ਬਖਸ਼ਣ :

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥
(ਪੰਨਾ 1406)

-ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

####

# ਮਹਾਰਾਜਾ ਰਣਜੀਤ ਸਿੰਘ ਦੇ ਵਿਦੇਸ਼ੀ ਜਨਰਲ

**ਬਲਰਾਜ ਸਿੰਘ ਸਿੱਧੂ ਐਸ.ਪੀ**





ਮਹਾਰਾਜਾ ਰਣਜੀਤ ਸਿੰਘ ਨੇ 1801 ਤੋਂ 1839 ਤਕ ਕਰੀਬ 38 ਸਾਲ ਪੰਜਾਬ ਉੱਤੇ ਰਾਜ ਕੀਤਾ। 1809 ਵਿੱਚ ਮਹਾਰਾਜਾ ਰਣਜੀਤ ਸਿੰਘ ਤੇ ਈਸਟ ਇੰਡੀਆ ਕੰਪਨੀ ਦਰਮਿਆਨ ਅੰਮ੍ਰਿਤਸਰ ਦੀ ਸੰਧੀ ਹੋਣ ਜਾ ਰਹੀ ਸੀ। ਕੰਪਨੀ ਦੇ ਨੁਮਾਇੰਦੇ ਚਾਰਲਸ ਮੈੱਟਕਾਫ ਨੇ ਆਪਣੀਆਂ ਫ਼ੌਜੀ ਟੁਕੜੀਆਂ ਨਾਲ ਅੰਮ੍ਰਿਤਸਰ ਪੜਾਅ ਕੀਤਾ ਸੀ। ਉਸ ਦੀ ਫ਼ੌਜ ਵਿੱਚ ਕੁਝ ਪੂਰਬੀ ਮੁਸਲਿਮ ਪਲਟਣਾਂ ਵੀ ਸਨ। ਉਨ੍ਹੀਂ ਦਿਨੀਂ ਮੁਹੱਰਮ ਆ ਗਿਆ। ਉਸ ਵੇਲੇ ਅਕਾਲੀ ਫੂਲਾ ਸਿੰਘ, ਅਕਾਲ ਤਖ਼ਤ ਦੇ ਜਥੇਦਾਰ ਸਨ। ਦਰਬਾਰ ਸਾਹਿਬ ਦੇ ਨਜ਼ਦੀਕ ਤਾਜ਼ੀਆ ਕੱਢਣ ਤੋਂ ਨਿਹੰਗ ਸਿੰਘਾਂ ਤੇ ਮੁਸਲਿਮ ਪਲਟਣਾਂ ਵਿੱਚ ਝਗੜਾ ਹੋ ਗਿਆ। ਅਕਾਲੀਆਂ ਨੇ ਰਵਾਇਤੀ ਹਥਿਆਰਾਂ ਨਾਲ ਕੰਪਨੀ ਦੀ ਫ਼ੌਜ ‘ਤੇ ਹਮਲਾ ਬੋਲ ਦਿੱਤਾ। ਪੱਛਮੀ ਤਰੀਕੇ ਨਾਲ ਟਰੇਂਡ ਪੂਰਬੀਆਂ ਨੇ ਅਕਾਲੀ ਟੁਕੜੀਆਂ ਦਾ ਭਾਰੀ ਨੁਕਸਾਨ ਕੀਤਾ। ਮਹਾਰਾਜਾ ਰਣਜੀਤ ਸਿੰਘ ਤੇ ਮੈੱਟਕਾਫ ਨੇ ਵਿੱਚ ਪੈ ਕੇ ਝਗੜਾ ਖ਼ਤਮ ਕਰਵਾਇਆ। ਖ਼ਾਲਸਾ ਫ਼ੌਜ ਦੀ ਹਰੇਕ ਜੰਗ ਵਿੱਚ ਮੋਹਰੀ ਰੋਲ ਅਦਾ ਕਰਨ ਵਾਲੇ ਅਕਾਲੀਆਂ ਦੀ ਦੁਰਦਸ਼ਾ ਵੇਖ ਕੇ ਮਹਾਰਾਜਾ ਪ੍ਰੇਸ਼ਾਨ ਹੋ ਗਿਆ। ਉਸ ਦੀ ਫਰਮਾਇਸ਼ ’ਤੇ ਮੈੱਟਕਾਫ ਨੇ ਉਸ ਨੂੰ ਆਪਣੀ ਫ਼ੌਜ ਦੀ ਪਰੇਡ ਵਿਖਾਈ। ਕਮਾਂਡਰਾਂ ਦੇ ਹੁਕਮਾਂ ’ਤੇ ਅਨੁਸ਼ਾਸਿਤ ਫ਼ੌਜੀ ਪਲਟਣਾਂ ਨੂੰ ਸੱਜੇ, ਖੱਬੇ, ਅੱਗੇ, ਪਿੱਛੇ ਲੈਅਬੱਧ ਤਰੀਕੇ ਨਾਲ ਮੁੜਦਿਆਂ ਅਤੇ ਹਥਿਆਰ ਵਰਤਦਿਆਂ ਵੇਖ ਕੇ ਮਹਾਰਾਜਾ ਹੈਰਾਨ ਰਹਿ ਗਿਆ। ਉਹ ਸਮਝ ਗਿਆ ਕਿ ਜੇ ਨੇੜਲੇ ਭਵਿੱਖ ਵਿੱਚ ਈਸਟ ਇੰਡੀਆ ਕੰਪਨੀ ਨਾਲ ਪੰਗਾ ਪੈ ਗਿਆ ਤਾਂ ਉਸ ਦੀ ਪੁਰਾਤਨ ਤਰੀਕੇ ਵਾਲੀ ਅਸਿੱਖਿਅਤ ਫ਼ੌਜ ਨੇ ਅੰਗਰੇਜ਼ਾਂ ਦਾ ਇੱਕ ਝਟਕਾ ਵੀ ਨਹੀਂ ਝੱਲਣਾ। ਇਸ ਲਈ ਮਹਾਰਾਜੇ ਨੇ ਵੀ ਆਪਣੀ ਫ਼ੌਜ ਪੱਛਮੀ ਤਰੀਕੇ ਨਾਲ ਸਿੱਖਿਅਤ ਕਰਨ ਲਈ ਵਿਦੇਸ਼ੀ ਉਸਤਾਦ ਲੱਭਣੇ ਸ਼ੁਰੂ ਕਰ ਦਿੱਤੇ। ਹੌਲੀ ਹੌਲੀ ਕਈ ਪੱਛਮੀ ਜਨਰਲ ਉਸ ਨੇ ਆਪਣੀ ਫ਼ੌਜ ਵਿੱਚ ਭਾਰੀ ਤਨਖ਼ਾਹਾਂ ’ਤੇ ਭਰਤੀ ਕਰ ਲਏ, ਜਿਨ੍ਹਾਂ ਵਿੱਚ ਪ੍ਰਮੁੱਖ ਸਨ:

ਯਾਂ ਫਰਾਂਸਿਸ ਅਲਾਰਡ: ਯਾਂ ਫਰਾਂਸਿਸ ਫਰਾਂਸੀਸੀ ਸੈਨਿਕ ਤੇ ਸਾਹਸੀ ਯਾਤਰੀ ਸੀ। ਉਸ ਦਾ ਜਨਮ ਫਰਾਂਸ ਦੇ ਸ਼ਹਿਰ ਸੇਂਟ ਟਰੋਪਿਜ਼ ਵਿੱਚ ਹੋਇਆ। 16 ਸਾਲ ਦੀ ਉਮਰ ਵਿੱਚ ਉਹ ਫਰਾਂਸ ਦੀ ਫ਼ੌਜ ਵਿੱਚ ਬਤੌਰ ਲੈਫਟੀਨੈਂਟ ਭਰਤੀ ਹੋਇਆ। ਉਹ ਫਰਾਂਸ ਦੇ ਸ਼ਹਿਨਸ਼ਾਹ ਨੈਪੋਲੀਅਨ ਲਈ ਲੜਦਾ ਹੋਇਆ ਦੋ ਵਾਰ ਯੁੱਧ ਵਿੱਚ ਜ਼ਖ਼ਮੀ ਹੋਇਆ। 1815 ਵਿੱਚ ਵਾਟਰਲੂ ਦੀ ਜੰਗ ਹਾਰਨ ਵੇਲੇ ਉਹ ਨੈਪੋਲੀਅਨ ਦੀ ਫ਼ੌਜ ਵਿੱਚ ਸੀ। ਇਸ ਪਿੱਛੋਂ ਉਸ ਦਾ ਦਿਲ ਟੁੱਟ ਗਿਆ ਤੇ ਉਸ ਨੇ ਫਰਾਂਸ ਛੱਡ ਦਿੱਤਾ। ਕਈ ਥਾਵਾਂ ’ਤੇ ਭਟਕਦਾ ਹੋਇਆ ਉਹ ਇਰਾਨ ਦੇ ਬਾਦਸ਼ਾਹ ਅੱਬਾਸ ਮਿਰਜ਼ਾ ਦੇ ਦਰਬਾਰ ਪਹੁੰਚਿਆ। ਉਸ ਨੂੰ ਕਰਨਲ ਦਾ ਰੈਂਕ ਦੇ ਕੇ ਭਰਤੀ ਕੀਤਾ ਗਿਆ ਪਰ ਬਣਦਾ ਮਾਨ ਸਨਮਾਨ ਨਾ ਮਿਲਣ ਕਾਰਨ ਉਹ ਵੈਨਤੂਰਾ ਸਮੇਤ 1820 ਵਿੱਚ ਪੰਜਾਬ ਵੱਲ ਚੱਲ ਪਿਆ। 1822 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਖ਼ਾਲਸਾ ਫ਼ੌਜ ਵਿੱਚ ਭਰਤੀ ਕਰ ਕੇ ਘੋੜ ਸਵਾਰ ਟੁਕੜੀਆਂ ਨੂੰ ਪੱਛਮੀ ਤਰੀਕੇ ਨਾਲ ਸਿੱਖਿਅਤ ਕਰਨ ਦੀ ਡਿਊਟੀ ਲਗਾਈ। ਸਿਖਲਾਈ ਪੂਰੀ ਹੋਣ ਪਿੱਛੋਂ ਜਦੋਂ ਉਸ ਨੇ ਮਹਾਰਾਜੇ ਨੂੰ ਪਰੇਡ ਦਿਖਾਈ ਤਾਂ ਖ਼ੁਸ਼ ਹੋ ਕੇ ਮਹਾਰਾਜੇ ਨੇ ਉਸ ਨੂੰ ਜਨਰਲ ਦਾ ਰੈਂਕ ਪ੍ਰਦਾਨ ਕੀਤਾ। ਉਹ 1839 ਤਕ ਸਿੱਖ ਫ਼ੌਜ ਵਿੱਚ ਨੌਕਰੀ ਕਰਦਾ ਰਿਹਾ। ਮਹਾਰਾਜੇ ਦੀ ਮੌਤ ਮਗਰੋਂ ਦਰਬਾਰ ਵਿੱਚ ਹੋਣ ਵਾਲੀਆਂ ਸਾਜ਼ਿਸ਼ਾਂ ਤੋਂ ਤੰਗ ਆ ਕੇ ਉਹ ਵਾਪਸ ਫਰਾਂਸ ਚਲਾ ਗਿਆ ਤੇ ਉੱਥੇ ਹੀ ਉਸ ਦੀ ਮੌਤ ਹੋ ਗਈ।

ਯਾਂ ਬੈਪਟਾਈਜ਼ ਵੈਨਤੂਰਾ: ਵੈਨਤੂਰਾ ਦਾ ਬਚਪਨ ਦਾ ਨਾਮ ਰੂਬੀਨੋ ਬੇਨ ਤੋਰਾਹ ਸੀ। ਉਸ ਦਾ ਜਨਮ 25 ਮਈ 1794 ਨੂੰ ਇਟਲੀ ਦੇ ਸੂਬੇ ਮੋਡੇਨਾ ਦੇ ਸ਼ਹਿਰ ਫਾਈਨੇਲ ਐਮੀਲੀਆ ਵਿੱਚ ਇੱਕ ਮੱਧ ਵਰਗੀ ਯਹੂਦੀ ਪਰਿਵਾਰ ਵਿੱਚ ਹੋਇਆ। 17 ਸਾਲ ਦੀ ਉਮਰ ਵਿੱਚ ਉਹ ਇਟਲੀ ਦੀ ਫ਼ੌਜ ਵਿੱਚ ਭਰਤੀ ਹੋ ਗਿਆ ਤੇ ਬਾਅਦ ਵਿੱਚ ਫਰਾਂਸ ਦੀ ਫ਼ੌਜ ਵਿੱਚ ਚਲਾ ਗਿਆ। ਵਾਟਰਲੂ ਦੀ ਜੰਗ ਤੇ ਨੈਪੋਲੀਅਨ ਦੇ ਪਤਨ ਤੋਂ ਬਾਅਦ ਉਹ ਇਟਲੀ ਵਾਪਸ ਆ ਗਿਆ ਪਰ 1817 ਵਿੱਚ ਉਹ ਇਟਲੀ ਛੱਡ ਕੇ ਤੁਰਕੀ ਦੀ ਰਾਜਧਾਨੀ ਇਸਤਾਂਬੁਲ ਚਲਾ ਗਿਆ। ਉੱਥੇ ਉਸ ਨੇ ਕੁਝ ਦੇਰ ਸਮੁੰਦਰੀ ਜਹਾਜ਼ਾਂ ਦੀ ਦਲਾਲੀ ਕੀਤੀ ਪਰ ਕਾਮਯਾਬ ਨਾ ਹੋ ਸਕਿਆ। ਫਿਰ ਉਹ ਵੀ ਬਾਕੀ ਯੂਰਪੀਅਨਾਂ ਵਾਂਗ ਇਰਾਨ ਦੀ ਫ਼ੌਜ ਨੂੰ ਸਿਖਲਾਈ ਦੇਣ ਲਈ ਭਰਤੀ ਹੋ ਗਿਆ ਤੇ ਕਰਨਲ ਦਾ ਰੈਂਕ ਪ੍ਰਾਪਤ ਕੀਤਾ। ਇਰਾਨ ਦੀ ਫ਼ੌਜ ਵਿੱਚ ਬਹੁਤ ਸਾਰੇ ਬ੍ਰਿਟਿਸ਼ ਅਫ਼ਸਰ ਵੀ ਨੌਕਰੀ ਕਰ ਰਹੇ ਸਨ। ਉਹ ਅਲਾਰਡ, ਐਵਾਟਾਈਬਲ, ਕੋਰਟ ਤੇ ਵੈਨਤੂਰਾ ਨਾਲ ਨੈਪੋਲੀਅਨ ਦੀ ਫ਼ੌਜ ਵਿੱਚ ਨੌਕਰੀ ਕਰਨ ਕਰਕੇ ਨਫ਼ਰਤ ਕਰਦੇ ਸਨ। ਉਨ੍ਹਾਂ ਨੇ ਸ਼ਾਹ ਇਰਾਨ ਅੱਬਾਸ ਮਿਰਜ਼ਾ ਦੇ ਕੰਨ ਭਰ ਦਿੱਤੇ। ਬਾਕੀ ਫਰਾਂਸੀਸੀਆਂ ਦੇ ਨਾਲ ਉਸ ਨੂੰ ਵੀ ਇਰਾਨ ਛੱਡਣਾ ਪਿਆ।

1822 ਵਿੱਚ ਉਹ ਤੇ ਅਲਾਰਡ ਸਭ ਤੋਂ ਪਹਿਲੇ ਵਿਦੇਸ਼ੀ ਸੈਨਿਕ ਸਨ, ਜਿਨ੍ਹਾਂ ਨੇ ਲਾਹੌਰ ਦਰਬਾਰ ਵਿੱਚ ਨੌਕਰੀ ਪ੍ਰਾਪਤ ਕੀਤੀ। ਉਸ ਨੇ ਬਹੁਤ ਵਫ਼ਾਦਾਰੀ ਨਾਲ ਖ਼ਾਲਸਾ ਫ਼ੌਜ ਨੂੰ ਪੱਛਮੀ ਪਰੇਡ, ਯੁੱਧ ਕਲਾ ਅਤੇ ਪੈਦਲ ਲੜਾਈ ਵਿੱਚ ਨਿਪੁੰਨ ਕੀਤਾ। ਉਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ੇਸ਼ ਦਸਤੇ, ਫ਼ੌਜ-ਏ-ਖ਼ਾਸ ਬ੍ਰਿਗੇਡ ਦੀ ਸਥਾਪਨਾ ਕੀਤੀ। ਜਨਰਲ ਦੇ ਅਹੁਦੇ ਤੋਂ ਇਲਾਵਾ ਮਹਾਰਾਜੇ ਨੇ ਉਸ ਨੂੰ ਲਾਹੌਰ ਦੇ ਕਾਜ਼ੀ ਦੀ ਪਦਵੀ ਦਿੱਤੀ ਤੇ ਕਈ ਸੂਬਿਆਂ ਦੀ ਗਵਰਨਰੀ ਵੀ ਬਖ਼ਸ਼ੀ ਸੀ। ਉਹ ਪੰਜਾਬ ਦਾ ਮੁੱਢਲਾ ਸਿੱਕਾ ਖੋਜੀ ਸੀ। ਉਸ ਨੇ ਵਫ਼ਾਦਾਰੀ ਨਾਲ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਦੀ ਸੇਵਾ ਕੀਤੀ। ਮਹਾਰਾਜਾ ਸ਼ੇਰ ਸਿੰਘ ਦੀ ਹੱਤਿਆ ਤੋਂ ਬਾਅਦ ਉਸ ਨੇ 1843 ਵਿੱਚ ਪੰਜਾਬ ਛੱਡ ਦਿਤਾ ਤੇ ਫਰਾਂਸ ਚਲਾ ਗਿਆ। 3 ਅਪਰੈਲ 1858 ਨੂੰ ਫਰਾਂਸ ਦੇ ਸ਼ਹਿਰ ਲਾਰਡੈਨ ਵਿੱਚ ਉਸ ਦੀ ਮੌਤ ਹੋ ਗਈ।

ਪਾਵਲੋ ਐਵੀਟੈਬਾਈਲ: ਪਹਿਲੀ ਐਂਗਲੋ ਸਿੱਖ ਜੰਗ ਦੌਰਾਨ ਆਲੀਵਾਲ ਦੀ ਲੜਾਈ ਵਿੱਚ ਜਨਰਲ ਐਵੀਟੈਬਾਈਲ ਦੀਆਂ ਪਲਟਣਾਂ ਨੇ ਹੀ ਬ੍ਰਿਟਿਸ਼ ਫ਼ੌਜ ਦਾ ਸਾਹਮਣਾ ਕੀਤਾ ਸੀ। ਐਵੀਟੈਬਾਈਲ ਦਾ ਪੂਰਾ ਨਾਂ ਪਾਵਲੋ ਕਰੈਸੈਨਜ਼ੋ ਮਾਰਟੀਨੋ ਐਵੀਟੈਬਾਈਲ ਸੀ। ਉਸ ਦਾ ਜਨਮ 25 ਅਕਤੂਬਰ 1791 ਨੂੰ ਇਟਲੀ ਦੇ ਕਸਬੇ ਅਗੇਰੋਲਾ ਵਿੱਚ ਇੱਕ ਕਿਸਾਨ ਪਰਿਵਾਰ ਵਿੱਚ ਹੋਇਆ। ਉਸ ਨੇ ਫਰਾਂਸ ਦੀ ਸੈਨਾ ਵਿੱਚ ਭਰਤੀ ਹੋ ਕੇ ਨੈਪੋਲੀਅਨ ਵੱਲੋਂ ਅਨੇਕਾਂ ਯੁੱਧਾਂ ਵਿੱਚ ਹਿੱਸਾ ਲਿਆ। ਵਾਟਰਲੂ ਦੇ ਯੁੱਧ ਤੋਂ ਬਾਅਦ ਉਹ ਪੂਰਬ ਵੱਲ ਚੱਲ ਪਿਆ। 1827 ਵਿੱਚ ਉਹ ਖ਼ਾਲਸਾ ਫ਼ੌਜ ਵਿੱਚ ਭਰਤੀ ਹੋ ਗਿਆ। ਮਹਾਰਾਜੇ ਨੇ ਉਸ ਨੂੰ ਫ਼ੌਜ ਦੇ ਨਾਲ ਨਾਲ ਕਈ ਦੀਵਾਨੀ ਜ਼ਿੰਮੇਵਾਰੀਆਂ ਵੀ ਸੌਂਪੀਆਂ। 1829 ਵਿੱਚ ਉਸ ਨੂੰ ਵਜ਼ੀਰਾਬਾਦ ਤੇ 1837 ਵਿੱਚ ਹਰੀ ਸਿੰਘ ਨਲਵਾ ਤੋਂ ਬਾਅਦ ਪਿਸ਼ਾਵਰ ਦਾ ਗਵਰਨਰ ਥਾਪਿਆ ਗਿਆ। ਪਹਿਲੇ ਐਂਗਲੋ ਸਿੱਖ ਯੁੱਧ ਤੋਂ ਬਾਅਦ ਉਹ ਇਟਲੀ ਚਲਾ ਗਿਆ। ਉਸ ਨੇ ਸਾਨ ਲਜ਼ੈਰੋ ਵਿੱਚ ਇੱਕ ਵਿਸ਼ਾਲ ਮਹਿਲ ਤਾਮੀਰ ਕਰਵਾਇਆ ਪਰ ਜਲਦੀ ਉਸ ਦੀ ਮੌਤ ਹੋ ਗਈ।

ਕਲੌਡ ਔਗਸਟੇ ਕੋਰਟ: ਕੋਰਟ ਦਾ ਜਨਮ 24 ਸਤੰਬਰ 1793 ਨੂੰ ਫਰਾਂਸ ਦੇ ਸ਼ਹਿਰ ਸੇਂਟ ਸੇਜ਼ਾਰੇ ਸੁਰ ਸੀਆਨੇ ਵਿੱਚ ਇੱਕ ਕੁਲੀਨ ਪਰਿਵਾਰ ਵਿੱਚ ਹੋਇਆ ਸੀ। 1813 ਵਿੱਚ 20 ਸਾਲ ਦੀ ਉਮਰ ਵਿੱਚ ਉਹ ਫਰਾਂਸ ਦੀ ਪੈਦਲ ਫ਼ੌਜ ਵਿੱਚ ਬਤੌਰ ਲੈਫਟੀਨੈਂਟ ਭਰਤੀ ਹੋ ਗਿਆ। 1815 ਵਿੱਚ ਵਾਟਰਲੂ ਦੀ ਜੰਗ ਤੋਂ ਬਾਅਦ ਨਵੀਂ ਫਰਾਂਸੀਸੀ ਸਰਕਾਰ ਨੇ ਉਸ ਨੂੰ ਨੈਪੋਲੀਅਨ ਦੇ ਹੋਰ ਵਫ਼ਾਦਾਰ ਅਫ਼ਸਰਾਂ ਸਮੇਤ ਫ਼ੌਜ ਵਿੱਚੋਂ ਬਰਖ਼ਾਸਤ ਕਰ ਦਿੱਤਾ। 1827 ਵਿੱਚ ਉਹ ਲਾਹੌਰ ਦਰਬਾਰ ਪਹੁੰਚ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਖ਼ਾਲਸਾ ਤੋਪਖ਼ਾਨੇ ਨੂੰ ਆਧੁਨਿਕ ਲੀਹਾਂ ਉੱਤੇ ਢਾਲਣ ਦੀ ਜ਼ਿੰਮੇਵਾਰੀ ਸੌਂਪੀ। ਨਵੀਆਂ ਤੋਪਾਂ ਢਾਲਣਾ, ਗੋਲਾ ਬਾਰੂਦ ਦੀ ਤਿਆਰੀ, ਤੋਪਚੀਆਂ ਦੀ ਸਿਖਲਾਈ ਤੇ ਯੁੱਧ ਖੇਤਰ ਵਿੱਚ ਦਾਗਣ ਦੀ ਜ਼ਿੰਮੇਵਾਰੀ ਉਸ ਕੋਲ ਸੀ। ਉਸ ਨੇ ਇਹ ਕੰਮ ਵਫ਼ਾਦਾਰੀ ਤੇ ਨਿਪੁੰਨਤਾ ਨਾਲ ਸਿਰੇ ਚੜ੍ਹਾਇਆ। ਉਸ ਨੇ ਪੇਸ਼ਾਵਰ ਤੇ ਜਮਰੌਦ ਦੀ ਜੰਗ ਵਿੱਚ ਬੇਮਿਸਾਲ ਬਹਾਦਰੀ ਵਿਖਾਈ। 5 ਨਵੰਬਰ 1840 ਨੂੰ ਮਹਾਰਾਜਾ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੀ ਮੌਤ ਤੋਂ ਬਾਅਦ ਉਸ ਨੇ ਅਤੇ ਜਨਰਲ ਵੈਨਤੂਰਾ ਨੇ ਸੱਤਾ ਸੰਘਰਸ਼ ਵਿੱਚ ਮਹਾਰਾਜਾ ਸ਼ੇਰ ਸਿੰਘ ਦਾ ਸਾਥ ਦਿੱਤਾ। ਸਤੰਬਰ 1843 ਵਿੱਚ ਮਹਾਰਾਜਾ ਸ਼ੇਰ ਸਿੰਘ ਤੇ ਸ਼ਹਿਜ਼ਾਦਾ ਪ੍ਰਤਾਪ ਸਿੰਘ ਦੇ ਕਤਲ ਤੋਂ ਬਾਅਦ ਉਸ ਨੇ ਅੰਗਰੇਜ਼ਾਂ ਦੇ ਇਲਾਕੇ ਫ਼ਿਰੋਜ਼ਪੁਰ ਵਿੱਚ ਸ਼ਰਨ ਲੈ ਲਈ। 1844 ਵਿੱਚ ਉਹ ਵਾਪਸ ਫਰਾਂਸ ਚਲਾ ਗਿਆ। 1880 ਵਿੱਚ ਉਸ ਦੀ ਪੈਰਿਸ ਵਿੱਚ ਮੌਤ ਹੋ ਗਈ।

ਕਰਨਲ ਅਲੈਗਜ਼ੈਂਡਰ ਗਾਰਡਨਰ: ਗਾਰਡਨਰ ਦਾ ਪੂਰਾ ਨਾਂ ਅਲੈਗਜ਼ੈਂਡਰ ਹੌਟਨ ਕੈਂਪਬੈਲ ਗਾਰਡਨਰ ਸੀ। ਉਸ ਦਾ ਜਨਮ ਅਮਰੀਕਾ ਦੇ ਸੂਬੇ ਵਿਸਕੌਨਸਿਨ ਵਿੱਚ ਹੋਇਆ। 1809 ਵਿੱਚ ਉਹ ਆਇਰਲੈਂਡ ਚਲਾ ਗਿਆ ਤੇ 1817 ਵਿੱਚ ਰੂਸ ਪਹੁੰਚ ਗਿਆ। ਉਸ ਨੇ ਰੂਸੀ ਫ਼ੌਜ ਵਿੱਚ ਭਰਤੀ ਹੋਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕਿਆ। 1831 ਵਿੱਚ ਉਹ ਲਾਹੌਰ ਦਰਬਾਰ ਪੁੱਜਿਆ ਤੇ ਉਸ ਨੂੰ ਕਰਨਲ ਰੈਂਕ ਦੇ ਕੇ ਇੱਕ ਤੋਪਖ਼ਾਨਾ ਬ੍ਰਿਗੇਡ ਦਾ ਕਮਾਂਡਰ ਥਾਪਿਆ ਗਿਆ। ਗਾਰਡਨਰ ਦੀ ਡੋਗਰਿਆਂ ਨਾਲ ਬਹੁਤ ਬਣਦੀ ਸੀ। ਧਿਆਨ ਸਿੰਘ ਡੋਗਰਾ, ਮਹਾਰਾਜਾ ਖੜਕ ਸਿੰਘ ਦੇ ਦੋਸਤ ਚੇਤ ਸਿੰਘ ਬਾਜਵਾ ਨੂੰ ਕਤਲ ਕਰਨ ਵੇਲੇ ਗਾਰਡਨਰ ਨੂੰ ਨਾਲ ਲੈ ਕੇ ਗਿਆ ਸੀ। ਉਸ ਦੀ ਮੌਤ 1877 ਵਿੱਚ ਕਸ਼ਮੀਰ ਵਿੱਚ ਹੋਈ।

ਜੋਸੀਆ ਹਰਲੇਨ: ਹਰਲੇਨ ਦਾ ਜਨਮ 12 ਜੂਨ 1799 ਨੂੰ ਅਮਰੀਕਾ ਦੇ ਸੂਬੇ ਪੈਨਸਿਲਵੇਨੀਆ ਦੇ ਸ਼ਹਿਰ ਨਿਊਲਿਨ ਟਾਊਨਸ਼ਿਪ ਵਿੱਚ ਹੋਇਆ। ਉਸ ਦੀ ਮੈਡੀਕਲ ਸਾਇੰਸ ਵਿੱਚ ਰੁਚੀ ਸੀ ਪਰ ਮੈਡੀਕਲ ਕਾਲਜ ਵਿੱਚ ਦਾਖ਼ਲਾ ਹਾਸਲ ਨਾ ਕਰ ਸਕਿਆ।

ਮਿੰਨੀ ਕਹਾਣੀ

## ਕਰਮਾਂ ਵਾਲੀ



ਪ੍ਰਤੀਕ ਨੇ ਦਫ਼ਤਰ 'ਚੋਂ ਸਿੱਧਾ ਘਰ ਜਾਣ ਦੀ ਬਜਾਏ ਬਜ਼ਾਰ ਚੋਂ ਕੁਝ ਮਿਠਾਈਆਂ ਤੇ ਫਲ ਖਰੀਦ ਕੇ ਗੱਡੀ ਬਿਰਧ ਆਸ਼ਰਮ ਵੱਲ ਮੋੜ ਲਈ। ਉਹ ਮਨ ਹੀ ਮਨ ਸੋਚ ਰਿਹਾ ਸੀ ਕਿ ਉਸ ਦੀ ਮਾਂ ਉਸ ਨੂੰ ਪੂਰੇ ਸਾਲ ਬਾਅਦ ਵੇਖ ਕੇ ਬੜਾ ਖ਼ੁਸ਼ ਹੋਵੇਗੀ। ਹੋਇਆ ਵੀ ਇਓਂ ਹੀ ਜਦੋਂ ਪ੍ਰਤੀਕ ਨੇ ਮਾਂ ਕੋਲ ਜਾ ਕੇ ਮਾਂ ਕਹਿ ਕੇ ਨਮਸਕਾਰ ਬੁਲਾਈ ਤਾਂ ਮਾਂ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ। ਉਸ ਨੇ ਪੁੱਤ ਨੂੰ ਘੁੱਟ ਕੇ ਗਲਵਕੜੀ 'ਚ ਲੈ ਲਿਆ। ਉਸ ਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਚਿਰਾਂ ਦੀ ਗਵਾਚੀ ਚੀਜ਼ ਲੱਭ ਗਈ ਹੋਵੇ। ਪ੍ਰਤੀਕ ਨੇ ਮਿਠਾਈ ਤੇ ਫਲਾਂ ਦਾ ਲਿਫ਼ਾਫ਼ਾ ਕੋਲ ਰੱਖਦਿਆਂ ਕੁਝ ਸਮੇਂ ਬਾਅਦ ਕਿਹਾ ਕਿ ਘਰ ਲਈ ਲੇਟ ਹੋ ਰਿਹਾਂ, ਬੱਚੇ ਇੰਤਜ਼ਾਰ ਕਰਦੇ ਹੋਣਗੇ।

ਕੋਲ ਬੈਠੀ ਬਜ਼ੁਰਗ ਔਰਤ ਨੇ ਪ੍ਰਤੀਕ ਨੂੰ ਸਵਾਲੀਆ ਅੰਦਾਜ਼ 'ਚ ਆਖਿਆ ਕਿ ਇਹ ਤੇਰੀ ਬੁੜੀ ਮਾਂ ਵੀ ਤਾਂ ਪੂਰੇ ਵਰ੍ਹੇ ਦੀ ਤੇਰੀ ਰਾਹ ਦੇਖ ਰਹੀ ਹੈ। ਉਸ ਦੀ ਗੱਲ ਕੱਟਦਿਆਂ ਪ੍ਰਤੀਕ ਦੀ ਮਾਂ ਨੇ ਕਿਹਾ ਕਿ ਕੋਈ ਨਾ ਭੈਣੇ ਉਨ੍ਹਾਂ ਮਾਪਿਆਂ ਤੋਂ ਤਾਂ ਕਿਤੇ ਕਰਮਾਂ ਵਾਲੀ ਹਾਂ, ਜਿਨ੍ਹਾਂ ਦੀ ਔਲਾਦ ਮਰ ਮੁੱਕ ਜਾਂਦੀ ਏ। ਦਿਲ ਨੂੰ ਤਸੱਲੀ ਤਾਂ ਹੈ ਵੀ ਮੇਰਾ ਪੁੱਤ ਵੀ ਹੈ ਇਸ ਜਗ 'ਤੇ। ਇਸ ਗੱਲ ਨੇ ਪ੍ਰਤੀਕ ਦੇ ਦਿਲ 'ਤੇ ਅਜਿਹਾ ਅਸਰ ਕਰਿਆ ਕਿ ਉਸ ਦੀਆਂ ਅੱਖਾਂ 'ਚ ਪਾਣੀ ਆ ਗਿਆ। ਉਹ ਮਨ ਹੀ ਮਨ ਸੋਚ ਰਿਹਾ ਸੀ ਕਿ ਮੈਂ ਸੱਚ-ਮੁੱਚ ਜਿਉਂਦਾ ਹਾਂ? ਉਹ ਭੱਜ ਕੇ ਕਮਰੇ 'ਚੋਂ ਉੱਠਿਆ ਤੇ ਬਿਰਧ ਆਸ਼ਰਮ ਵਾਲਿਆਂ ਕੋਲ ਕਾਗ਼ਜ਼ ਪੱਤਰ ਦੀ ਕਾਰਵਾਈ ਪੂਰੀ ਕਰ ਕੇ ਮਾਂ ਨੂੰ ਆਪਣੇ ਨਾਲ ਚੱਲਣ ਲਈ, ਗੱਡੀ 'ਚ ਬੈਠਣ ਲਈ ਕਿਹਾ। ਮਾਂ ਦੇ ਹੰਝੂ ਰੋਕਿਆਂ ਨਹੀਂ ਸੀ ਰੁਕ ਰਹੇ। ਓਧਰ ਜਿਓਂ ਹੀ ਘਰ ਦੇ ਗੇਟ 'ਤੇ ਆ ਕੇ ਪ੍ਰਤੀਕ ਨੇ ਹਾਰਨ ਵਜਾਇਆ ਤਾਂ ਘਰਵਾਲੀ ਨੇ ਗੇਟ ਖੋਲ੍ਹਿਆ ਜਿਓਂ ਹੀ ਪ੍ਰਤੀਕ ਗੱਡੀ 'ਚੋਂ ਉਤਰਨ ਲੱਗਿਆ ਤਾਂ ਉਸ ਦੀ ਪਤਨੀ ਨੇ ਖਿਝ ਕੇ ਕਿਹਾ 'ਕਿੱਧਰ ਮਰਨ ਗਿਆ ਸੀ, ਕਿਹੜਾ ਵੇਲਾ ਹੋ ਗਿਆ।

ਪ੍ਰਤੀਕ ਨੇ ਗੱਡੀ 'ਚੋਂ ਮਾਂ ਨੂੰ ਬਾਹਰ ਕੱਢਦਿਆਂ ਕਿਹਾ ਕਿ ਹੁਣ ਤਕ ਮਰਿਆ ਹੀ ਹੋਇਆ ਸੀ। ਅੱਜ ਤਾਂ ਮੈਂ ਜਿਉਂਦਾ ਹੋ ਕੇ ਆਇਆ ਹਾਂ। ਇਹ ਕਹਿ ਕੇ ਪ੍ਰਤੀਕ ਮਾਂ ਨੂੰ ਮੋਢੇ ਦਾ ਸਹਾਰਾ ਦਿੰਦਾ ਹੋਇਆ ਕਮਰੇ ਵੱਲ ਲੈ ਗਿਆ।

• **ਹਰਪ੍ਰੀਤ ਕੌਰ ਘੁੰਨਸ,** *ਮੋਬਾ. : 97795-20194*

## ਗ਼ਜ਼ਲ



ਵੇਖਦਾ ਹਾਂ ਬੇਕਸੂਰ 'ਤੇ ਜਦੋਂ ਜ਼ੁਲਮ ਹੁੰਦਾ।
ਰਿਸਦਾ ਮੇਰੇ ਸੀਨੇ 'ਚ ਵੀ ਜ਼ਖ਼ਮ ਹੁੰਦਾ।

ਖੌਲ ਰਿਹੈ ਮੇਰੇ ਜਿਸਮ ਦਾ ਸਿਦਕ,
ਰੋਕ ਦਿੰਦਾ ਨਫ਼ਸ ਜੇਕਰ ਦਮ ਹੁੰਦਾ।

ਬਣ ਰਿਹੈ ਦੁਸ਼ਮਣ ਇਨਸਾਨ ਦਾ ਬੇਈਮਾਨ
ਰਿਸ਼ਤਾ ਮੁਹੱਬਤ ਦਾ ਪਵਿੱਤਰ ਨਜ਼ਮ ਹੁੰਦਾ।

ਪੰਛੀ ਵੀ ਆਪਸ ਵਿਚ ਕਰਨ ਗੁਫ਼ਤਗੂ,
ਸਿਤਮ ਦਫ਼ਨ ਕਰਨਾ ਇਨਸਾਨ ਦਾ ਧਰਮ ਹੁੰਦਾ।

ਜਿਨ੍ਹਾਂ ਦੀ ਬਦੌਲਤ ਮਾਣ ਰਹੇ ਹਾਂ ਅਜ਼ਾਦੀ,
ਕਦਰ ਕਰੀਏ ਕੁਝ ਸਾਡਾ ਵੀ ਕਰਮ ਹੁੰਦਾ।

• **ਮੇਜਰ ਸਿੰਘ ਰਾਜਗੜ੍ਹ,** *ਮੋਬਾਈਲ : 98766-64204*

# ਮੋਹਖੋਰਾ ਤੇ ਬੀਬਾ ਲੇਖਕ ਸੀ ਬੰਤ ਸਿੰਘ ਚੱਠਾ



ਨਿਰੰਜਣ ਬੋਹਾ

ਮੋਬਾਈਲ : 89682-82700

***ਬੰਤ ਸਿੰਘ ਚੱਠਾ ਜਿੰਨਾ ਮੋਹਖੋਰਾ ਬੰਦਾ ਸੀ ਓਨਾ ਹੀ ਕੋਰਾ ਕਰਾਰਾ ਵੀ। ਜੇ ਕਿਸੇ ਕਾਰਨ ਉਹ ਵਿਗੜ ਜਾਂਦਾ ਤਾਂ ਛੇਤੀ ਕੀਤਿਆਂ ਸੂਤ ਨਾ ਆਉਂਦਾ। ਉਸ ਦੇ ਪਿਆਰ ਵਿਚ ਬੱਚਿਆਂ ਜਿਹੀ ਮਾਸੂਮੀਅਤ ਤੇ ਨਿਰਛਲਤਾ ਸੀ ਪਰ ਵਿਗੜਣ 'ਤੇ ਉਹ ਹੈਂਕੜਖੋਰ ਬਣ ਜਾਂਦਾ। ਪਿਆਰ ਨਾਲ ਤੋਰੋ ਤਾਂ ਸੈਂਕੜੇ ਮੀਲ ਤੁਹਾਡੇ ਨਾਲ ਤੁਰਨ ਲਈ ਤਿਆਰ ਪਰ ਕੋਈ ਰੋਹਬ ਨਾਲ ਗੱਲ ਕਰੇ ਤਾਂ ਇਕ ਪੈਰ ਵੀ ਨਾ ਪੁੱਟਦਾ ਤੇ ਨਾ ਹੀ ਕਿਸੇ ਟੁੰਡੀ ਲਾਟ ਦੀ ਪਰਵਾਹ ਕਰਦਾ ਸੀ...***

'ਯਾਰ ਬੋਹੇ ! ਬੰਤ ਸਿੰਘ ਚੱਠਾ ਤੇਰੇ ਨਾਲ ਬਹੁਤ ਨਰਾਜ਼ ਐ, ਉਹ ਤਾਂ ਤੈਨੂੰ ਗਾਲ੍ਹਾਂ ਕੱਢਦੈ'। ਸਾਡੇ ਸਾਂਝੇ ਦੋਸਤ ਕਹਾਣੀਕਾਰ ਦਰਸ਼ਨ ਜੋਗਾ ਨੇ ਇਕ ਦਿਨ ਮਿਲਣ 'ਤੇ ਮੈਨੂੰ ਦੱਸਿਆ ਤੇ ਮੇਰੀ ਪ੍ਰਤੀਕਿਰਿਆ ਜਾਣਨ ਲਈ ਮੇਰੇ ਮੂੰਹ ਵੱਲ ਵੇਖਣ ਲੱਗਾ'। 'ਬਾਈ ਜਿਹੜੇ ਬੰਦੇ ਨਾਲ ਨੇੜਤਾ ਹੁੰਦੀ ਐ ਉਹ ਨਰਾਜ਼ ਵੀ ਹੁੰਦੇ ਤੇ ਗਾਲ੍ਹਾਂ ਵੀ ਉਹੀ ਕੱਢਦੈ। ਨਹੀਂ ਕਿਵੇਂ ਕੋਈ ਖਾ ਲੂ ਕਿਸੇ ਤੋਂ ਗਾਲ੍ਹਾਂ'। ਜੋਗੇ ਦੀ ਗੱਲ ਸੁਣ ਕੇ ਮੈਂ ਮੁਸਕਰਾ ਪਿਆ ਸਾਂ ਤੇ ਉਸ ਦੀਆਂ ਆਦਤਾਂ ਤੋਂ ਜਾਣੂ ਉਹ ਮੇਰੀ ਮੁਸਕਰਾਹਟ ਦੇ ਜਵਾਬ ਵਿਚ ਕੇਵਲ ਮੁਸਕਰਾਇਆ ਹੀ ਨਹੀਂ ਸਗੋਂ ਹੱਸਣ ਵੀ ਲੱਗ ਪਿਆ ਸੀ।

ਦਰਸ਼ਨ ਜੋਗਾ ਦੇ ਦੱਸਣ ਤੋਂ ਪਹਿਲਾਂ ਵੀ ਮੈਨੂੰ ਪਤਾ ਸੀ ਕਿ ਬੰਤ ਸਿੰਘ ਚੱਠਾ ਮੇਰੇ ਨਾਲ ਨਰਾਜ਼ ਹੈ। ਭਲਾ ਉਹ ਇਸ ਗੱਲ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਮੈਂ ਉਸ ਦੇ ਪਿੰਡ ਤੋਂ ਕੇਵਲ ਚਾਰ ਕੁ ਕਿਲੋ ਮੀਟਰ ਦੂਰ ਭੁੱਚੋ ਮੰਡੀ ਆਪਣੇ ਸਹੁਰੇ ਆ ਕੇ ਉਸ ਨੂੰ ਬਿਨਾਂ ਮਿਲੇ ਮਿਲ ਵਾਪਸ ਚੱਲਿਆ ਗਿਆ ਹੋਵਾਂ, ਜਦੋਂ ਕਿ ਉਹ ਮੈਨੂੰ ਆਪਣੇ ਨਵੇਂ ਮਕਾਨ ਦੀ ਉਸਾਰੀ ਦੀ ਸੂਚਨਾ ਵੀ ਫੋਨ 'ਤੇ ਦੇ ਚੁੱਕਾ ਸੀ। ਫਿਰ ਉਸ ਦਾ ਨਵਾਂ ਨਾਵਲ ਵੀ ਤਾਂ ਆਇਆ ਸੀ ਪਰ ਮੈਂ ਆਪਣੇ ਹੀ ਰੁਝੇਵਿਆਂ ਵਿਚ ਉਲਝਿਆ ਉਸ ਨੂੰ ਫੋਨ 'ਤੇ ਵਧਾਈ ਵੀ ਤਾਂ ਨਹੀਂ ਦੇ ਸਕਿਆ।

ਮੈਨੂੰ ਇਹ ਯਕੀਨ ਸੀ ਕਿ ਚੱਠਾ ਮੇਰੇ ਨਾਲ ਨਰਾਜ਼ ਤਾਂ ਹੋ ਸਕਦਾ ਹੈ ਪਰ ਲੰਮਾ ਸਮਾਂ ਨਰਾਜ਼ ਰਹਿ ਨਹੀਂ ਸਕਦਾ। ਫਿਰ ਉਸ ਨੂੰ ਮਨਾਉਣ ਦਾ ਗੁਰ ਵੀ ਤਾਂ ਮੈਨੂੰ ਆਉਂਦਾ ਸੀ। ਭੁੱਚੋ ਗਿਆ ਤਾਂ ਬਿਨਾਂ ਉਸ ਨੂੰ ਸੂਚਨਾ ਦਿੱਤੇ ਪੂਹਲੀ ਪਹੁੰਚ, ਉਸ ਦੇ ਘਰ ਦੀ ਬੈੱਲ ਜਾ ਖੜਕਾਈ। ਕਿੱਧਰ ਗਈ ਉਸ ਦੀ ਨਰਾਜ਼ਗੀ ਤੇ ਕਿੱਧਰ ਗਿਆ ਉਸ ਦਾ ਗੁੱਸਾ। ਉਸ ਦੀ ਜੱਫ਼ੀ ਦਾ ਨਿੱਘ ਮੈਨੂੰ ਅਹਿਸਾਸ ਕਰਵਾ ਰਿਹਾ ਸੀ ਕਿ ਉਸ ਦਾ ਮੇਰੇ ਪ੍ਰਤੀ ਪਿਆਰ ਤਾਂ ਅਸਲੀ ਹੈ ਪਰ ਨਰਾਜ਼ਗੀ ਬਿਲਕੁਲ ਨਕਲੀ।

ਬੰਤ ਸਿੰਘ ਚੱਠਾ ਜਿੰਨਾ ਮੋਹਖੋਰਾ ਬੰਦਾ ਸੀ ਓਨਾ ਹੀ ਕੋਰਾ ਕਰਾਰਾ ਵੀ ਸੀ। ਜੇ ਇਕ ਵਾਰ ਕਿਸੇ ਕਾਰਨ ਉਹ ਵਿਗੜ ਜਾਂਦਾ ਤਾਂ ਛੇਤੀ ਕੀਤਿਆਂ ਸੂਤ ਨਾ ਆਉਂਦਾ। ਉਸ ਦੇ ਪਿਆਰ ਵਿਚ ਬੱਚਿਆਂ ਜਿਹੀ ਮਾਸੂਮੀਅਤ ਤੇ ਨਿਰਛਲਤਾ ਹੈ ਪਰ ਵਿਗੜਣ 'ਤੇ ਉਹ ਹੈਂਕੜਖੋਰ ਵੀ ਬਣ ਜਾਂਦਾ ਹੈ। ਪਿਆਰ ਨਾਲ ਤੋਰੋ ਤਾਂ ਉਹ ਸੈਂਕੜੇ ਮੀਲ ਤੁਹਾਡੇ ਨਾਲ ਤੁਰਨ ਲਈ ਤਿਆਰ ਹੈ ਪਰ ਕੋਈ ਰੋਹਬ ਨਾਲ ਗੱਲ ਕਰੇ ਤਾਂ ਇਕ ਪੈਰ ਵੀ ਨਾ ਪੁੱਟਦਾ ਤੇ ਨਾ ਹੀ ਕਿਸੇ ਟੁੰਡੀ ਲਾਟ ਦੀ ਪਰਵਾਹ ਕਰਦਾ ਸੀ। ਚੱਠੇ ਨਾਲ ਮੇਰੀ ਸਾਂਝ ਬਹੁਤ ਪੁਰਾਣੀ ਹੈ। ਜਦੋਂ ਮੈਂ ਅਲੜ੍ਹ ਜਿਹੀ ਉਮਰੇ ਪਿਆਰ ਕਵਿਤਾਵਾਂ ਲਿਖ ਲਿਖ ਕਾਪੀਆਂ ਭਰਦਾ ਰਹਿੰਦਾ ਸਾਂ ਤਾਂ ਉਸ ਵੇਲੇ ਉਹ ਬੋਹਾ ਦੇ ਨੇੜਲੇ ਪਿੰਡ ਰਾਮਪੁਰ ਮੰਡੇਰ ਦੇ ਸਕੂਲ ਵਿਚ ਅਧਿਆਪਕ ਸੀ ਤੇ ਉਸ ਦੀਆਂ ਦੋ ਕਹਾਣੀਆਂ ਦੀਆਂ ਕਿਤਾਬਾਂ 'ਗੁਲਾਬ ਦੇ ਫੁੱਲ' ਤੇ 'ਤੂੰ ਝੂਠ ਬੋਲਿਆ ਸੀ' ਵੀ ਛਪ ਚੁੱਕੀਆਂ ਸਨ। ਕਿਸੇ ਨਵੇਂ ਤੇ ਸਿਖਾਂਦਰੂ ਲੇਖਕ ਲਈ ਦੋ ਕਿਤਾਬਾਂ ਦਾ ਲੇਖਕ ਵਿਸ਼ੇਸ਼ ਖਿਚ ਰੱਖਦਾ ਹੈ ਤੇ ਇਸ ਖਿੱਚ ਕਾਰਨ ਹੀ ਮੈਂ ਸੰਗਦੇ ਸੰਗਦੇ ਆਪਣੀਆਂ ਕਵਿਤਾਵਾਂ ਦੀ ਡਾਇਰੀ ਲੈ ਕੇ ਉਸ ਕੋਲ ਗਿਆ ਸਾਂ। ਉਸ ਮੈਨੂੰ ਥਾਪੜਾ ਤਾਂ ਦਿੱਤਾ ਨਾਲੇ ਕਵਿਤਾ ਲਿਖਣ ਲਈ ਕੁਝ ਜ਼ਰੂਰੀ ਨੁਕਤੇ ਵੀ ਦੱਸੇ ਸਨ। ਉਸ ਦੇ ਸੁਝਾਅ 'ਤੇ ਹੀ ਮੈਂ ਪਿਆਰ ਕਵਿਤਾਵਾਂ ਦੇ ਨਾਲ ਤੇ ਲੋਕਾਂ ਦੇ ਦੁੱਖਾਂ-ਦਰਦਾਂ ਦੀ ਬਾਤ ਪਾਉਂਦੀਆਂ ਕਵਿਤਾਵਾਂ ਲਿਖਣ ਦੀ ਕੋਸ਼ਿਸ਼ ਵੀ ਕਰਨ ਲੱਗ ਪਿਆ ਸਾਂ। ਮੇਰੇ ਤੇ ਚੱਠੇ ਵਿਚਕਾਰ ਪਹਿਲਾਂ ਗੁਰੂ ਚੇਲੇ ਵਾਲੇ ਸਬੰਧ ਸਨ ਪਰ ਜਿਉਂ ਜਿਉਂ ਮੈਂ ਸਾਹਿਤ ਦੇ ਖੇਤਰ ਨਾਲ ਗੰਭੀਰਤਾ ਨਾਲ ਜੁੜਦਾ ਗਿਆ ਸਾਡੇ ਸਬੰਧ ਵੀ ਦੋਸਤਾਨਾ ਹੁੰਦੇ ਗਏ।

ਚੱਠਾ ਰਾਮ ਪੁਰ ਮੰਡੇਰ ਤੋਂ ਬਦਲੀ ਕਰਵਾਕੇ ਆਪਣੇ ਪਿੰਡ ਪੂਹਲੀ ਵੱਲ ਚੱਲਿਆ ਗਿਆ ਤੇ ਰੋਜ਼ੀ ਰੋਟੀ ਦਾ ਚੱਕਰ ਮੈਨੂੰ ਬਾਘੇਪਰਾਣੇ ਲੈ ਗਿਆ। ਅਸੀਂ ਕਦੇ ਕਦਾਈ ਸਾਹਿਤਕ ਸਮਾਗਮਾਂ 'ਤੇ ਜ਼ਰੂਰ ਮਿਲਦੇ ਪਰ ਪਹਿਲਾਂ ਵਾਂਗ ਨਹੀਂ ਬੱਸ ਰਸਮੀ ਜਿਹੀ ਮੁਲਾਕਾਤ ਹੀ ਹੁੰਦੀ ਸੀ ਸਾਡੀ। 1982 ਵਿਚ ਮੇਰਾ ਵਿਆਹ ਭੁੱਚੋ ਮੰਡੀ ਵਿਚ ਹੋ ਗਿਆ ਤਾਂ ਸਾਡੇ ਮਿਲਦੇ ਰਹਿਣ ਦਾ ਵੀ ਨਵਾਂ ਸਬੱਬ ਬਣ ਗਿਆ। ਸਹੁਰੇ ਜਾਂਦਾ ਤਾਂ ਦੋ ਤਿੰਨ ਘੰਟੇ ਚੱਠੇ ਕੋਲ ਵੀ ਲਾ ਆਉਂਦਾ। ਅਸੀਂ ਸਾਹਿਤ ਤੇ ਸਾਹਿਤਕਾਰਾਂ ਬਾਰੇ ਕਿੰਨੀਆਂ ਹੀ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਤੇ ਆਪਣੀਆਂ ਰਚਨਾਵਾਂ ਵੀ ਇਕ ਦੂਜੇ ਨੂੰ ਸੁਣਾ ਕੇ ਉਨ੍ਹਾਂ 'ਤੇ ਚਰਚਾ ਕਰਦੇ। ਚੱਠੇ ਬਾਈ ਤੈਨੂੰ ਕਹਾਣੀਆਂ ਦੀਆਂ ਦੋ ਕਿਤਾਬਾਂ ਛਪਵਾਇਆਂ ਮੁਦਤਾਂ ਬੀਤ ਗਈਆ ਹਨ। ਅਖ਼ਬਾਰਾਂ, ਮੈਗਜ਼ੀਨਾਂ ਵਿਚ ਕਹਾਣੀਆਂ ਛਪਵਾ, ਸਾਂਭ ਰੱਖਣ ਨਾਲ ਕਿਸੇ ਨੇ ਇਨ੍ਹਾਂ ਦਾ ਗੰਭੀਰ ਨੋਟਿਸ ਨਹੀਂ ਲੈਣਾ। ਇਨ੍ਹਾਂ ਨੂੰ ਕਿਤਾਬੀ ਰੂਪ ਕਿਉਂ ਨਹੀਂ ਦਿੰਦੇ ਤੁਸੀ? ਉਸ ਨੂੰ ਮੇਰਾ ਸੁਆਲ ਸੀ।

ਬੋਹੇ ਯਾਰ ਕਿਤਾਬਾਂ ਛਪਵਾਉਣ ਬਾਰੇ ਮੈਨੂੰ ਬਹੁਤਾ ਤਜਰਬਾ ਨਹੀਂ। ਮੇਰਾ ਇਹ ਕੰਮ ਵੀ ਤੂੰ ਹੀ ਕਰ। ਕਹਾਣੀਆਂ ਦੀ ਇਕ ਇਕ ਕਾਪੀ ਮੈਂ ਸਾਂਭੀ ਹੋਈ ਹੈ, ਤੂੰ ਲੈ ਜਾ ਤੇ ਜਿੱਥੋ ਮਰਜ਼ੀ ਛਪਵਾ। 'ਜਿਹੜਾ ਬੋਲੇ ਉਹੀ ਕੁੰਡਾ ਖੋਲ੍ਹੇ' ਅਨੁਸਾਰ ਉਸ ਕਿਤਾਬ ਛਪਵਾਉਣ ਦੀ ਸਾਰੀ ਜ਼ਿੰਮੇਵਾਰੀ ਵੀ ਮੇਰੇ 'ਤੇ ਹੀ ਪਾ ਦਿੱਤੀ।

ਉਸ ਦੇ ਤੀਸਰੇ ਕਹਾਣੀ ਸੰਗ੍ਰਿਹ 'ਸ਼ਹਿਰ ਨਾ ਜਾਹ' ਦਾ ਖਰੜਾ ਮੈਂ ਉਸੇ ਦਿਨ ਲੈ ਲਿਆ। ਦੋ ਤਿੰਨ ਦਿਨ ਬਾਅਦ ਮੈਂ ਉਸ ਨੂੰ ਮਾਨਸਾ ਦਰਸ਼ਨ ਮਿਤਵੇ ਦੇ ਘਰ ਆਉਣ ਦਾ ਸੱਦਾ ਦੇ ਦਿੱਤਾ। ਅਸੀਂ ਉਸ ਵੇਲੇ ਉਡਾਨ ਪ੍ਰਕਾਸ਼ਨ ਦੇ ਬੈਨਰ ਹੇਠ ਕਿਤਾਬਾਂ ਛਾਪਦੇ ਕਹਾਣੀਕਾਰ ਦਰਸ਼ਨ ਮਿਤਵਾ ਨੂੰ ਉਸ ਦਾ ਖਰੜਾ ਫੜਾਇਆ ਤਾਂ ਉਹ ਖ਼ੁਸ਼ ਹੋ ਕੇ ਬੋਲਿਆ, 'ਚੱਠਾ ਸਾਹਿਬ ਤੁਸੀਂ ਬਹੁਤ ਪੁਰਾਣੇ ਤੇ ਵਧੀਆ ਕਹਾਣੀਕਾਰ ਹੋ। ਤੁਹਾਡੀਆਂ ਤਾਂ ਹੁਣ ਨੂੰ ਕਈ ਕਿਤਾਬਾਂ ਆ ਜਾਣੀਆ ਚਾਹੀਦੀਆ ਸਨ। ਇਸ ਤਰ੍ਹਾਂ ਉਸ ਦੀ ਤੀਜੀ ਕਿਤਾਬ ਛਪ ਗਈ। ਨਿਰੋਲ ਨਸ਼ਿਆ ਦੇ ਵਿਸ਼ੇ ਨਾਲ ਸਬੰਧਤ ਕਹਾਣੀਆਂ ਦੀ ਇਸ ਕਿਤਾਬ ਨੂੰ ਪਾਠਕਾਂ ਵੱਲੋਂ ਇੰਨਾਂ ਹੁੰਗਾਰਾ ਮਿਲਿਆ ਕਿ ਉਸ ਨੂੰ ਲੱਗਣ ਲੱਗਾ ਕਿ ਇੰਨਾਂ ਸਮਾਂ ਕੋਈ ਕਿਤਾਬ ਨਾ ਛਪਵਾ ਕੇ ਉਸ ਭਾਰੀ ਗ਼ਲਤੀ ਕੀਤੀ ਹੈ। ਬੱਸ ਫਿਰ ਕੀ ਸੀ, ਉਹ ਕਿਤਾਬਾਂ ਛਪਵਾਉਣ ਦੇ ਅਜਿਹਾ ਰਾਹ ਪਿਆ ਕਿ ਇਕ ਸਾਲ ਵਿਚ ਉਸ ਦੀਆਂ ਦੋ ਕਿਤਾਬਾਂ ਛਪਣ ਲੱਗੀਆਂ। ਹੁਣ ਕਹਾਣੀ ਲਿਖਦਾ ਲਿਖਦਾ ਉਹ ਵੱਡ ਅਕਾਰੀ ਨਾਵਲ ਲਿਖਣ ਲੱਗ ਪਿਆ। ਉਸ ਦੇ ਨਾਵਲ 'ਨਦੀ ਵਹਿੰਦੀ ਰਹੀ', 'ਤਿੰਨ ਕੁੜੀਆਂ', 'ਹਨੇਰੀ ਰਾਤ ਦੇ ਤਾਰੇ' ਤੇ 'ਪਹਿਲਾਂ ਪਾਣੀ ਜਿਉ ਹੈ' ਮੇਰੀ ਨਜ਼ਰ ਵਿੱਚੋਂ ਲੰਘ ਕੇ ਹੀ ਪ੍ਰਕਾਸ਼ਕ ਤਕ ਪਹੁੰਚੇ। ਦਰਸ਼ਨ ਮਿਤਵਾ ਤਾਂ ਉਸ ਦੀ ਪਹਿਲੀ ਕਿਤਾਬ ਪ੍ਰੈਸ ਵਿੱਚੋਂ ਆਉਣ ਤੋਂ ਪਹਿਲਾਂ ਹੀ ਇਸ ਦੁਨੀਆ ਤੋਂ ਤੁਰ ਗਏ ਪਰ ਬਾਅਦ ਵਿਚ ਉਸ ਦੀ ਪ੍ਰਕਾਸ਼ਨ ਨੂੰ ਸੰਭਾਲਣ ਵਾਲੇ ਉਸ ਦੇ ਭਤੀਜੇ ਸੰਜੀਵ ਮਿਤਵਾ ਨਾਲ ਚੱਠੇ ਨੇ



ਯਾਰੀ ਪਾ ਲਈ। ਹੁਣ ਉਸ ਨੂੰ ਕਿਤਾਬਾਂ ਛਪਵਾਉਣ ਦਾ ਪੂਰਾ ਤਜਰਬਾ ਹੋ ਗਿਆ ਸੀ। ਭਾਵੇਂ ਉਡਾਨ ਪ੍ਰਕਾਸ਼ਨ ਤੋਂ ਬਿਨਾਂ ਉਸ ਸੰਗਮ ਪਬਲਿਕੇਸਨਜ਼ ਸਮਾਣਾ ਤੋਂ ਵੀ ਦੋ ਤਿੰਨ ਕਿਤਾਬਾਂ ਛਪਵਾਈਆ ਪਰ ਉਸ ਦੀ ਪੱਕੀ ਯਾਰੀ ਹੁਣ ਵੀ ਸੰਜੀਵ ਮਿਤਵਾ ਨਾਲ ਹੀ ਸੀ।

ਆਪਣੇ ਛੇ ਫੁੱਟ ਲੰਮੇ ਕੱਦ ਕਾਰਨ ਚੱਠਾ ਪੰਜਾਬੀ ਲੇਖਕਾਂ ਵਿੱਚੋਂ ਦੂਰੋਂ ਹੀ ਪਛਾਣਿਆਂ ਜਾਂਦਾ ਸੀ। ਜਦੋਂ ਉਹ ਸਾਹਿਤਕਾਰਾਂ ਨਾਲ ਕਿਸੇ ਵਿਸ਼ੇ 'ਤੇ ਬਹਿਸ ਰਿਹਾ ਹੁੰਦਾ ਤਾਂ ਹੀ ਉਹ ਸਾਹਿਤਕਾਰ ਜਾਪਦਾ ਨਹੀ ਤਾਂ ਆਪਣੇ ਪੁੱਤਰ ਤੇਜਵੰਤ ਚੱਠਾ (ਜੋ ਕੌਮੀ ਪੱਧਰ ਦਾ ਵੇਟ ਲਿਫਟਰ ਹੈ) ਦੇ ਨਾਲ ਖੇਤਾਂ ਵਿਚ ਕੰਮ ਕਰਦਾ ਪੂਰਾ ਕਿਸਾਨ ਹੀ ਹੁੰਦਾ ਸੀ। ਆਧੁਨਿਕ ਢੰਗ ਤਰੀਕਿਆਂ ਨਾਲ ਖੇਤੀਬਾੜੀ ਕਰਨ ਦਾ ਸੌਕ ਉਸ ਦੇ ਹੱਡੀ ਰਚਿਆ-ਮਿਚਿਆ ਸੀ। ਘਰੇ ਖਾਣ ਜੋਗੀਆਂ ਸਾਰੀਆਂ ਸਬਜ਼ੀਆਂ ਉਹ ਆਪਣੇ ਖੇਤ ਹੀ ਉਗਾਉਂਦਾ। ਖੇਤ ਵਿਚ ਕੰਮ ਨਾ ਵੀ ਹੋਵੇ, ਸਵੇਰੇ ਸ਼ਾਮ ਸੈਰ ਦੇ ਬਹਾਨੇ ਉਹ ਖੇਤ ਗੇੜਾ ਮਾਰਨਾ ਨਹੀਂ ਭੁੱਲਦਾ। ਜੇ ਕੋਈ ਲੇਖਕ ਦੋਸਤ ਉਸ ਨੂੰ ਮਿਲਣ ਆਵੇ ਤਾਂ ਉਸ ਨੂੰ ਵੀ ਖੇਤ ਲੈ ਤੁਰਦਾ। ਕਈ ਵਾਰ ਤਾਂ ਉਹ ਆਪਣੇ ਸਾਹਿਤਕਾਰ ਦੋਸਤਾਂ ਨੂੰ ਬੁਲਾ ਕੇ ਖੇਤ ਦੇ ਕਮਰੇ ਵਿਚ ਹੀ ਸਾਹਿਤਕ ਮਹਿਫ਼ਲ ਲਾ ਲੈਂਦਾ ਸੀ। ਘਰ ਆਏ ਲੇਖਕਾਂ ਦੀ ਸੇਵਾ ਉਹ ਉਨ੍ਹਾਂ ਨੂੰ ਰੱਬ ਸਮਝ ਕੇ ਹੀ ਕਰਦਾ ਸੀ।

ਪਿੱਛੇ ਜਿਹੇ ਉਸ 'ਤੇ ਟਾਈਫਾਇਡ ਦੇ ਬੁਖਾਰ ਨੇ ਜ਼ੋਰਦਾਰ ਹਮਲਾ ਕਰ ਦਿੱਤਾ। ਮੈਂ ਸ੍ਰੀਮਤੀ ਸਮੇਤ ਉਸ ਦਾ ਪਤਾ ਲੈਣ ਗਿਆ। ਬੁਖ਼ਾਰ ਨੇ ਉਸ ਦਾ ਸਾਰਾ ਸਰੀਰ ਝੰਬ ਦਿੱਤਾ ਸੀ ਤੇ ਉਸ ਦਾ ਭਾਰ ਪੰਦਰਾਂ ਕਿਲੋ ਦੇ ਲਗਪਗ ਘੱਟ ਗਿਆ। ਉਹ ਅਰਾਮ ਕਰ ਰਿਹਾ ਸੀ ਕਿ ਮੈਂ ਚਾਣਚੱਕ ਉਸ ਨੂੰ ਜਾ ਜਗਾਇਆ। ਮੈਨੂੰ ਵੇਖ ਕੇ ਉਹ ਕੇ ਉੱਠ ਕੇ ਬੈਠ ਗਿਆ। ਬੱਲੇ ਬੱਲੇ, ਮੇਰਾ ਡਾਕਟਰ ਆ ਗਿਆ ਬਈ। ਲੈ ਹੁਣ ਇਸ ਨਾਲ ਗੱਲਾਂ ਕਰ ਕੇ ਸਾਰੀ ਬਿਮਾਰੀ ਭੱਜਾ ਦੇਣੀ ਆਪਾਂ। ਉਸ ਨਾਹਰਾ ਜਿਹਾ ਲਾਇਆ ਤੇ ਕੰਮਜ਼ੋਰ ਸਿਹਤ ਦੇ ਬਾਵਜੂਦ ਡਾਕਟਰੀ ਹਦਾਇਤਾਂ ਨੂੰ ਨਜ਼ਰ ਅੰਦਾਜ਼ ਕਰ ਕੇ ਮੇਰੇ ਨਾਲ ਗੱਲਾਂ ਕਰਦਾ ਰਿਹਾ। ਲੈ ਤੇਰੇ ਵੱਡੇ ਆਲੋਚਕ ਕੋਲ ਤਾਂ ਸਮਾਂ ਨਹੀਂ ਪਰ ਆਹ ਵੇਖ, ਤੇਰੇ ਵੱਡੇ ਵੀਰ ਦੇ ਨਾਵਲਾਂ ਅਤੇ ਕਹਾਣੀਆਂ 'ਤੇ ਆਲੋਚਨਾਂ ਦੀਆਂ ਤਿੰਨ ਪੁਸਤਕਾਂ ਇੱਕਠੀਆਂ ਆਈਆਂ ਨੇ। ਉਸ ਆਪ ਉੱਠਕੇ ਆਪਣੀ ਅਲਮਾਰੀ ਵਿੱਚੋਂ ਤਿੰਨ ਪੁਸਤਕਾਂ ਕੱਢ ਕੇ ਮੇਰੇ ਹੱਥਾਂ ਵਿਚ ਦੇ ਦਿੱਤੀਆਂ। ਡਾ. ਅਰਵਿੰਦਰ ਕੌਰ ਕਾਕੜਾ, ਡਾ. ਸਤਪ੍ਰੀਤ ਸਿੰਘ ਜੱਸਲ ਤੇ ਡਾ. ਪ੍ਰਿਥਵੀ ਰਾਜ ਥਾਪਰ (ਦਿੱਲੀ) ਵੱਲੋਂ ਉਸ ਦੀਆਂ ਕਹਾਣੀਆਂ 'ਤੇ ਕੀਤੇ ਮੌਲਿਕ ਤੇ ਸੰਪਾਦਿਤ ਕਾਰਜਾਂ ਦੀਆਂ ਪੁਸਤਕਾਂ ਫੜਾਉਣ ਦੇ ਬਹਾਨੇ, ਉਹ ਮੈਨੂੰ ਉਲਾਂਭਾ ਵੀ ਦੇ ਗਿਆ ਕਿ ਮੈਂ ਉਸ ਦੀਆਂ ਲਿਖਤਾਂ ਦਾ ਨੋਟਿਸ ਲੈਣ ਵਿਚ ਹੁਣ ਘੌਲ ਕਰਨ ਲੱਗ ਪਿਆ ਹਾਂ।

ਜਿੱਥੇ ਉਹਦਾ ਸਾਰਾ ਪਰਿਵਾਰ ਉਸ ਦੇ ਕਿਸੇ ਵੀ ਬੋਲ ਨੂੰ ਪੁਗਾਉਣ ਲਈ ਪੱਬਾਂ ਭਾਰ ਖੜ੍ਹ ਜਾਂਦਾ ਉੱਥੇ ਉਸ ਦੀ ਵੀ ਪਰਿਵਾਰ ਪ੍ਰਤੀ ਸਮਰਪਣ ਭਾਵਨਾ ਮਿਸਾਲੀ ਸੀ। ਵੱਡਾ ਬੇਟਾ ਤਾਂ ਉਸ ਤੋਂ ਅੱਡ ਹੋ ਕੇ ਬਠਿੰਡੇ ਰਹਿੰਦਾ ਪਰ ਛੋਟੇ ਬੇਟੇ ਤੇਜਵੰਤ ਤੇ ਨੂੰਹ ਨਾਲ ਉਸ ਦਾ ਇੰਨਾਂ ਮੋਹ ਸੀ ਕਿ ਜਿਵੇਂ ਉਹ ਸਤਿਯੁਗ ਵੇਲਿਆ ਦਾ ਬਾਪ ਹੋਵੇ। ਉਸ ਦਾ ਪੋਤਰਾਂ ਫਤਿਹ ਉਸ ਦੀ ਜਿੰਦ-ਜਾਨ ਸੀ। ਇਸ ਲਈ ਉਸ ਨੇ ਆਪਣੀ ਸਵੈ-ਜੀਵਨੀ ਦੇ ਮੁੱਖ ਟਾਈਟਲ ਤੇ ਆਪਣੀ ਬਜਾਏ ਆਪਣੇ ਪੋਤੇ ਦੀ ਫੋਟੋ ਛਪਵਾਈ।

ਕਿਸੇ ਅਖ਼ਬਾਰ ਦੇ ਸਾਹਿਤਕ ਪਰਚੇ ਦੇ ਸੰਪਾਦਕ ਨੇ ਮੇਰੀ ਜ਼ਿੰਮੇਵਾਰੀ, ਉਸ ਦੀ ਸਾਹਿਤਕ ਮੁਲਾਕਾਤ ਕਰਨ ਦੀ ਲਾਈ ਤਾਂ ਉਚੇਚ ਨਾਲ ਸੁਆਲ ਤਿਆਰ ਕਰ ਕੇ ਉਸ ਦੇ ਘਰ ਪਹੁੰਚ ਗਿਆ। ਇੰਟਰਵਿਊ ਦੇਣ ਵੇਲੇ ਆਪਣੀ ਜ਼ਿੰਦਗੀ ਦੇ ਪੰਨੇ ਪਰਤਦਿਆਂ ਉਹ ਕਈ ਵਾਰ ਭਾਵੁਕ ਹੋਇਆ ਤੇ ਕਈ ਵਾਰ ਖੁਲ੍ਹ ਕੇ ਹੱਸਿਆ। ਇੰਟਰਵਿਊ ਦੀ ਸਮਾਪਤੀ ਤੇ ਉਹ ਖ਼ੁਸ਼ੀ ਭਰੇ ਰੌਂਅ ਵਿਚ ਬੋਲਿਆ, 'ਯਾਰ ਬੋਹੇ ਤੂੰ ਤਾਂ ਮੇਰੀ ਅੱਧੀ ਜਾਨ ਐਂ ਤੇ ਮੇਰੀ ਸਾਹਿਤਕ ਜੀਵਨ ਦਾ ਪਹੀਆਂ ਵੀ, ਤੇਰੇ ਹੁੰਦਿਆ ਮੈਨੂੰ ਇਹ ਫ਼ਿਕਰ ਨਹੀਂ ਕਿ ਮੇਰੇ ਪਿੱਛੋਂ ਮੇਰੀਆਂ ਰਚਨਾਵਾਂ ਤੇ ਕਿਤਾਬਾਂ ਦਾ ਫ਼ਿਕਰ ਕੌਣ ਕਰੇਗਾ ਤੇ ਹੁਣ ਉਹ ਆਪਣੇ ਬੋਲਾ ਨੂੰ ਸੱਚਾ ਕਰਕੇ ਮੇਰੇ ਸਿਰ 'ਤੇ ਆਪਣੀਆਂ ਕਿਤਾਬਾਂ ਸੰਭਾਲਣ ਦੀ ਜ਼ਿੰਮੇਵਾਰੀ ਪਾ ਕੇ ਸੱਚ-ਮੁੱਚ ਚਲਾ ਗਿਆ ਹੈ। •

---

ਵੈਰੀ ਕੰਧਾਂ ਦੇ ਕੰਨਾਂ 'ਤੇ ਪਰਦਾ ਪਾਈ ਜਾਂਦੇ ਨੇ।
ਸੱਚ ਦਬਾ ਕੇ ਝੂਠ ਸੁਣਾ ਕੇ ਫਾਹੇ ਲਾਈ ਜਾਂਦੇ ਨੇ।

ਤੀਲ਼ੀ ਲਾ ਕੇ ਪਿੱਛੇ ਹੋਣਾ ਮੁੱਢ ਕਦੀਮੀ ਆਦਤ ਹੈ,
ਮਹਿਲਾਂ ਵਾਲੇ ਰਾਜੇ ਕੱਚੇ ਕੋਠੇ ਢਾਹੀ ਜਾਂਦੇ ਨੇ।

ਅਪਣੇ ਨੀਂਗਰ ਦੂਜੇ ਢੀਂਗਰ ਲੱਗਣ ਰੱਜੇ-ਪੁੱਜੇ ਨੂੰ,
ਸਾਡੇ ਘਰ ਵਿਚ ਮਾਤਮ ਪਾ ਕੇ ਢੋਲ ਵਜਾਈ ਜਾਂਦੇ ਨੇ।

ਸਾਨੂੰ ਦੱਸਣ ਆਟੇ ਦੇ ਦੀਵੇ ਜੋ ਬਣ ਉਸਤਾਦ ਰਹੇ,
ਉਹ ਲੋਕਾਂ ਦੀ ਬੋਲੀ ਲਾ ਕੇ ਨੋਟ ਕਮਾਈ ਜਾਂਦੇ ਨੇ।

ਹਰ ਵੋਟਾਂ ਵਾਰੀ ਬਣ ਜਾਂਦੇ ਮਿੱਟੀ ਮਾਧੋ ਲੋਕੀ,
ਨੇਤਾ ਲਾਰੇ ਲੱਪੇ ਲਾ ਕੇ ਵੋਟ ਪਵਾਈ ਜਾਂਦੇ ਨੇ।

ਅੰਨ੍ਹੇ ਨੇ ਸਭ, ਰਾਜਾ ਕਾਣਾ ਹਰ ਕੋਈ ਭੁੱਖਾ ਭਾਣਾ,
ਲੋਕੀ ਕੱਟਣ ਭੁੱਖਾਂ ਰਾਜੇ ਲੁੱਟ ਮਚਾਈ ਜਾਂਦੇ ਨੇ।

ਲੋਕ 'ਭਨੋਟ' ਫੜਾਂ ਮਾਰਨ ਜੋ ਭਿੱਜੀ ਬਿੱਲੀ ਬਣ ਜਾਂਦੇ,
ਜਿਹੜੇ ਹੱਕਾਂ ਖ਼ਾਤਿਰ ਲੜਦੇ ਸੀਸ ਕਟਾਈ ਜਾਂਦੇ ਨੇ।



• **ਜਤਿੰਦਰ ਭਨੋਟ,** *ਮੋਬਾਈਲ : 98780-41593*

## ਕਵਿਤਾ

ਕਿਰਾਏ ਦੀ ਜ਼ਿੰਦਗੀ
ਬਾਬਲ ਦੀ ਪੱਗ ਦੇ ਬੋਝ ਥੱਲੇ
ਅੱਖ ਦੀ ਘੂਰ ਤੋਂ
ਅਰਮਾਨਾਂ ਨੂੰ ਫੁੱਟੇ ਖੰਭ
ਹਾਰੇ 'ਚ ਪਾਥੀਆਂ ਨਾਲ ਝੋਕ ਦਿੱਤੇ
ਦਿਨ ਫੁੱਟਦੇ ਹੀ ਰੁੱਝ ਜਾਣਾ
ਨੂੰਹ, ਪਤਨੀ ਤੇ ਮਾਂ ਦੇ ਫਰਜ਼ਾਂ 'ਚ
ਨੌ ਤੋਂ ਪੰਜ ਬਹੁਤੇ ਔਖੇ ਵੱਜਦੇ ਨੇ
ਦਫ਼ਤਰੀ ਫਾਇਲਾਂ ਨਾਲ
ਫਾਇਲ ਵਾਂਗ ਵਿਚਰਦੇ ਹੋਏ
ਬੂਹੇ ਦੀਆਂ ਦੇਲੀਆਂ ਓਦਾਂ ਹੀ
ਉਡੀਕ ਦੀਆਂ ਨੇ
ਜਿੱਦਾਂ ਛੱਡ ਕੇ ਗਈ ਸਾਂ ਮੈਂ
ਮੈਂ ਨਹੀਂ!
ਮੇਰੇ ਕੋਲ ਸਭ ਕੁਝ ਹੈ,
ਪਤੀ, ਦੁੱਧ ਨਾਲ ਪੁੱਤ ਤੇ ਰੁਜ਼ਗਾਰ
ਪਰ ਕੁਝ ਵੀ ਨਹੀਂ
ਪਸੀਨੇ ਵੱਟੇ ਝੋਲੀ ਪਏ ਛਿੱਲੜ ਵੀ
ਮੇਰੇ ਹੱਕ ਤੋਂ ਸੱਖਣੇ ਨੇ।
ਮਨ ਫੁਰਿਆ ਕੁਝ ਕਰਨਾ
ਕਿਤੇ ਜਾਣਾ ਤਾਂ ਦੂਰ
ਮੈਨੂੰ ਸੋਚਣ ਦੀ ਵੀ ਮਨਾਹੀ ਹੈ
ਕਿਰਾਏ ਦੀ ਜ਼ਿੰਦਗੀ ਜੋ ਜੀਅ
ਰਹੀ ਹਾਂ,
ਜਿਸ ਦਾ ਮਾਲਕ ਹਮੇਸ਼ਾਂ ਕੋਈ ਹੋਰ ਹੈ।
ਸਭ ਕੁਝ ਹੁੰਦਿਆਂ ਹੋਇਆਂ
ਕੁਝ ਨਾ ਹੋਣ ਦਾ ਅਹਿਸਾਸ ਹੀ
ਕਾਫ਼ੀ ਹੈ
ਮਸ਼ੀਨ ਵਾਂਗ ਚੱਲਦਿਆਂ ਮੈਨੂੰ
ਅੰਦਰੋਂ ਲਾਸ਼ ਬਣਨ ਲਈ।
ਮੈਨੂੰ ਖੰਭ ਤਾਂ ਦਿੰਦੇ
ਅੰਬਰੀਂ ਪਰਵਾਜ਼ ਭਰਨ ਲਈ
ਡਰ ਕਿਸ ਗੱਲ ਦਾ?
ਪੰਛੀ ਆਖਿਰ ਆਲ੍ਹਣੇ ਹੀ ਮੁੜਦੇ ਨੇ,
ਉੱਡ ਕੇ ਚਾਹੇ ਜਿੱਥੇ ਗਏ ਹੋਣ।
ਗੰਢ!
ਜ਼ਰੂਰੀ ਨਹੀਂ ਕਿ ਰੱਸੀ ਦੀ ਹੀ ਬੱਝੇ
ਮਨ ਅੰਦਰ ਵੀ ਬੱਝ ਜਾਂਦੀ ਏ
ਮਰਜ਼ੀ 'ਚ ਮਰਜ਼ੀ ਦਾ ਨਾ ਹੋਣਾ
ਅੱਖਾਂ ਦੀ ਚਮਕ ਪਿੱਛੇ ਕਾਲੀ ਘਟਾ
ਮੁਸਕਰਾਉਂਦੇ ਬੁੱਲ੍ਹਾਂ 'ਤੇ ਵੀ
ਚਿਹਰੇ ਦਾ ਉਤਰਿਆ ਹਾਸਾ
ਨਜ਼ਰ ਨਾ ਆਉਣਾ
ਦੂਣਾ ਕਰਦਾ ਹੈ
ਗੰਢ 'ਚ ਬੱਝੇ ਖਾਲੀਪਣ ਨੂੰ।
ਜ਼ਿੰਦਗੀ ਮਾਨਣ ਤਾਂ ਦਿਉ
ਕੁਝ ਜ਼ਿਆਦਾ ਨਹੀਂ ਮੰਗਿਆ
ਸਿਰਫ਼ ਹਾਣ
ਉਮਰਾਂ ਦਾ ਹੀ ਨਹੀਂ,
ਜਜ਼ਬਾਤਾਂ ਦਾ ਵੀ।

• **ਗੋਬਿੰਦਰ ਸਿੰਘ ਢੀਂਡਸਾ,** *ਮੋਬਾਈਲ : 92560-66000*

ਮਿੰਨੀ ਕਹਾਣੀ

## ਲੋੜ



ਅਮਰ ਕੌਰ ਆਪਣੇ ਦੋਵੇਂ ਪੁੱਤਰ ਵਿਆਹ ਕੇ ਸੁਰਖ਼ਰੂ ਹੋ ਗਈ ਸੀ। ਹੁਣ ਉਹ ਹਰ ਵੇਲੇ ਖ਼ੁਸ਼ੀ ਵਿਚ ਖ਼ੀਵੀ ਹੋਈ ਰਹਿੰਦੀ। ਇਕ ਦਿਨ ਜਦੋਂ ਉਹ ਦੀ ਛੋਟੀ ਨੂੰਹ ਆਪਣੀ ਇਕਲੌਤੀ ਧੀ ਦੀ ਲੋਹੜੀ ਮਨਾਉਣ ਬਾਰੇ ਸਲਾਹ ਕਰਨ ਲੱਗੀ ਤਾਂ ਅਮਰੋ ਨੇ ਵਿੱਚੋਂ ਟੋਕ ਕੇ ਕਿਹਾ,

'ਧੀਏ, ਸੁੱਖ ਨਾਲ ਗਾਹਾਂ ਨੂੰ ਰੱਬ ਮੈਨੂੰ ਪੋਤਾ ਹੀ ਦੇਦੂ ਓਦੋਂ ਹੀ ਸਾਰੀਆਂ ਖ਼ੁਸ਼ੀਆਂ ਮਨਾ ਲਵਾਂਗੇ, ਹੁਣੇ ਕਾਹਤੋਂ ਖ਼ਰਚ ਕਰਨਾ ਖਾਮਖ਼ਾਹ'

ਸੱਸ ਦੇ ਬੋਲਾਂ ਤੋਂ ਖਿੱਝ ਕੇ ਉਸ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ, 'ਮਾਂ ਜੀ, ਅਸੀਂ ਤਾਂ ਇੱਕੋ ਬੱਚਾ ਰੱਖਣਾ ਬੱਸ, ਹੁਣ ਤਾਂ ਮੇਰੀ ਧੀ ਹੀ ਸਭ ਕੁਝ ਐ, ਮੇਰੀ ਜਠਾਣੀ ਦੇ ਵੀ ਤਾਂ ਇੱਕੋ ਜਵਾਕ ਐ, ਉਹਨੂੰ ਤਾਂ ਤੁਸੀਂ ਕਦੇ ਨਹੀਂ ਕਿਹਾ ਦੂਜਾ ਬੱਚਾ ਜੰਮਣ ਨੂੰ'। ਇਹ ਸੁਣ ਕੇ ਅਮਰੋ ਨੂੰਹ ਨੂੰ ਅੱਖਾਂ ਨਾਲ ਘੂਰਦੀ ਹੋਈ ਬੋਲੀ, 'ਜੇ ਉਸ ਦੇ ਕੁੜੀ ਹੁੰਦੀ ਫਿਰ ਤਾਂ ਉਹ ਵੀ ਹੋਰ ਜਵਾਕ ਜੰਮਦੀ, ਜਦੋਂ ਰੱਬ ਨੇ ਪਹਿਲਾਂ ਹੀ ਮੁੰਡਾ ਦੇ ਦਿੱਤਾ ਫਿਰ ਉਹਨੂੰ ਕੀ ਲੋੜ ਐ, ਹੋਰ ਜਵਾਕ ਜੰਮਣ ਦੀ'?

• **ਮਾ. ਸੁਖਵਿੰਦਰ ਦਾਨਗੜ੍ਹ,** *ਮੋਬਾਈਲ : 94171-80205*

ਸ਼ਬਦੋ ਵਣਜਾਰਿਓ

## ਪੈਸਾ



ਪਰਮਜੀਤ ਢੀਂਗਰਾ

ਮੋਬਾਈਲ : 94173-58120

***ਭਾਰਤ ਵਿਚ ਰੁਪਏ ਦਾ ਮੁੱਲ ਕਿਸੇ ਸਮੇਂ ਚਾਲੀ ਪੈਸੇ ਸੀ ਫਿਰ ਚੌਂਹਠ ਪੈਸੇ ਹੋ ਗਿਆ। ਦਸ਼ਮਿਕ ਪ੍ਰਣਾਲੀ ਦੇ ਲਾਗੂ ਹੋਣ ਨਾਲ ਸੌ ਪੈਸਿਆਂ ਦਾ ਇਕ ਰੁਪਿਆ ਬਣ ਗਿਆ। ਪੰਜਾਬੀ ਕੋਸ਼ਾਂ ਅਨੁਸਾਰ ਤਾਂਬੇ ਦਾ ਇਕ ਸਿੱਕਾ ਰੁਪਏ ਦਾ ਸੌਵਾਂ ਭਾਗ ਹੈ...***

ਪੈਸਾ ਅੱਜ ਕੱਲ੍ਹ ਧਨ ਦੌਲਤ ਦੇ ਭਾਵਵਾਚੀ ਅਰਥ ਰੱਖਦਾ ਹੈ। ਪਾਈ ਤੇ ਪੈਸਾ ਮੂਲ ਰੂਪ ਵਿਚ ਇੱਕੋ ਹਨ। ਦੋਵੇਂ ਸੰਸਕ੍ਰਿਤ ਦੀ ਧਾਤੂ 'ਪਦ' ਤੋਂ ਜਨਮੇ ਹਨ। ਜਿੱਥੇ ਇਸ ਦੇ ਅਰਥ ਹਨ ਹਿੱਸਾ, ਅਥਵਾ ਛੋਟੀ ਮੁਦਰਾ। ਪਾਈ ਵੀ ਇਸੇ ਤੋਂ ਬਣਿਆ ਹੈ, ਜਿਸ ਨੂੰ ਰੁਪਏ ਦੀ ਸਭ ਤੋਂ ਛੋਟੀ ਇਕਾਈ ਮੰਨਿਆ ਜਾਂਦਾ ਹੈ ਤੇ ਪੈਸੇ ਦੇ ਬਰਾਬਰ ਰੱਖਿਆ ਜਾਂਦਾ ਹੈ। ਭਾਰਤ ਵਿਚ ਰੁਪਏ ਦਾ ਮੁੱਲ ਕਿਸੇ ਸਮੇਂ ਚਾਲੀ ਪੈਸੇ ਸੀ ਫਿਰ ਚੌਂਹਠ ਪੈਸੇ ਹੋ ਗਿਆ। ਦਸ਼ਮਿਕ ਪ੍ਰਣਾਲੀ ਦੇ ਲਾਗੂ ਹੋਣ ਨਾਲ ਸੌ ਪੈਸਿਆਂ ਦਾ ਇਕ ਰੁਪਿਆ ਬਣ ਗਿਆ। ਪੰਜਾਬੀ ਕੋਸ਼ਾਂ ਅਨੁਸਾਰ ਤਾਂਬੇ ਦਾ ਇਕ ਸਿੱਕਾ ਰੁਪਏ ਦਾ ਸੌਵਾਂ ਭਾਗ ਹੈ। 31 ਦਸੰਬਰ 1963 ਤਕ ਇਸ ਨੂੰ ਨਵਾਂ ਪੈਸਾ ਕਹਿੰਦੇ ਸਨ।

ਤਾਂਬੇ ਦਾ ਪੁਰਾਣਾ ਸਿੱਕਾ ਜੋ ਰੁਪਏ ਦਾ ਚੌਂਠਵਾਂ ਭਾਗ ਹੁੰਦਾ ਸੀ। ਫ਼ਾਰਸੀ ਕੋਸ਼ ਵਿਚ ਵੀ ਇਹਦੇ ਇਹੋ ਅਰਥ ਮਿਲਦੇ ਹਨ। ਅਧੇਲਾ ਜਾਂ ਧੇਲਾ ਵੀ ਸਭ ਤੋਂ ਛੋਟੀ ਮੁਦਰਾ ਸੀ। ਦਾਮ ਦਾ ਚੌਥਾ ਹਿੱਸਾ ਪਾਵਲਾ ਹੁੰਦਾ ਸੀ। ਤੋਲ ਦੀ ਮਾਤਰਾ ਵਿਚ ਅੱਜ ਵੀ ਪਾ ਜਾਂ ਪਾਈਆ ਹੈ। ਪਦ ਵਿਚ ਵੀ ਚੌਥੇ ਹਿੱਸੇ ਦਾ ਭਾਵ ਹੈ। ਪਾਵਲਾ ਤੋਂ ਵੀ ਛੋਟੀ ਇਕ ਹੋਰ ਮੁਦਰਾ ਸੀ-ਦਮੜੀ। ਇਹ ਪਾਅ ਦਾ ਅੱਧਾ ਅਤੇ ਦਾਮ ਅਥਵਾ ਰੁਪਏ ਦਾ ਅੱਠਵਾਂ ਹਿੱਸਾ ਸੀ। ਪੈਸੇ ਦਾ ਪ੍ਰਸਾਰ ਪੱਛਮੀ ਮੁਲਕਾਂ ਵਿਚ ਵੀ ਹੋਇਆ। ਮੁਗ਼ਲ ਕਾਲ ਵਿਚ ਅਫ਼ਗਾਨਿਸਤਾਨ ਵਿਚ ਵੀ ਪੈਸਾ ਚਲਦਾ ਰਿਹਾ। ਨੇਪਾਲ ਤੇ ਪਾਕਿਸਤਾਨ ਵਿਚ ਅੱਜ ਵੀ ਚਲ ਰਿਹਾ ਹੈ। ਬੰਗਲਾ ਦੇਸ਼ ਵਿਚ ਇਹ 'ਪੋਈਸ਼ਾ' ਹੈ। ਮਸਕਟ, ਬਹਿਰੀਨ, ਕਤਰ, ਓਮਾਨ ਆਦਿ ਅਰਬ ਦੇਸ਼ਾਂ ਵਿਚ ਵੀ ਪੈਸਾ ਸਰਕਾਰੀ ਮੁਦਰਾ ਵਜੋਂ ਡਟਿਆ ਹੋਇਆ ਹੈ। ਓਥੇ ਇਹਦਾ ਨਾਂ ਬੈਸਾ ਜਾਂ ਬੈਜਾ ਹੈ। ਓਮਾਨ ਵਿਚ ਪੈਸੇ ਵਾਂਗ ਸਭ ਤੋਂ ਛੋਟੀ ਮੁਦਰਾ ਬੈਸਾ ਹੈ।

ਪੰਜਾਬੀ ਵਿਚ ਪੈਸੇ, ਧੇਲੇ ਨਾਲ ਜੁੜੇ ਅਨੇਕਾਂ ਮੁਹਾਵਰੇ ਤੇ ਅਖਾਣ ਪ੍ਰਚਲਤ ਹਨ-ਪੈਸਾ ਸਭ ਕੁਝ ਸਿਖਾ ਦਿੰਦਾ ਹੈ, ਪੈਸਾ ਹੱਥਾਂ ਦੀ ਮੈਲ ਹੈ, ਪੈਸਾ ਖਾਣਾ, ਪੈਸਾ ਖੋਟਾ ਆਪਣਾ-ਬਾਣੀਏ ਨੂੰ ਕੀ ਦੋਸ਼, ਪੈਸਾ ਪੀਰ ਹੋਣਾ, ਪੈਸਾ ਜੋੜਨਾ, ਪੈਸਾ ਡੋਬਣਾ. ਪੈਸਾ ਪੈਸਾ ਕਰ ਕੇ ਜੋੜਨਾ, ਪੈਸਾ ਪੈਸਾ ਕਰਨਾ, ਪੈਸਾ ਪੈਸਾ ਚੁਕਾਉਣਾ, ਪੈਸਾ ਪੈਸਾ ਤਾਰਨਾ, ਪੈਸਾ ਪੈਸਾ ਲਾਹੁਣਾ, ਪੈਸਾ ਨਾ ਧੇਲਾ ਕਰਦੀ ਮੇਲਾ ਮੇਲਾ, ਪੈਸਾ ਪੈਸੇ ਨੂੰ ਖਿਚਦਾ, ਪੈਸਾ ਫੂਕਣਾ, ਪੈਸਾ ਰੋੜ੍ਹਣਾ, ਪੈਸਾ ਲਾਹੁਣਾ, ਪੈਸਾ ਲੁਟਾਉਣਾ, ਪੈਸਾ ਸੁਟਣਾ, ਪੈਸਾ ਕਮਾਉਣਾ, ਪੈਸਾ ਖਰਾ ਹੋਣਾ, ਪੈਸੇ ਖੜ੍ਹੇ ਹੋਣਾ, ਪੈਸਾ ਤਾਰਨਾ, ਪੈਸੇ ਦਾ ਪੁੱਤ, ਪੈਸੇ ਦਾ ਯਾਰ, ਪੈਸੇ ਦੀ ਖੇਡ, ਪੈਸੇ ਦੀ ਮਾਇਆ, ਪੈਸੇ ਨੂੰ ਪੈਸਾ ਸਮਝਣਾ, ਪੈਸੇ ਪੈਸੇ ਤੇ ਜਾਨ ਦੇਣਾ, ਪੈਸੇ ਪੈਸੇ ਤੋਂ ਆਤਰ ਹੋਣਾ, ਪੈਸੇ ਪੈਸੇ ਨੂੰ ਤਰਸਣਾ, ਪੈਸੇ ਪੈਸੇ ਪਿੱਛੇ ਮਰਨਾ, ਪੈਸੇ ਪੈਸੇ ਤੋਂ ਮੁਥਾਜ ਹੋਣਾ, ਪੈਸਾ ਬਟੋਰਨਾ, ਪੈਸਾ ਮੁੱਛਣਾ, ਪੈਸੇ ਵਿਚ ਖੇਡਣਾ, ਖੋਟੇ ਪੈਸੇ ਵਾਂਗ ਮੁੜਨਾ, ਮੂੰਹ ਨਾਲ ਪੈਸਾ ਚੁੱਕਣਾ, ਸੱਪ ਦੀ ਸਿਰੀ ਤੋਂ ਪੈਸਾ ਲਾਹੁਣਾ, ਮੇਲਾ ਮੇਲੀਆਂ ਦਾ ਪੈਸਾ ਧੇਲੀਆਂ ਦਾ, ਧੇਲਾ ਨਾ ਦੇਣਾ, ਧੇਲੇ ਦਾ ਆਦਮੀ, ਧੇਲੇ ਧੇਲੇ ਦਾ ਸਰਫਾ ਕਰਨ, ਧੇਲੇ ਧੇਲੇ ਨੂੰ ਵਿਕਣਾ, ਧੇਲੇ ਵੱਟੇ ਨਾ ਸਿਆਣਨਾ, ਧੇਲਾ ਨਾ ਦੇਇ ਧੇਲੀ ਦੇਇ, ਧੇਲਾ ਨਾ ਪੱਲੇ ਬਾਹਮਣ ਗੰਗਾ ਨੂੰ ਚੱਲੇ, ਧੇਲੇ ਦੀ ਬੁੱਢੀ ਟਕਾ ਸਿਰ ਮੁੰਨਾਈ, ਧੇਲੇ ਵਾਲਾ ਮੰਗੇ, ਰੁਪਈਏ ਵਾਲਾ ਸੰਗੇ, ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ। ਇੰਜ ਹੀ ਅੱਧਾ ਰੁਪਈਆ ਜਾਂ ਅਠਿਆਨੀ ਧੇਲੀ ਅਖਵਾਂਦੀ ਹੈ। ਮੇਲਾ ਮੇਲੀਆਂ ਦਾ, ਕੁਝ ਪੈਸਿਆਂ ਦਾ ਕੁਝ ਧੇਲੀਆਂ ਦਾ। •

---

ਮਿੰਨੀ ਕਹਾਣੀ

## ਬੋਝ



ਘਰੇ ਮੁਰੰਮਤ ਦਾ ਕੰਮ ਚੱਲ ਰਿਹਾ ਸੀ, ਮਲਬਾ ਚੁੱਕਣ ਅਤੇ ਮਿੱਟੀ ਅੰਦਰ ਸੁੱਟਣ ਲਈ ਮਜ਼ਦੂਰ ਦੀ ਲੋੜ ਸੀ। ਮੈਂ ਮਜਦੂਰਾਂ ਵਾਲੇ ਚੌਂਕ ਜਾ ਕੇ ਮਜ਼ਦੂਰ ਦੀ ਭਾਲ ਕਰਨ ਹੀ ਲੱਗਾ ਸੀ ਕਿ ਇਕ ਬਜ਼ੁਰਗ ਚਿੱਟੀ ਦਾੜ੍ਹੀ ਵਾਲਾ ਛੇਤੀ ਛੇਤੀ ਮੇਰੇ ਵੱਲ ਆਇਆ ਤੇ ਮਜ਼ਦੂਰੀ ਲਈ ਤਰਲੇ ਕਰਨ ਲੱਗਾ। ਮੈਂ ਦੱਸਿਆ ਕਿ ਬਾਬਾ ਭਾਰ ਚੁੱਕਣ ਵਾਲਾ ਕੰਮ ਆ, ਤੈਥੋਂ ਨਹੀਂ ਹੋਣਾ।

'ਨਹੀਂ ਪੁੱਤ ਮੈਂ ਤਾਂ ਮੁੰਡਿਆਂ ਨਾਲੋਂ ਵੀ ਵਧ ਕੰਮ ਕਰੂੰ, ਟਾਈਮ ਵੀ ਵਧ ਲਾਦੂ... ਪੁੱਤ ਦਿਹਾੜੀ ਲਵਾ ਕੇ ਵੇਖ ਲੈ...'। ਮੈਂ ਉਸ ਦੀ ਉਮਰ ਵੇਖ ਕੇ ਹਾਮੀ ਭਰਨ ਤੋਂ ਝਿਜਕ ਰਿਹਾ ਸਾਂ ਅਤੇ ਆਸੇ-ਪਾਸੇ ਵੇਖ ਰਿਹਾ ਸੀ ਤਦੇ ਉਸ ਦੀ ਕਹੀ ਗੱਲ ਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ। 'ਪੁੱਤ ਚਾਰ ਜੀਆਂ ਦੀ ਰੋਟੀ ਦਾ ਵਾਸਤਾ... ਸ਼ਾਮ ਨੂੰ ਸਾਡੇ ਘਰ ਰੋਟੀ ਨਹੀਂ ਪੱਕਣੀ, ਕਈ ਦਿਨ ਹੋ ਗਏ ਦਿਹਾੜੀ ਲੱਗਿਆਂ...'। ਸੁਣ ਕੇ ਮੈਂ ਕੰਬ ਗਿਆ ਅਤੇ ਉਸ ਨੂੰ ਸਕੂਟਰ 'ਤੇ ਬਿਠਾ ਘਰ ਲੈ ਆਇਆ। ਵੇਖ ਕੇ ਸ੍ਰੀਮਤੀ ਦਾ ਪਾਰਾ ਵੀ ਚੜ੍ਹ ਗਿਆ ਅਤੇ ਮਿਸਤਰੀ ਵੀ ਮੇਰੇ ਮੂੰਹ ਵੱਲ ਵੇਖਣ ਲੱਗਾ। ਮੈਂ ਝੂਠ ਬੋਲ ਦਿੱਤਾ ਕਿ ਹੋਰ ਮਜ਼ਦੂਰ ਮਿਲਿਆ ਨਹੀਂ। ਬਜ਼ੁਰਗ ਵਿੱਤੋਂ ਵਧ ਜ਼ੋਰ ਲਗਾ ਕੇ ਕੰਮ ਕਰ ਰਿਹਾ ਸੀ। ਦੁਪਹਿਰੇ ਰੋਟੀ ਖਾਣ ਲੱਗਿਆ ਤਾਂ ਆਚਾਰ ਜਾਂ ਚਟਣੀ ਦੀ ਮੰਗ ਬੜੇ ਤਰਲੇ ਜਿਹੇ ਨਾਲ ਕੀਤੀ।

ਮੈਂ ਵੇਖਿਆ ਤਾਂ ਉਸ ਕੋਲ ਦੋ ਸੁੱਕੀਆਂ ਰੋਟੀਆਂ ਸਨ। ਮੈਂ ਬਣੀ ਸਬਜ਼ੀ ਅਤੇ ਦੋ ਹੋਰ ਰੋਟੀਆਂ ਉਸ ਨੂੰ ਦੇ ਦਿੱਤੀਆਂ। ਪਤਾ ਨਹੀਂ ਕਿੰਨੀਆਂ ਅਸੀਸਾਂ ਉਸ ਦੇ ਮੂੰਹੋਂ ਨਿਕਲੀਆਂ। ਰੋਟੀ ਖਾਂਦਿਆਂ ਹੀ ਉਸ ਨੇ ਬੱਠਲ ਚੁੱਕ ਲਿਆ ਪਰ ਮੈਂ ਉਸ ਨੂੰ ਬਿਠਾ ਲਿਆ ਅਤੇ ਉਸ ਦਾ ਇਸ ਉਮਰੇ ਮਜ਼ਦੂਰੀ ਕਰਨ ਦਾ ਕਾਰਣ ਪੁੱਛਣ ਲੱਗਾ। ਉਸ ਨੇ ਦੱਸਿਆ ਕਿ ਉਹ ਲਾਗਲੇ ਪਿੰਡੋਂ ਆਉਂਦਾ ਹੈ। ਉਸ ਦਾ ਇੱਕੋ ਮੁੰਡਾ ਸੀ ਜੋ ਕਰਜੇ ਕਾਰਨ ਆਤਮ ਹੱਤਿਆ ਕਰ ਗਿਆ ਸੀ। ਥੋੜ੍ਹੀ ਜਿਹੀ ਜ਼ਮੀਨ ਸੀ। ਘਰ ਵਾਲੀ ਨੂੰ ਕੈਂਸਰ ਹੋ ਗਿਆ, ਨਾ ਉਹ ਬਚੀ ਨਾ ਜ਼ਮੀਨ। ਮੁੰਡੇ ਦੇ ਦੋ ਜੁਆਕ ਆ ਨਿੱਕੇ ਨਿੱਕੇ। ਨੂੰਹ ਵਿਚਾਰੀ ਕੀ ਕਰੇ, ਕਿੱਥੇ ਜਾਂਦੀ, ਸਾਡੇ ਵਰਗਿਆਂ ਦੀ ਹੀ ਧੀ ਆ.ਕੌਣ ਝੱਲੇ? ਅਖੀਰ ਟੱਬਰ ਨੂੰ ਰੋਟੀ ਦੇਣ ਲਈ ਸ਼ਹਿਰ ਆ ਕੇ ਦਿਹਾੜੀ-ਟੱਪਾ ਕਰਨ ਲੱਗਿਆ, ਉਮਰ ਕਰਕੇ ਛੇਤੀ ਕੋਈ ਲੈ ਕੇ ਨਹੀਂ ਜਾਂਦਾ।

ਕਦੇ ਕਦੇ ਦਿਹਾੜੀ ਮਿਲਦੀ ਆ, ਸੁੱਕਾ-ਗਿੱਲਾ ਪੇਟ ਝੁਲਸਾ ਕਰੀ ਜਾਨੇ ਆ। ਪੁੱਤ ਤਾਂ ਸਹੁਰਾ ਦਗ਼ਾ ਦੇ ਗਿਆ ਜੁਆਕ ਤਾਂ ਪਾਲਣੇ ਆ। ਹੰਝੂ ਪੂੰਝਦਿਆਂ ਉਸ ਨੇ ਆਪਣੀ ਕਹਾਣੀ ਬਿਆਨ ਕੀਤੀ। ਮੈਂ ਸੋਚ ਰਿਹਾ ਸੀ ਕਿ ਸਾਹਮਣੇ ਪਈ ਮਿੱਟੀ ਦਾ ਭਾਰ ਤਾਂ ਕੁਝ ਵੀ ਨਹੀਂ ਬਾਬਾ ਤਾਂ ਪਤਾ ਨਹੀਂ ਕਿੰਨਾਂ ਬੋਝ ਚੁੱਕੀ ਫਿਰਦਾ ਸੀ। •

• **ਗੁਰਮੀਤ ਸਿੰਘ ਮਰਾੜ੍ਹ,** *ਮੋਬਾਈਲ : 95014-00397*

---

ਕਹਾਣੀ

## ਬਰਤਰਫ਼



ਕੈਲਾਸ਼ ਚੰਦਰ ਸ਼ਰਮਾ

ਮੋਬਾਈਲ : 80540-16816

***ਉਹ ਕੜਕਵੀਂ ਆਵਾਜ਼ ਵਿਚ ਕਹਿਣ ਲੱਗੇ, 'ਤੁਹਾਡੀਆਂ ਗੱਲਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਕੰਮ ਦਾ ਗਿਆਨ ਕੇਵਲ ਤੁਹਾਡੇ ਸਹਾਇਕ ਅਮਲੇ ਨੂੰ ਹੀ ਹੈ। ਤੁਸੀਂ ਨਾ ਤਾਂ ਖ਼ੁਦ ਕੰਮ ਕਰ ਸਕਦੇ ਹੋ ਅਤੇ ਨਾ ਹੀ ਉਨ੍ਹਾਂ ਕੋਲੋਂ ਕਰਵਾ ਸਕਦੇ ਹੋ। ਜੇ ਸਾਰੇ ਕੰਮਾਂ ਦਾ ਹੋਣਾ ਜਾਂ ਨਾ ਹੋਣਾ ਸਹਾਇਕ ਅਮਲੇ 'ਤੇ ਹੀ ਨਿਰਭਰ ਕਰਦਾ ਹੈ ਤਾਂ ਫਿਰ ਵਿਭਾਗ ਨੂੰ ਤੁਹਾਡੀ ਕੋਈ ਜ਼ਰੂਰਤ ਨਹੀਂ। ਇਸ ਲਈ ਤੁਹਾਨੂੰ ਨੌਕਰੀ ਤੋਂ ਬਰਤਰਫ਼ ਕੀਤਾ ਜਾਂਦਾ ਹੈ'। ਇੰਨਾਂ ਸੁਣਦਿਆਂ ਹੀ ਸਾਰੇ ਉਨ੍ਹਾਂ ਅੱਗੇ ਗਿੜਗੜਾਉਣ ਲੱਗੇ'...***



ਵਿਸਾਖਾ ਰਾਮ ਨੂੰ ਮਿਲਣ ਲਈ ਅਜੇ ਮੈਂ ਉਸ ਦੇ ਘਰ ਪਹੁੰਚਿਆ ਹੀ ਸੀ ਕਿ ਅਚਾਨਕ ਕਮਰੇ 'ਚੋਂ ਇਕ ਆਵਾਜ਼ ਕੰਨੀ ਪਈ। ਨਹੀਂ-ਨਹੀਂ, ਮਾਫ਼ ਕਰ ਦਿਉ। ਅੱਗੇ ਤੋਂ ਅਸੀਂ ਹੋਰ ਵਧੇਰੇ ਮਿਹਨਤ ਨਾਲ ਕੰਮ ਕਰਾਂਗੇ। ਇਕ ਵਾਰ ਮੌਕਾ ਦੇ ਦਿਉ। ਮੈਂ ਅਤੇ ਵਿਸਾਖਾ ਰਾਮ ਦੀ ਪਤਨੀ ਘਬਰਾਹਟ ਵਿਚ ਉਸ ਕਮਰੇ ਵੱਲ ਨੂੰ ਦੌੜੇ ਜਿਸ ਵਿੱਚੋਂ ਆਵਾਜ਼ਾਂ ਆ ਰਹੀਆਂ ਸਨ। ਵਿਸਾਖਾ ਰਾਮ ਨੂੰ ਮੰਜੇ ਤੋਂ ਜ਼ਮੀਨ 'ਤੇ ਡਿੱਗਾ ਵੇਖ ਕੇ ਅਸੀਂ ਘਬਰਾ ਗਏ। ਉਹ ਘਬਰਾਇਆ ਹੋਇਆ ਇੱਧਰ-ਉਧਰ ਵੇਖ ਰਿਹਾ ਸੀ ਪਰ ਸਾਨੂੰ ਪਛਾਣ ਨਹੀਂ ਸੀ ਰਿਹਾ।

ਤਰੇਲੀਆਂ ਨਾਲ ਭਿੱਜੇ ਉਸ ਦੇ ਸਰੀਰ ਨੂੰ ਜ਼ੋਰ ਨਾਲ ਹਿਲਾਉਂਦੇ ਹੋਏ ਉਸ ਦੀ ਪਤਨੀ ਨੇ ਪੁੱਛਿਆ, 'ਕੀ ਹੋਇਆ ਏ? ਕੋਈ ਡਰਾਉਣਾ ਸੁਪਨਾ ਵੇਖਿਆ ਏ'? ਵਿਸਾਖਾ ਰਾਮ ਨੇ ਹੌਲੀ ਜਿਹੀ ਸਿਰਫ਼ ਇੰਨਾਂ ਹੀ ਕਿਹਾ, 'ਮੈਂ ਕਿੱਥੇ ਹਾਂ? ਮੈਂ ਕਿੱਥੇ ਗਿਆ ਸੀ'? 'ਆਪਣੇ ਘਰ ਜੇ, ਕਿਤੇ ਵੀ ਨਹੀਂ ਸੀ ਗਏ, ਦਵਾਈ ਖਾ ਕੇ ਸੁੱਤੇ ਸੀ', ਉਸ ਦੀ ਪਤਨੀ ਨੇ ਉਸ ਨੂੰ ਦੱਸਿਆ। ਇੰਨੇ ਚਿਰ ਨੂੰ ਉਹ ਕੁਝ ਹੋਸ਼ ਵਿਚ ਆ ਗਿਆ। ਮੈਂ ਪੁੱਛ ਲਿਆ, 'ਕੀ ਗੱਲ, ਕੋਈ ਡਰਾਉਣਾ ਸੁਪਨਾ ਸੀ'? 'ਕੁਝ ਨਾ ਪੁੱਛ ਯਾਰ', ਥੋੜ੍ਹੀ ਜਿਹੀ ਮੁਸਕਰਾਹਟ ਨਾਲ ਉਸ ਨੇ ਦੱਸਿਆ। ਹੁਣ ਤਕ ਉਹ ਪੂਰੀ ਹੋਸ਼ ਵਿਚ ਆ ਚੁਕਾ ਸੀ।

ਚਾਹ ਪੀਣ ਤੋਂ ਬਾਅਦ, ਸੁਪਨੇ ਬਾਰੇ ਪੁੱਛਿਆ ਤਾਂ ਉਹ ਟਾਲਮਟੋਲ ਕਰਨ ਲੱਗਾ। ਆਖਿਰ ਜ਼ਿਆਦਾ ਜ਼ੋਰ ਦੇਣ 'ਤੇ ਉਸ ਨੇ ਕਹਿਣਾ ਸ਼ੁਰੂ ਕੀਤਾ, 'ਆਹ ਜਦੋਂ ਦੀ ਜ਼ਿਲ੍ਹੇ ਦੀ ਜ਼ਿੰਮੇਵਾਰੀ ਮਿਲੀ ਹੈ, ਮਾਨਸਿਕ ਤਣਾਅ ਕੁਝ ਜ਼ਿਆਦਾ ਹੀ ਰਹਿਣ ਲੱਗ ਪਿਆ ਹੈ। ਆਪ ਕੰਮ ਕਰਨਾ ਬਹੁਤ ਆਸਾਨ ਹੈ ਪਰ ਦੂਸਰਿਆਂ ਕੋਲੋਂ ਕੰਮ ਕਰਵਾਉਣਾ ਬਹੁਤ ਮੁਸ਼ਕਲ ਹੈ। ਜਦੋਂ ਮੈਂ ਇਸ ਅਹੁਦੇ ਨੂੰ ਸੰਭਾਲਿਆ ਸੀ ਤਾਂ ਮਨ 'ਚ ਇਕ ਨਿਸ਼ਚਾ ਕੀਤਾ ਸੀ ਕਿ ਕਿਸੇ ਦਾ ਵੀ ਉਚਿੱਤ ਕੰਮ ਨਹੀਂ ਰੁਕਣ ਦੇਣਾ, ਤੁਰੰਤ ਕਰਨਾ ਹੈ। ਪਰ ਅਮਲੀ ਰੂਪ ਵਿਚ ਵੇਖਿਆ ਹੈ ਕਿ ਇਹ ਸਹਾਇਕ ਅਮਲਾ ਪੇਸ਼ ਨਹੀਂ ਜਾਣ ਦਿੰਦਾ। ਲੋਕ ਕੰਮ ਨਾ ਹੋਣ ਕਾਰਨ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ। 'ਸੁਪਨੇ ਵਾਲੀ ਗੱਲ ਦੱਸ', ਮੈਂ ਕਿਹਾ। ਦੱਸਣ ਲੱਗਾ ਹਾਂ, ਉਸ ਨੇ ਆਪਣੀ ਗੱਲ ਨੂੰ ਅੱਗੇ ਤੋਰਦਿਆਂ ਕਿਹਾ। ਸੁਪਨੇ ਵਿਚ ਵੇਖਿਆ ਕਿ ਲੋਕਾਂ ਦੇ ਕੰਮ ਨਾ ਹੋਣ ਕਰਕੇ ਉੱਪਰਲੇ ਅਫ਼ਸਰ ਬਹੁਤ ਨਾਰਾਜ਼ ਸਨ। ਸਾਰੇ ਪੰਜਾਬ ਦੇ ਜ਼ਿਲ੍ਹਾ ਅਫ਼ਸਰਾਂ ਦੀ ਮੀਟਿੰਗ ਬੁਲਾਈ ਹੋਈ ਸੀ। ਵਾਰੀ-ਵਾਰੀ ਸਾਰਿਆਂ ਦੀ ਕੰਮ ਠੀਕ ਤਰ੍ਹਾਂ ਨਾ ਕਰਨ ਕਾਰਨ ਖਿਚਾਈ ਕੀਤੀ ਜਾ ਰਹੀ ਸੀ। ਸਾਰਿਆਂ ਕੋਲੋਂ ਇਸ ਦਾ ਉੱਤਰ ਮੰਗਿਆ ਤਾਂ ਸਾਰਿਆਂ ਨੇ ਇਕ ਮੱਤ ਵਿਚ ਦੱਸਿਆ ਕਿ ਅਸੀਂ ਆਪਣਾ ਕੰਮ ਪੂਰੀ ਲਗਨ ਨਾਲ ਕਰਦੇ ਹਾਂ ਪਰ ਇਹ ਸਹਾਇਕ ਅਮਲਾ ਸਾਡੀ ਪੇਸ਼ ਨਹੀਂ ਜਾਣ ਦਿੰਦਾ। ਜ਼ਿਆਦਾ ਕਹਿਣ 'ਤੇ ਕੋਈ ਇਹੋ-ਜਿਹਾ ਨੁਕਤਾ ਦੱਸਦੇ ਹਨ ਕਿ ਸਾਡੇ ਕੋਲ ਉਸ ਦਾ ਕੋਈ ਉੱਤਰ ਨਹੀਂ ਹੁੰਦਾ ਜਿਸ ਕਾਰਨ ਕੰਮ ਲਟਕਦੇ ਹਨ। ਇਕ ਨੇ ਇਹ ਕਹਿ ਦਿੱਤਾ ਕਿ ਜੇ ਅਸੀਂ ਆਪ ਇਹ ਕੰਮ ਕਰਨਾ ਹੋਵੇ ਤਾਂ ਕਿਸੇ ਦਾ ਕਦੇ ਵੀ ਕੰਮ ਲੇਟ ਨਾ ਹੋਵੇ। ਇਸ 'ਤੇ ਵੱਡੇ ਅਫ਼ਸਰ ਨੇ ਤੁਰੰਤ ਕਿਹਾ, 'ਠੀਕ ਹੈ, ਜੇ ਦੇਰੀ ਦਾ ਇਹੀ ਕਾਰਨ ਹੈ ਤਾਂ ਇਕ ਮਹੀਨੇ ਲਈ ਤੁਸੀਂ ਖ਼ੁਦ ਇਹ ਕੰਮ ਆਪ ਕਰੋ ਅਤੇ ਅਫ਼ਸਰ ਦੇ ਦਸਤਖ਼ਤ ਸਹਾਇਕ ਅਮਲੇ ਵਿੱਚੋਂ ਸੀਨੀਅਰ ਕੋਲੋਂ ਕਰਵਾ ਲਿਆ ਕਰੋ'।

ਸਾਰੇ ਖ਼ੁਸ਼ ਸਨ ਕਿ ਹੁਣ ਕਿਸੇ ਨੂੰ ਕੋਈ ਵੀ ਸ਼ਿਕਾਇਤ ਨਹੀਂ ਹੋਵੇਗੀ ਕਿਉਂਕਿ ਕੰਮ ਤੁਰੰਤ ਕਰ ਦਿੱਤੇ ਜਾਇਆ ਕਰਨਗੇ। ਇਕ ਮਹੀਨੇ ਵਿਚ ਲੋਕਾਂ ਦੇ ਕੰਮ ਅੱਗੇ ਤੋਂ ਵੀ ਜ਼ਿਆਦਾ ਪੈਂਡਿੰਗ ਰਹਿਣ ਲੱਗ ਪਏ। ਸਾਨੂੰ ਫਿਰ ਸਾਰਿਆਂ ਨੂੰ ਵੱਡੇ ਅਫ਼ਸਰ ਕੋਲ ਪੇਸ਼ ਕਰ ਲਿਆ। ਇਸ ਵਾਰ ਅਫ਼ਸਰ ਦੇ ਗੁੱਸੇ ਦਾ ਪਾਰਾ ਅੱਗੇ ਤੋਂ ਵੀ ਜ਼ਿਆਦਾ ਸੀ। ਗੁੱਸੇ ਵਿਚ ਉਹ ਕਹਿਣ ਲੱਗੇ ਕਿ ਹੁਣ ਤਾਂ ਕੰਮ ਤੁਸੀਂ ਖ਼ੁਦ ਕਰਦੇ ਹੋ ਤਾਂ ਵੀ ਅੱਗੇ ਤੋਂ ਜ਼ਿਆਦਾ ਕੰਮ ਪੈਂਡਿੰਗ ਹਨ। ਇਸ ਦਾ ਅਰਥ ਤਾਂ ਇਹ ਹੋਇਆ ਕਿ ਤੁਸੀਂ ਖ਼ੁਦ ਹੀ ਕੰਮਾਂ ਦੀ ਦੇਰੀ ਦੇ ਜ਼ਿੰਮੇਵਾਰ ਹੋ। ਇਹ ਸੁਣਦਿਆਂ ਹੀ ਇਕ ਨੇ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਸਾਰੇ ਆਪਣਾ ਕੰਮ ਤੁਰੰਤ ਨਿਪਟਾ ਲੈਂਦੇ ਹਾਂ ਅਤੇ ਕੋਈ ਵੀ ਪੈਂਡਿੰਗ ਨਹੀਂ ਰਹਿਣ ਦਿੰਦੇ। ਜਦੋਂ ਅਫ਼ਸਰ ਦੇ ਦਸਤਖ਼ਤ ਕਰਵਾਉਣ ਲਈ ਫਾਈਲ ਜਾਂਦੀ ਹੈ ਤਾਂ ਉਹ ਕੋਈ ਨਾ ਕੋਈ ਗਲਤੀ ਕੱਢ ਦਿੰਦੇ ਹਨ ਜਿਸ ਕਰਕੇ ਕੰਮ ਪੈਂਡਿੰਗ ਹੋ ਜਾਂਦਾ ਹੈ। ਇੰਨਾ ਸੁਣਦਿਆਂ ਹੀ ਉਹ ਕੜਕਵੀਂ ਆਵਾਜ਼ ਵਿਚ ਕਹਿਣ ਲੱਗੇ, 'ਤੁਹਾਡੀਆਂ ਗੱਲਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਕੰਮ ਦਾ ਗਿਆਨ ਕੇਵਲ ਤੁਹਾਡੇ ਸਹਾਇਕ ਅਮਲੇ ਨੂੰ ਹੀ ਹੈ। ਤੁਸੀਂ ਨਾ ਤਾਂ ਖ਼ੁਦ ਕੰਮ ਕਰ ਸਕਦੇ ਹੋ ਅਤੇ ਨਾ ਹੀ ਉਨ੍ਹਾਂ ਕੋਲੋਂ ਕਰਵਾ ਸਕਦੇ ਹੋ। ਜੇ ਸਾਰੇ ਕੰਮਾਂ ਦਾ ਹੋਣਾ ਜਾਂ ਨਾ ਹੋਣਾ ਸਹਾਇਕ ਅਮਲੇ 'ਤੇ ਹੀ ਨਿਰਭਰ ਕਰਦਾ ਹੈ ਤਾਂ ਫਿਰ ਵਿਭਾਗ ਨੂੰ ਤੁਹਾਡੀ ਕੋਈ ਜ਼ਰੂਰਤ ਨਹੀਂ। ਇਸ ਲਈ ਤੁਹਾਨੂੰ ਨੌਕਰੀ ਤੋਂ ਬਰਤਰਫ਼ ਕੀਤਾ ਜਾਂਦਾ ਹੈ'। ਇੰਨਾ ਸੁਣਦਿਆਂ ਹੀ ਸਾਰੇ ਉਨ੍ਹਾਂ ਅੱਗੇ ਗਿੜਗੜਾਉਣ ਲੱਗੇ'।

ਉਸ ਦਾ ਸੁਪਨਾ ਸੁਣ ਕੇ ਮੈਂ ਹੱਸ ਪਿਆ ਤੇ ਕਹਿਣ ਲੱਗਾ, 'ਵਿਸਾਖਾ ਰਾਮ, ਇਸ ਦਾ ਮਤਲਬ, ਕੰਮ ਦਾ ਤੁਹਾਡੇ ਦਿਮਾਗ਼ 'ਤੇ ਬਹੁਤ ਤਣਾਅ ਹੈ। ਵੇਖਿਆ ਜਾਵੇ ਤਾਂ ਇਸ ਤਣਾਅ ਦੇ ਜ਼ਿੰਮੇਵਾਰ ਵੀ ਤੁਸੀਂ ਆਪ ਹੀ ਹੋ। ਸਹਾਇਕ ਅਮਲੇ ਨੂੰ ਕੋਈ ਰੱਬੀ ਦਾਤ ਨਹੀਂ ਮਿਲੀ ਕਿ ਨੁਕਤੇ ਕੇਵਲ ਉਨ੍ਹਾਂ ਨੂੰ ਹੀ ਪਤਾ ਹੁੰਦੇ ਹਨ।

ਅਸਲ ਵਿਚ ਅਫ਼ਸਰ ਸਰਕਾਰ ਦੇ ਬਣਾਏ ਨਿਯਮਾਂ ਨੂੰ ਕਦੇ ਵੀ ਨਹੀਂ ਪੜ੍ਹਦੇ ਤੇ ਨਾ ਉਨ੍ਹਾਂ ਦੀ ਘੋਖ ਕਰਨ ਦੀ ਕੋਸ਼ਿਸ਼ ਕਰਦੇ ਹਨ। ਹਰ ਛੋਟੀ-ਛੋਟੀ ਗੱਲ 'ਤੇ ਜਦੋਂ ਅਫ਼ਸਰ, ਸਹਾਇਕ ਅਮਲੇ ਤੋਂ ਪੁੱਛੇਗਾ ਤਾਂ ਇਹੀ ਹਾਲ ਹੁੰਦਾ ਹੈ।

ਜਦੋਂ ਅਮਲੇ ਨੂੰ ਇਹ ਪਤਾ ਲੱਗ ਜਾਵੇ ਕਿ ਅਫ਼ਸਰ ਨੂੰ ਕਿਸੇ ਨਿਯਮ ਦਾ ਗਿਆਨ ਨਹੀਂ ਤੇ ਉਹ ਕੇਵਲ ਉਨ੍ਹਾਂ 'ਤੇ ਹੀ ਨਿਰਭਰ ਕਰਦਾ ਹੈ ਤਾਂ ਫਿਰ ਉਹ ਨਿਯਮਾਂ ਨੂੰ ਆਪਣੇ ਅਨੁਸਾਰ ਹੀ ਚਲਾਉਂਦੇ ਹਨ ਅਤੇ ਇਹੀ ਗੱਲਾਂ ਰਿਸ਼ਵਤਖੋਰੀ ਨੂੰ ਜਨਮ ਦਿੰਦੀਆਂ ਹਨ। ਇਸ ਲਈ ਪ੍ਰਬੰਧ ਨੂੰ ਉੱਚਿਤ ਤਰੀਕੇ ਨਾਲ ਚਲਾਉਣ ਲਈ ਅਫ਼ਸਰ ਨੂੰ ਆਪ ਨਿਯਮਾਂ ਦਾ ਗਿਆਨ ਹੋਣਾ ਚਾਹੀਦਾ ਹੈ। ਜੇਕਰ ਨਾ ਪਤਾ ਹੋਵੇ ਤਾ ਸਰਕਾਰੀ ਨਿਯਮਾਂ ਨੂੰ ਪੜ੍ਹਨ ਵਿੱਚ ਕੋਈ ਹਰਜ਼ ਵੀ ਨਹੀਂ ਹੁੰਦਾ। ਇਸ ਨਾਲ ਉਹ ਸਾਰੇ ਨੁਕਤੇ ਜਿਨ੍ਹਾਂ ਦੇ ਸਾਹਮਣੇ ਅਸੀਂ ਆਪਣੇ ਆਪ ਨੂੰ ਬੇਵੱਸ ਸਮਝ ਲੈਂਦੇ ਹਾਂ, ਉਨ੍ਹਾਂ ਤੋਂ ਨਿਜ਼ਾਤ ਪਾ ਕੇ ਆਪਣੇ ਪ੍ਰਬੰਧ ਨੂੰ ਵਧੀਆ ਚਲਾ ਸਕਦੇ ਹਾਂ'।

ਮੈਂ ਧਿਆਨ ਨਾਲ ਵੇਖਿਆ, ਵਿਸਾਖਾ ਰਾਮ ਬੜੀ ਸੰਜੀਦਗੀ ਨਾਲ ਕੁਝ ਸੋਚ ਰਿਹਾ ਸੀ ਜਿਵੇਂ ਸਰਕਾਰੀ ਨਿਯਮਾਂ ਦੇ ਗਿਆਨ ਨਾਲ ਆਪਣੇ ਆਪ ਨੂੰ ਪਰਪੱਕ ਕਰਨ ਦੀ ਯੋਜਨਾ ਬਣਾ ਰਿਹਾ ਹੋਵੇ। •

# ਹਲਕਾ ਚੱਬੇਵਾਲ ਦੇ 195 ਪਰਿਵਾਰਾਂ ਨੂੰ ਘਰ ਬਣਾਉਣ ਲਈ ਵੰਡੀ 2.92 ਕਰੋੜ ਦੀ ਰਾਸ਼ੀ : ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ

**ਹੁਸ਼ਿਆਰਪੁਰ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਚੱਬੇਵਾਲ ਦੇ ਲੋਕਾਂ ਤੱਕ ਸਾਰੀਆਂ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਅਸੀਂ ਵਚਨਬੱਧ ਹਾਂ ਅਤੇ ਇਸੇ ਕੜੀ ਤਹਿਤ ਅੱਜ ਹਲਕੇ ਦੇ 195 ਪਰਿਵਾਰਾਂ ਨੂੰ ਨਵੇਂ ਘਰਾਂ ਦੇ ਨਿਰਮਾਣ ਲਈ ਆਵਾਸ ਯੋਜਨਾ ਤਹਿਤ 2 ਕਰੋੜ 92 ਲੱਖ 50 ਹਜਾਰ ਰੁਪਏ ਦੀ ਰਕਮ ਵੰਡੀ ਗਈ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਹਰੇਕ ਲਾਭਪਾਤਰੀ ਪਰਿਵਾਰ ਨੂੰ 1.50 ਲੱਖ ਰੁਪਏ ਦੀ ਰਕਮ ਦਿੱਤੀ ਗਈ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਹੋਰ ਪਰਿਵਾਰਾਂ ਨੂੰ ਵੀ ਇਸੇ ਤਰ੍ਹਾਂ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਤਾਂ ਜੋ ਹਰੇਕ ਪਰਿਵਾਰ ਦੇ ਸਿਰ ਉੱਪਰ ਪੱਕੀ ਛੱਤ ਜ਼ਰੂਰ ਹੋਵੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਚੱਬੇਵਾਲ ਹਲਕੇ ਦੇ ਹੋਰ ਜਿੰਨੇ ਵੀ ਪਰਿਵਾਰਾਂ ਨੇ ਆਵਾਸ




ਯੋਜਨਾ ਦਾ ਲਾਭ ਲੈਣ ਲਈ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਦੀਆਂ ਫਾਈਲਾਂ ਨੂੰ ਕਲੀਅਰ ਕਰਵਾਉਣ ਲਈ ਵੀ ਸਾਡੇ ਵੱਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਪੰਜਾਬ ਦੀ ਆਪ ਸਰਕਾਰ ਸਮਾਜ ਦੇ ਹਰੇਕ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਕਾਰਜ ਕਰ ਰਹੀ ਹੈ। ਉਨ੍ਹਾ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਲਗਾਤਾਰ ਫੰਡ ਦਿੱਤੇ ਜਾ ਰਹੇ ਹਨ ਤੇ ਦੂਜੇ ਪਾਸੇ ਹੁਸ਼ਿਆਰਪੁਰ ਤੋਂ ਆਪ ਦੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਲਗਾਤਾਰ ਆਪਣੇ ਅਖ਼ਤਿਆਰੀ ਫੰਡ ਵਿਚੋਂ ਗ੍ਰਾਂਟਾਂ ਜਾਰੀ ਕਰਕੇ ਪੂਰੇ ਜਿਲ੍ਹੇ ਵਿਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਸਕੀਮਾਂ ਦਾ ਘੇਰਾ ਲਗਾਤਾਰ ਵਧਾਇਆ ਜਾ ਰਿਹਾ ਹੈ, ਜਿਸ ਦਾ ਮਕਸਦ ਹਰੇਕ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਹੈ, ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਜ਼ਾਰਾਂ ਨੌਜਵਾਨਾਂ ਨੂੰ ਰੁਜਗਾਰ ਮੁਹੱਈਆ ਕਰਵਾਇਆ ਹੈ ਅਤੇ ਇਹ ਪਹਿਲੀ ਵਾਰ ਹੈ ਕਿ ਸੂਬੇ ਵਿਚ ਬਿਨਾਂ ਕਿਸੇ ਸਿਫਾਰਿਸ਼ ਤੇ ਰਿਸ਼ਵਤ ਤੋਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਆਖ਼ਿਰ ਵਿਚ ਕਿਹਾ ਕਿ ਚੱਬੇਵਾਲ ਹਲਕਾ ਮੇਰਾ ਘਰ ਹੈ ਅਤੇ ਇਥੇ ਰਹਿਣ ਵਾਲੇ ਲੋਕ ਮੇਰੇ ਪਰਿਵਾਰ ਦੇ ਮੈਂਬਰ ਹਨ ਅਤੇ ਮੈਂ ਹਮੇਸ਼ਾ ਆਪਣੇ ਪਰਿਵਾਰ ਦੀ ਸੇਵਾ ਵਿਚ ਹਾਜ਼ਰ ਰਹਾਂਗਾ।

# ਪੈਨਸ਼ਨਰਾਂ ਨੇ ਵੱਡੀ ਗਿਣਤੀ @ਚ ਪੁੱਜ ਕੇ ਪੈਨਸ਼ਨਰ ਸੇਵਾ ਮੇਲੇ ਦਾ ਲਿਆ ਲਾਭ : ਜ਼ਿਲਾ ਖਜ਼ਾਨਾ ਅਫ਼ਸਰ

**ਫਾਜ਼ਿਲਕਾ,21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਦਿਸ਼ਾ ਨਿਰਦੇਸ਼ਾਂ @ਤੇ 13 ਨਵੰਬਰ 2025 ਤੋ ਸ਼ੁਰੂ ਹੋਏ 3 ਦਿਨਾ ਸਰਕਾਰੀ ਪੈਨਸ਼ਨਰ ਸੇਵਾ ਮੇਲੇ ਦੇ ਆਖਰੀ ਦਿਨ ਜ਼ਿਲੇ ਭਰ ਦੇ ਪੈਨਸ਼ਨਰਾਂ ਨੇ ਆਪਣੀ ਈ-ਕੇ ਵਾਈ ਸੀ. ਪੋਰਟਲ @ਤੇ ਕਰਵਾਉਣ ਸਮੇਤ ਆਪਣੇ ਲਾਈਫ ਸਰਟੀਫਿਕੇਟ ਆਨ ਲਾਈਨ ਕਰਵਾਏ।

ਇਸ ਮੌਕੇ ਜ਼ਿਲਾ ਖਜ਼ਾਨਾ ਅਫਸਰ ਤੇਜਿੰਦਰ ਸਿੰਘ ਨੇ ਆਏ ਸਾਰੇ ਪੈਨਸ਼ਨਰਾਂ ਦਾ ਇਸ ਮੇਲੇ ਦਾ ਲਾਭ ਲੈਣ ਲਈ ਧੰਨਵਾਦ ਕੀਤਾ। ਉਹਨਾਂ ਜਾਣਕਾਰੀ ਦਿੰਦਿਆ ਦੱਸਿਆ ਕਿ ਰਾਜ ਸਰਕਾਰ ਵੱਲੋਂ ਪੈਨਸ਼ਨਰ/ਫੈਮਲੀ ਪੈਨਸ਼ਨਰਾਂ ਦੀ ਸਹੂਲਤ ਲਈ ਪੈਨਸ਼ਨਰ ਸੇਵਾ ਪੋਰਟਲ ਲਾਗੂ ਕੀਤਾ ਜਾ ਚੁੱਕਾ ਹੈ, ਜਿਸ ਰਾਹੀਂ ਪੈਨਸ਼ਰ ਘਰ ਬੈਠੇ ਹੀ ਆਪਣਾ ਲਾਈਫ ਸਰਟੀਫਿਕੇਟ ਅਪਲੋਡ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਪੋਰਟਲ ਰਾਹੀਂ ਮਹੀਨਾਵਾਰ ਪੈਨਸ਼ਨ ਦੀ ਅਕਾਊਂਟਿੰਗ, ਈ.ਪੀ.ਪੀ. ਪੈਨਸ਼ਨ ਡਾਟਾ ਸ਼ਿਕਾਇਤ ਨਿਵਾਰਨ ਸਕਸੈਸ਼ਨ ਮੋਡਿਊਲ ਆਦਿ ਦੀ ਵਿਵਸਥਾ ਉਪਲੱਬਧ ਹੈ। ਉਨ੍ਹਾਂ ਦੱਸਿਆ ਕਿ ਪੈਨਸ਼ਰਾਂ ਦੀ ਜੀਵਨ ਪ੍ਰਮਾਣ ਪੱਤਰ ਦੀ ਪੈਨਸ਼ਨ ਸੇਵਾ ਪੋਰਟਲ ਨਾਲ ਜੋੜਨ ਦੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ।

ਜ਼ਿਲ੍ਹਾ ਖਜਾਨਾ ਅਫਸਰ ਨੇ ਦੱਸਿਆ ਕੇ ਪੈਨਸ਼ਨਰ ਸੇਵਾ ਪੋਰਟਲ ਤਹਿਤ ਹਰੇਕ ਪੈਨਸ਼ਨਰ/ਫੈਮਲੀ ਪੈਨਸ਼ਨਰ ਦਾ ਈ-ਕੇਵਾਈਸੀ ਕਰਵਾਇਆ ਜਾਣਾ ਲਾਜ਼ਮੀ ਹੈ। ਭਵਿੱਖ ਵਿਚ ਪੰਜਾਬ ਸਰਕਾਰ ਅਤੇ ਵਿੱਤ ਮੰਤਰੀ ਸ੍ਰ. ਹਰਪਾਲ ਸਿੰਘ ਚੀਮਾ ਦੇ ਹੁਕਮਾਂ @ਤੇ ਪੈਨਸ਼ਨ ਸੇਵਾ ਪੋਰਟਲ @ਤੇ ਰਹਿ ਗਏ ਪੈਨਸ਼ਨਰਾਂ ਦਾ ਡਾਟਾ ਅਗਲੇ ਹੁਕਮਾਂ ਤੱਕ ਚਾਲੂ ਰਹੇਗਾ। ਕੋਈ ਵੀ ਪੈਨਸ਼ਨਰ ਕਿਸੇ ਵੀ ਕੰਮ ਵਾਲੇ ਦਿਨ ਸਬੰਧਤ ਬੈਂਕਾਂ ਅਤੇ ਜ਼ਿਲ੍ਹਾ ਖਜਾਨਾ ਦਫ਼ਤਰ ਵਿਚ ਤਾਲਮੇਲ ਕਰ ਸਕਦਾ ਹੈ। ਇਸ ਦੇ ਨਾਲ ਹੀ ਦੂਰ-ਦੁਰਾਡੇ ਦੇ ਪੈਨਸ਼ਨਰਾਂ ਦੀ ਸਹੂਲਤ ਲਈ ਜ਼ਿਲ੍ਹੇ ਦੇ ਤਹਿਸੀਲ ਖਜਾਨਾ ਦਫਤਰਾਂ ਵਿਚ ਵੀ ਪੈਨਸ਼ਨਰਾਂ ਦੀ ਈ.ਕੇ.ਵਾਈ.ਸੀ. ਸ਼ੁਰੂ ਕੀਤੀ ਜਾ ਰਹੀ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ: ਸ਼ਾਂਤੀ, ਤਿਆਗ ਅਤੇ ਧਰਮ ਦੀ ਰੱਖਿਆ ਲਈ ਅਮਰ ਬਲੀਦਾਨ ਦਾ ਪ੍ਰਤੀਕ : ਗੁਰਮੀਤ ਸਿੰਘ ਖੁੱਡੀਆਂ



**ਬਠਿੰਡਾ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

9ਵੀਂ ਪਾਤਸ਼ਾਹੀ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਾਂਤੀ, ਤਿਆਗ ਅਤੇ ਧਰਮ ਦੀ ਰੱਖਿਆ ਲਈ ਅਮਰ ਬਲੀਦਾਨ ਦਾ ਪ੍ਰਤੀਕ ਹਨ, ਜਿਨ੍ਹਾਂ ਦਾ ਜੀਵਨ ਸੰਦੇਸ਼ ਅੱਜ ਵੀ ਮਨੁੱਖਤਾ ਲਈ ਪ੍ਰੇਰਨਾ ਦਾ ਸਰੋਤ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਸਥਾਨਕ ਸ਼ਹੀਦ ਭਗਤ ਸਿੰਘ ਬਹੁ ਮੰਤਵੀਂ ਖੇਡ ਸਟੇਡੀਅਮ ਵਿਖੇ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ ਮੱਦੇਨਜ਼ਰ 350ਵੇਂ ਸਾਲਾਂ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਗੁਰੂ ਸਾਹਿਬ ਦੇ ਜੀਵਨ, ਲਾਸਾਨੀ ਸ਼ਹਾਦਤ ਅਤੇ ਸਿੱਖਿਆਵਾਂ @ਤੇ ਆਧਾਰਿਤ ਲਾਈਟ ਐਂਡ ਸਾਊਂਡ ਸ਼ੋਅ @ਹਿੰਦ ਦੀ ਚਾਦਰ@ ਦੀ ਪੇਸ਼ਕਾਰੀ ਦੌਰਾਨ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਸ ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਮੌੜ ਸ ਸੁਖਬੀਰ ਸਿੰਘ ਮਾਈਸਰਖਾਨਾ, ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ, ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ, ਐਸਐਸਪੀ ਮੈਡਮ ਅਮਨੀਤ ਕੌਂਡਲ, ਚੇਅਰਮੈਨ ਸ. ਜਤਿੰਦਰ ਸਿੰਘ ਭੱਲਾ, ਚੇਅਰਮੈਨ ਸ ਨਵਦੀਪ ਸਿੰਘ ਜੀਦਾ, ਬਠਿੰਡਾ (ਦਿਹਾਤੀ) ਸ਼੍ਰੀ ਜਸਵਿੰਦਰ ਸਿੰਘ ਛਿੰਦਾ ਨੰਦਗੜ੍ਹ, ਡਾਇਰੈਕਟਰ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਨਿਗਮ ਸ. ਅਮਰਦੀਪ ਰਾਜਨ, ਸਾਬਕਾ ਚੇਅਰਮੈਨ ਸ਼੍ਰੀ ਅੰਮ੍ਰਿਤ ਲਾਲ ਅਗਰਵਾਲ, ਕੌਂਸਲਰ ਸ੍ਰੀ ਸੁਖਦੀਪ ਸਿੰਘ ਢਿੱਲੋ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਆਦਿ ਹਾਜ਼ਰ ਰਹੀਆਂ।

ਹਿੰਦ ਦੀ ਚਾਦਰ ਸ਼ੋਅ ਵਿੱਚ 350 ਸਾਲ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਆਪਣੇ ਪਿਆਰੇ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਦਿੱਤੀ ਗਈ ਲਾਸਾਨੀ ਸ਼ਹਾਦਤ ਨਾਲ ਜ਼ੁਲਮ ਖ਼ਿਲਾਫ਼ ਬੁਲੰਦ ਕੀਤੀ ਗਈ ਹੱਕ, ਸੱਚ, ਨਿਆਂ, ਪਰਉਪਕਾਰ ਤੇ ਮਨੁੱਖੀ ਅਧਿਕਾਰਾਂ ਦੀ ਆਵਾਜ਼ ਨੂੰ ਵਿਲੱਖਣ ਢੰਗ ਨਾਲ ਪੇਸ਼ ਕੀਤਾ ਗਿਆ।

ਕੈਬਨਿਟ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਸਾਲਾ ਸ਼ਤਾਬਦੀ ਨੂੰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇੱਕ ਸੇਵਕ ਵਜੋਂ ਵੱਡੇ ਪੱਧਰ @ਤੇ ਮਨਾ ਰਹੀ ਹੈ। ਇਸ ਤਹਿਤ ਉਲੀਕੇ ਵੱਖ-ਵੱਖ ਸਮਾਗਮਾਂ ਦੀ ਲੜੀ ਤਹਿਤ ਇਸ 45 ਮਿੰਟ ਦੇ ਲਾਈਟ ਐਂਡ ਸਾਊਂਡ ਸ਼ੋਅ ਨੇ ਡਿਜੀਟਲ ਤਰੀਕੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ, ਸਿੱਖਿਆਵਾਂ, ਸਿੱਖ ਇਤਿਹਾਸ ਅਤੇ ਗੁਰੂ ਜੀ ਦੀ ਮਹਾਨ ਸ਼ਹਾਦਤ ਬਾਰੇ ਚਾਨਣਾ ਪਾਇਆ ਹੈ। ਉਨ੍ਹਾਂ ਕਿਹਾ ਕਿ 23 ਨਵੰਬਰ ਤੋਂ 25 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਗਮ ਕਰਵਾਏ ਜਾ ਰਹੇ ਹਨ ਜਦੋਂ ਕਿ ਜ਼ਿਲ੍ਹੇ ਭਰ ਅੰਦਰ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਵਿਖੇ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ।

ਇਸ ਦੌਰਾਨ ਕੈਬਨਿਟ ਮੰਤਰੀ ਸ੍ਰ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਪੰਜਾਬ ਅਤੇ ਦੇਸ਼ ਦੇ ਹਰ ਕੋਨੇ ਤੱਕ ਜਾਣਕਾਰੀ ਪਹੁੰਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਇਸ ਮਹਾਨ ਕੁਰਬਾਨੀ ਤੋਂ ਪ੍ਰੇਰਨਾ ਤੇ ਸੇਧ ਲੈ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਰੋਤ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਵੱਖ-ਵੱਖ ਸਥਾਨਾਂ ਤੋਂ ਵਿਸ਼ਾਲ ਨਗਰ ਕੀਰਤਨ ਕੱਢੇ ਜਾਣੇ ਹਨ। ਇਨ੍ਹਾਂ 'ਚੋਂ ਇਕ ਨਗਰ ਕੀਰਤਨ 20 ਨਵੰਬਰ 2025 ਨੂੰ ਸਵੇਰੇ 6 ਵਜੇ ਤਲਵੰਡੀ ਸਾਬੋ ਤੋਂ ਸ਼ੁਰੂ ਹੋ ਕੇ ਕੋਟਸ਼ਮੀਰ, ਬਠਿੰਡਾ ਆਈ.ਟੀ.ਆਈ ਚੌਂਕ, ਫੌਜੀ ਚੌਂਕ, ਬੀਬੀ ਵਾਲਾ ਚੌਂਕ, ਭੁੱਚੋ ਮੰਡੀ, ਰਾਮਪੁਰਾ ਤੋਂ ਬਰਨਾਲਾ ਅਤੇ ਹੋਰ ਵੱਖ-ਵੱਖ ਸ਼ਹਿਰਾਂ 'ਚੋਂ ਹੁੰਦੇ ਹੋਏ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚੇਗਾ।

ਇਸ ਮੌਕੇ ਸੰਗਤ ਨੇ ਭਾਵੁਕ ਹੁੰਦਿਆਂ ਦੱਸਿਆ ਕਿ @ਹਿੰਦ ਦੀ ਚਾਦਰ@ ਸ਼ੋਅ ਦੀ ਸ਼ਾਨਦਾਰ ਪੇਸ਼ਕਾਰੀ ਨਾਲ ਉਨ੍ਹਾਂ ਨੂੰ ਅਨੋਖਾ ਅਨੁਭਵ ਹੋਇਆ ਹੈ, ਜਿਸ ਨਾਲ ਗੁਰੂ ਸਾਹਿਬ ਦੇ ਸ਼ਾਂਤੀ, ਸਹਿਣਸ਼ੀਲਤਾ ਅਤੇ ਵਿਸ਼ਵਵਿਆਪੀ ਭਾਈਚਾਰੇ ਨੂੰ ਮਜ਼ਬੂਤ ਕਰਨ ਦੇ ਫਲਸਫ਼ੇ ਨੂੰ ਸੁੰਦਰਤਾ ਨਾਲ ਦਰਸਾਇਆ ਗਿਆ ਹੈ।

ਇਸ ਮੌਕੇ ਸਮੇਤ ਸ਼ਹਿਰ ਤੇ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਤੋਂ ਪੁੱਜੀ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ।

# ਐਮਰਜੰਸੀ ਪ੍ਰਬੰਧ ਅਤੇ ਮੈਡੀਕਲ ਸਟਾਫ਼ ਕੀਤਾ ਤੈਨਾਤ

**ਸ੍ਰੀ ਆਨੰਦਪੁਰ ਸਾਹਿਬ,21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਯਾਦਗਾਰੀ ਸਮਾਗਮਾਂ ਦੌਰਾਨ ਦੇਸ਼-ਵਿਦੇਸ਼ ਤੋਂ ਆ ਰਹੀਆਂ ਲੱਖਾਂ ਸੰਗਤਾਂ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਹਨ।



ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿਹਤ ਸਹੂਲਤਾਂ ਸਬੰਧੀ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਿਸ਼ਾਲ ਮੈਡੀਕਲ ਸੈਟ-ਅਪ ਤਿਆਰ ਕੀਤਾ ਗਿਆ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ ਸਿਵਲ ਹਸਪਤਾਲ ਦਾ ਦੌਰਾ ਕਰਨ ਉਪਰੰਤ ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿਵਲ ਹਸਪਤਾਲ ਵਿੱਚ ਸੀ.ਸੀ.ਯੂ. ਯੂਨਿਟ ਪੂਰੀ ਤਿਆਰੀ ਨਾਲ ਚਾਲੂ ਕੀਤਾ ਗਿਆ ਹੈ, ਜਿਸ ਵਿੱਚ ਵੈਂਟੀਲੇਟਰ, ਆਕਸੀਜ਼ਨ ਦੀ ਸੈਂਟਰਲ ਸਪਲਾਈ ਅਤੇ ਪੂਰਾ ਬੈਕਅਪ ਮੁਹੱਈਆ ਕਰਵਾਇਆ ਗਿਆ ਹੈ।

ਸ੍ਰੀ ਅਨੰਦਪੁਰ ਸਾਹਿਬ ਤੇ ਰੂਪਨਗਰ ਦੋਵੇਂ ਥਾਵਾਂ 'ਤੇ 24 ਘੰਟੇ ਕ੍ਰਿਟੀਕਲ ਕੇਅਰ ਸੇਵਾਵਾਂ ਚੱਲਣਗੀਆਂ, ਜਦਕਿ ਕੀਰਤਪੁਰ ਸਾਹਿਬ ਵਿੱਚ ਵੀ ਲਗਾਤਾਰ ਮੈਡੀਕਲ ਸਹੂਲਤਾਂ ਜਾਰੀ ਰਹਿਣਗੀਆਂ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 21 ਆਮ ਆਦਮੀ ਕਲੀਨਿਕ ਪਹਿਲਾਂ ਹੀ ਕੰਮ ਕਰ ਰਹੇ ਹਨ, ਜਦਕਿ 19 ਖ਼ਾਸ ਮੈਡੀਕਲ ਪੋਸਟ ਟਰਾਲੀ ਸਿਟੀ, ਟੈਂਟ ਸਿਟੀ ਅਤੇ ਰਸਤੇ ਦੇ ਖਾਸ ਸਥਾਨਾਂ 'ਤੇ ਸਥਾਪਿਤ ਕੀਤੇ ਗਏ ਹਨ। ਇੱਥੇ ਬਲੱਡ ਪ੍ਰੈਸ਼ਰ ਟੈਸਟ, ਸ਼ੂਗਰ, ਹੋਰ ਦਰਜਨਾਂ ਟੈਸਟ ਅਤੇ ਹੋਰ ਸਿਹਤ ਸਹੂਲਤਾਂ 24 ਘੰਟੇ ਉਪਲੱਬਧ ਰਹਿਣਗੀਆਂ।

# ਖੇਤੀਬਾੜੀ ਵਿੱਚ ਵਿਭਿੰਨਤਾ ਲਿਆਓ ਡੇਅਰੀ ਫਾਰਮਿੰਗ ਅਪਨਾਓ

**ਫਾਜ਼ਿਲਕਾ,21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋ ਡੇਅਰੀ ਫਾਰਮਰਾਂ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ 30 ਦਿਨਾਂ ਦਾ ਡੇਅਰੀ ਉੱਦਮ ਸਿਖਲਾਈ ਕੋਰਸ ਮਿਤੀ: 01 ਦਸੰਬਰ 2025 ਨੂੰ ਪੰਜਾਬ ਵਿੱਚ ਅਲੱਗ-2 ਡੇਅਰੀ ਟ੍ਰੇਨਿੰਗ ਸੈਂਟਰਾਂ ਤੇ ਚਲਾਇਆ ਜਾ ਰਿਹਾ ਹੈ।

ਜਿਸਦੀ ਕੌਂਸਲਿੰਗ ਮਿਤੀ: 27 ਨਵੰਬਰ 2025 ਨੂੰ ਰੱਖੀ ਗਈ ਹੈ, ਜਿਸ ਵਿੱਚ ਦੁੱਧ ਤੋਂ ਪਦਾਰਥ ਬਣਾਉਣ, ਡੇਅਰੀ ਫਾਰਮ ਦਾ ਪ੍ਰਬੰਧ, ਦੁਧਾਰੂ ਪਸ਼ੂਆਂ ਦੀ ਨਸਲ ਸੁਧਾਰ, ਪਸ਼ੂ ਪ੍ਰਬੰਧਨ ਪ੍ਰੈਕਟੀਕਲ ਅਤੇ ਸੰਤੁਲਤ ਪਸ਼ੂ ਖੁਰਾਕ ਸਬੰਧੀ ਆਧੁਨਿਕ ਤਕਨੀਕ ਨਾਲ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

ਇਹ ਜਾਣਕਾਰੀ ਵਿਭਾਗ ਦੇ ਸ਼੍ਰੀ ਰਣਦੀਪ ਕੁਮਾਰ ਹਾਂਡਾ, ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਫਾਜ਼ਿਲਕਾ ਵੱਲੋਂ ਦਿੱਤੀ ਗਈ।

ਉਨ੍ਹਾ ਦੱਸਿਆ ਕਿ ਜਿਲ੍ਹਾ ਫਾਜ਼ਿਲਕਾ ਦੇ ਚਾਹਵਾਨ ਡੇਅਰੀ ਫਾਰਮਰ ਮਿਤੀ: 27 ਨਵੰਬਰ 2025 ਨੂੰ ਮੈਟ੍ਰਿਕ ਦਾ ਸਰਟੀਫਿਕੇਟ, ਆਧਾਰ ਕਾਰਡ ਸਮੇਤ ਪਾਸਪੋਰਟ ਸਾਇਜ ਫੋਟੋ ਲੈਕੇ ਇੰਟਾਗਰੇਟਿਡ ਫਾਰਮਰ ਟ੍ਰੇਨਿੰਗ ਸੈਂਟਰ, ਅਬੁੱਲ ਖੁਰਾਣਾ, ਤਹਿ ਮਲੋਟ, ਜ਼ਿਲਾ ਸ਼੍ਰੀ ਮੁਕਤਸਰ ਸਾਹਿਬ ਵਿਖੇ ਕੌਂਸਲਿੰਗ ਲਈ ਹਾਜਰ ਹੋਣ।

ਇਸ ਸਬੰਧੀ ਨਿਰਧਾਰਤ ਪ੍ਰੋਫਾਰਮੇ ਲਈ ਪ੍ਰਾਸਪੈਕਟ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਫਾਜ਼ਿਲਕਾ ਜਾਂ ਇੰਟਾਗਰੇਟਿਡ ਫਾਰਮਰ ਟ੍ਰੇਨਿੰਗ ਸੈਂਟਰ, ਅਬੁੱਲ ਖੁਰਾਣਾ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

# ਵਕੀਲਾਂ ਵਲੋਂ ਅਦਾਲਤੀ ਕੰਪਲੈਕਸ ਵਿਚ ਪੱਕਾ ਰੋਸ ਧਰਨਾ ਸ਼ੁਰੂ



**ਖਰੜ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ 'ਆਪ' ਸਰਕਾਰ ਵਲੋਂ ਸ੍ਰੀ ਆਨੰਦਪੁਰ ਸਾਹਿਬ ਨੂੰ ਜਿਲ੍ਹਾ ਬਣਾਏ ਜਾਣ ਦੀ ਖਰੜ ਤਹਿਸੀਲ ਦੀ ਘੜੂੰਆਂ ਕਾਨੂੰਗੋ ਦੇ 35 ਪਿੰਡਾਂ, ਕੁਰਾਲੀ, ਮਾਜਰੀ ਸਮੇਤ ਹੋਰ ਪਿੰਡਾਂ ਨੂੰ ਜਿਲ੍ਹਾ ਰੋਪੜ ਨਾਲ ਮੁੜ ਤੋਂ ਜੋੜਨ ਲਈ ਜੋ ਅੰਦਰ ਖਾਤੇ ਕਥਿਤ ਤੌਰ ਤੇ ਕਾਰਵਾਈ ਆਰੰਭੀ ਹੋਈ ਹੈ ਉਸਨੂੰ ਲੈ ਕੇ ਬਾਰ ਐਸੋਸੀਏਸ਼ਨ ਖਰੜ ਦੀ ਅਗਵਾਈ ਵਿਚ ਖਰੜ ਦੇ ਸਮੂਹ ਵਕੀਲਾਂ ਅਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵਲੋਂ ਸਰਕਾਰ ਦੇ ਖਿਲਾਫ ਪੱਕਾ ਰੋਸ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਬਾਰ ਐਸੋਸੀਏਸ਼ਨ ਖਰੜ ਦੇ ਪ੍ਰਧਾਨ ਦੀਪਕ ਸ਼ਰਮਾ ਨੇ ਕਿਹਾ ਕਿ ਸੂਚਨਾ ਮਿਲ ਰਹੀ ਹੈ ਕਿ ਸਰਕਾਰ ਵਲੋਂ ਜਿਲ੍ਹਾ ਰੋਪੜ ਵਿਚੋ ਕੱਟ ਕੇ ਸ੍ਰੀ ਆਨੰਦਪੁਰ ਸਾਹਿਬ ਨੂੰ ਜਿਲ੍ਹਾ ਬਣਾਇਆ ਜਾ ਰਿਹਾ ਹੈ, ਠੀਕ ਹੈ ਉਹ ਚੰਗੀ ਗੱਲ ਹੈ ਪਰ ਦੂਸਰੇ ਪਾਸੇ ਰੋਪੜ ਦੀ ਹੋਂਦ ਬਚਾਉਣ ਲਈ ਜਿਲ੍ਹਾ ਮੁਹਾਲੀ ਦੀ ਖਰੜ ਤਹਿਸੀਲ ਦੇ ਘੜੂੰਆਂ ਕਾਨੂੰਗੋਈ ਦੇ 36 ਪਿੰਡਾਂ ਅਤੇ ਕੁਰਾਲੀ, ਮਾਜਰੀ ਦਾ ਕੁਝ ਹਿੱਸਾ ਜਿਲ੍ਹਾ ਰੋਪੜ ਵਿਚ ਸ਼ਾਮਲ ਕਰਨ ਲਈ ਸਰਕਾਰ ਵਲੋਂ ਕੋਝੀਆਂ ਚਾਲਾਂ ਚਲਾਈਆਂ ਜਾ ਰਹੀਆਂ ਹਨ ਜਿਸਨੂੰ ਅਸੀ ਕਦੇ ਵੀ ਬਰਦਾਸਤ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪਿੰਡਾਂ ਦੇ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਵੇਗਾ ਅਤੇ ਲੋਕਾਂ ਨੂੰ ਆਪਣੇ ਕੰਮਕਾਰਾਂ ਲਈ ਰੋਪੜ ਵਿਖੇ ਜਾਣਾ ਪਵੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਜਿਲ੍ਹਾ ਐਸ.ਏ.ਐਸ.ਨਗਰ ਦੇ ਜੋ ਪਿੰਡ ਜਿਲ੍ਹਾ ਰੋਪੜ ਵਿਚ ਸ਼ਾਮਲ ਕਰਨ ਲਈ ਸਰਕਾਰ ਵਲੋਂ ਕਾਰਵਾਈ ਕੀਤੀ ਜਾ ਰਹੀ ਹੈ ਉਹ ਸਰਕਾਰ ਬੰਦ ਨਹੀ ਕਰਦੀ ਉਦੋਂ ਤੱਕ ਸਮੂਹ ਵਕੀਲਾਂ ਵਲੋਂ ਸਰਕਾਰ ਦੇ ਖਿਲਾਫ ਪੱਕਾ ਧਰਨਾ ਜਾਰੀ ਰਹੇਗਾ ਅਤੇ ਕੋਈ ਅਦਾਲਤੀ ਕੰਮ ਨਹੀ ਹੋਵੇਗਾ। ਉਨ੍ਹਾਂ ਦਸਿਆ ਕਿ ਇਸ ਧਰਨੇ ਵਿਚ ਜਿਲ੍ਹਾ ਮੁਹਾਲੀ ਦੀ ਬਾਰ ਐਸੋਸੀਏਸ਼ਨ ਅਤੇ ਡੇਰਾਬੱਸੀ ਬਾਰ ਐਸੋਸੀਏਸ਼ਨ ਵਲੋ ਸਾਡੇ ਸੰਘਰਸ਼ ਵਿਚ ਆਉਣ ਦਾ ਐਲਾਨ ਕੀਤਾ ਹੈ। ਇਸ ਮੌਕੇ ਐਡਵੋਕੇਟ ਅਮਨਦੀਪ ਸਿੰਘ ਬਾਜਵਾ, ਅਸ਼ੂੰਲ ਕੋਸ਼ਲ, ਸੰਜੀਵ ਕੁਮਾਰ, ਦੀਪਕ ਵਰਮਾ, ਖੜਕ ਸਿੰਘ, ਰਵਿੰਦਰ ਸਿੰਘ ਸੈਣੀ, ਗਰਤੇਜ਼ ਸਿੰਘ, ਵਿਜੈ ਅਗਨੀਹੋਤਰੀ, ਤਾਰਾ ਚੰਦ ਬਧਵਾਰ, ਰਸ਼ਪਾਲ ਸਿੰਘ ਅਤੇ ਹੋਰ ਵਕੀਲ ਹਾਜ਼ਰ ਸਨ।

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਿਲ੍ਹਾ ਪ੍ਰਧਾਨ ਦੇਵਿੰਦਰ ਸਿੰਘ ਦੇਹਕਲਾਂ, ਜਸਪਾਲ ਸਿੰਘ ਨਿਆਮੀਆਂ, ਰਣਜੀਤ ਸਿੰਘ ਬਜਹੇੜੀ, ਕੁਲਵੰਤ ਸਿੰਘ ਰੁੜਕੀ ਸਮੇਤ ਹੋਰ ਆਗੂਆਂ ਨੇ ਵਕੀਲਾਂ ਦੇ ਧਰਨੇ ਵਿਚ ਸਮੂਲੀਅਤ ਕੀਤੀ। ਇਨ੍ਹਾਂ ਆਗੂਆ ਨੇ ਸਰਕਾਰ ਦੇ ਖਿਲਾਫ ਫੈਸਲੇ ਦੇ ਖਿਲਾਫ 21 ਨਵੰਬਰ ਨੂੰ ਬੱਸ ਅੱਡਾ ਖਰੜ ਵਿਖੇ ਜਾਮ ਲਗਾਉਣ ਦਾ ਐਲਾਨ ਕਰਦਿਆ 36 ਪਿੰਡਾਂ ਦੇ ਵਸਨੀਕਾਂ, ਕਿਸਾਨ ਯੂਨੀਅਨ, ਸਮਾਜ ਸੇਵੀ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਇਸ ਧਰਨੇ ਵਿਚ ਵੱਧ ਚੜ੍ਹ ਕੇ ਭਾਗ ਲੈਣ। ਉਨ੍ਹਾਂ ਕਿਹਾ ਕਿ ਜੇਕਰ ਇਸ ਧਰਨੇ ਨੂੰ ਹੋਰ ਤੇਜ਼ ਕਰਨਾ ਪਿਆ ਤਾਂ ਉਹ ਪਿੱਛੇ ਨਹੀਂ ਹਟੱਨਗੇ ਕਿਉਕਿ ਇਸ ਤੋਂ ਪਹਿਲਾਂ ਵੀ ਕਈ ਸਰਕਾਰਾਂ ਵਲੋਂ ਘੜੂੰਆਂ ਕਾਨੂੰਗੋਈ ਨੂੰ ਜਿਲ੍ਹਾ ਰੋਪੜ ਵਿਚ ਸ਼ਾਮਲ ਕਰਨ ਲਈ ਕਾਰਵਾਈਆਂ ਆਰੰਭੀਆਂ ਗਈਆਂ ਸਨ ਜੋ ਲੋਕਾਂ ਦੇ ਸੰਘਰਸ਼ ਤੋਂ ਬਾਅਦ ਸਰਕਾਰਾਂ ਨੂੰ ਝੁੱਕਣਾ ਪਿਆ ਸੀ।

# 2.90 ਕਰੋੜ ਦੀ ਲਾਗਤ ਨਾਲ ਰੇਲਵੇ ਰੋਡ ਸਥਿਤ ਪੁਰਾਣੇ ਸਟੇਸ਼ਨ ਨੂੰ ਇਥੇ ਕੀਤਾ ਜਾਵੇਗਾ ਸ਼ਿਫਟ

**ਹੁਸ਼ਿਆਰਪੁਰ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੀ ਮੌਜੂਦਗੀ ਵਿੱਚ ਭੰਗੀ ਚੋਅ ਕੋਲ ਨਗਰ ਨਿਗਮ ਦੇ ਗਊਸ਼ਾਲਾ ਨੇੜੇ ਬਣਨ ਵਾਲੇ ਨਵੇਂ ਫਾਇਰ ਸਟੇਸ਼ਨ ਦਾ ਨੀਂਹ ਪੱਥਰ ਰੱਖਿਆ। ਸਮਾਗਮ ਦੌਰਾਨ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸ਼ਹਿਰੀ ਵਿਕਾਸ ਨੂੰ ਤੇਜ਼ ਗਤੀ ਨਾਲ ਅੱਗੇ ਵਧਾਉਣ ਲਈ ਵਚਨਬੱਧ ਹੈ ਅਤੇ ਇਸੇ ਲੜੀ ਵਿਚ ਕਰੀਬ 2.90 ਕਰੋੜ ਰੁਪਏ ਦੀ ਲਾਗਤ ਨਾਲ ਆਧੁਨਿਕ ਸਹੂਲਤਾਂ ਨਾਲ ਲੈਸ ਇਸ ਫਾਇਰ ਸਟੇਸ਼ਨ ਦਾ ਨਿਰਮਾਣ ਕਰਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀ 2 ਏਕੜ ਜ਼ਮੀਨ ਤੋਂ ਬਣਨ ਵਾਲਾ ਇਹ ਨਵਾਂ ਸਟੇਸ਼ਨ ਸ਼ਹਿਰ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਸਾਲ ਦੇ ਅੰਦਰ ਤਿਆਰ ਹੋ ਜਾਵੇਗਾ। ਇਸਦੇ ਮੁਕੰਮਲ ਹੋਣ ਤੋਂ ਬਾਅਦ ਰੇਲਵੇ ਰੋਡ @ਤੇ ਸਥਿਤ ਪੁਰਾਣੇ ਫਾਇਰ ਸਟੇਸ਼ਨ ਨੂੰ ਇਥੇ ਸ਼ਿਫਟ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵਾਂ ਸਟੇਸ਼ਨ ਸ਼ਹਿਰ ਦੇ ਬਾਹਰੀ ਇਲਾਕੇ ਵਿਚ ਹੋਣ ਨਾਲ ਐਮਰਜੈਂਸੀ ਸਥਿਤੀਆਂ ਵਿੱਚ ਫਾਇਰ ਬ੍ਰਿਗੇਡ ਨੂੰ ਟ੍ਰੈਫਿਕ ਜਾਮ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਅਤੇ ਅੱਗ ਬੁਝਾਉਣ ਵਾਲੇ ਵਾਹਨ ਸਮੇਂ ਸਿਰ ਮੌਕੇ @ਤੇ ਪਹੁੰਚ ਸਕਣਗੇ। ਇਸ ਵੇਲੇ ਪੁਰਾਣੇ ਸਟੇਸ਼ਨ ਤੋਂ ਸ਼ਹਿਰ ਦੇ ਬਾਹਰੀ ਹਿੱਸੇ ਤੱਕ ਪਹੁੰਚਣ ਵਿੱਚ ਲੱਗਣ ਵਾਲੇ ਲੰਬੇ ਸਮੇਂ ਕਾਰਨ, ਰਾਹਤ ਅਤੇ ਬਚਾਅ ਕਾਰਜਾਂ ਵਿੱਚ ਅਕਸਰ ਦੇਰੀ ਹੋ ਜਾਂਦੀ ਹੈ, ਜਿਸ ਨੂੰ ਇਹ ਨਵਾਂ ਸਟੇਸ਼ਨ ਹੱਲ ਕਰੇਗਾ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਇਸ ਮੌਕੇ ਕਿਹਾ ਕਿ ਇਹ ਪ੍ਰੋਜੈਕਟ ਹੁਸ਼ਿਆਰਪੁਰ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹਿਰ ਦੇ ਵਿਕਾਸ, ਸੁਰੱਖਿਆ ਅਤੇ ਸਹੂਲਤਾਂ ਨਾਲ ਸਬੰਧਤ ਕੰਮਾਂ ਵਿੱਚ ਤੇਜ਼ੀ ਲਿਆਉਣ ਲਈ ਦਿਨ ਰਾਤ ਮਿਹਨਤ ਕਰ ਰਹੀ ਹੈ। ਨਵਾਂ ਫਾਇਰ ਸਟੇਸ਼ਨ ਨਾ ਸਿਰਫ਼ ਸ਼ਹਿਰ ਦੀ ਆਫ਼ਤ ਪ੍ਰਬੰਧਨ ਸਮਰੱਥਾ ਨੂੰ ਮਜ਼ਬੂਤ ਕਰੇਗਾ ਬਲਕਿ ਆਲੇ ਦੁਆਲੇ ਦੇ ਪੇਂਡੂ ਖੇਤਰਾਂ ਨੂੰ ਬਿਹਤਰ ਅਤੇ ਤੇਜ਼ ਅੱਗ ਬੁਝਾਊ ਸੇਵਾਵਾਂ ਵੀ ਪ੍ਰਦਾਨ ਕਰੇਗਾ। ਉਨ੍ਹਾਂ ਸਥਾਨਕ ਸਰਕਾਰਾਂ ਮੰਤਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਪ੍ਰੋਜੈਕਟ ਜਨਤਾ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰੇਗਾ।ਇਸ ਮੌਕੇ ਮੇਅਰ ਨਗਰ ਨਿਗਮ ਸੁਰਿੰਦਰ ਕੁਮਾਰ, ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਗੁਰਬਿੰਦਰ ਸਿੰਘ ਪਾਬਾਲਾ, ਡਿਪਟੀ ਮੇਅਰ ਰਣਜੀਤ ਚੌਧਰੀ, ਮਿਊਂਸਪਲ ਕੌਂਸਲਰ ਮੁੱਖੀ ਰਾਮ, ਵਿਜੇ ਕੁਮਾਰ ਅਗਰਵਾਲ, ਬਲਵਿੰਦਰ ਕੁਮਾਰ, ਸੁਲੇਖਾ ਦੇਵੀ, ਮੋਹਿਤ ਸੈਣੀ ਆਦਿ ਮਿਊਂਸਪਲ ਕੌਂਸਲਰ ਹਾਜਰ ਹੋਏ

# ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਯਾਤਰਾ ਦਾ ਮੰਗਲਵਾਰ ਨੂੰ ਅੰਬਾਲਾ ਛਾਉਣੀ ਵਿੱਚ ਕੀਤਾ ਜਾਵੇਗਾ ਸੁਆਗਤ-ਊਰਜਾ ਮੰਤਰੀ ਅਨਿਲ ਵਿਜ

**ਚੰਡੀਗੜ੍ਹ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਊਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਨੌਵੀਂ ਪਾਤਸ਼ਾਹੀ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਯਾਤਰਾ ਦਾ ਅੰਬਾਲਾ ਛਾਉਣੀ ਵਿੱਚ 18 ਨਵੰਬਰ 2025 ਨੂੰ ਸ਼ਰਧਾਪੂਰਵਕ ਸੁਆਗਤ ਕੀਤਾ ਜਾਵੇਗਾ।ਮੰਤਰੀ ਨੇ ਅੱਜ ਮੀਡੀਆਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਨਗਰ ਕੀਰਤਨ ਯਾਤਰਾ ਲਈ ਪੂਰੀ ਤਿਆਰਿਆਂ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਯਤਨ ਰਵੇਗਾ ਕਿ ਉਹ ਪੂਰੀ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਗੁਰੂ ਜੀ ਦਾ ਆਸ਼ੀਰਵਾਦ ਲੈਂਣ।ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਗੁਰੂਪਰਵ ਸ਼ਰਧਾ ਅਤੇ ਉਤਸਾਹ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੇ ਅਤੁਲਨੀਅ ਬਲਿਦਾਨ ਨਾਲ ਸਮਾਜ ਨੂੰ ਪ੍ਰੇਰਿਤ ਕਰਨ ਲਈ ਨਗਰ ਕੀਰਤਨ ਯਾਤਰਾ 11 ਨਵੰਬਰ ਨੂੰ ਪਿੰਜੌਰ ਤੋਂ ਸ਼ੁਰੂ ਹੋਈ ਸੀ ਜੋ ਕਿ 18 ਨਵੰਬਰ ਨੂੰ ਸਵੇਰੇ 9 ਵਜੇ ਗੁਰੂਦੁਆਰਾ ਸ਼੍ਰੀ ਪੰਜੋਖਰਾ ਸਾਹਿਬ ਤੋਂ ਸ਼ੁਰੂ ਹੋਵੇਗੀ।ਉਨ੍ਹਾਂ ਨੇ ਦੱਸਿਆ ਕਿ ਨਗਰ ਕੀਰਤਨ ਯਾਤਰਾ ਪੰਜੋਖਾਰਾ ਸਾਹਿਬ ਤੋਂ ਤੋਪਖਾਨਾ ਬਾਜਾਰ, ਡਿਫੇਂਸ ਕਲੋਨੀ ਗੁਰੂਦੁਆਰਾ ਸਾਹਿਬ, ਕਲਰਹੇੜੀ, ਬੋਹ, ਬਬਯਾਲ, ਚੰਦਪੁਰਾ, ਰਾਮਪੁਰ-ਸਰਸੇਹੜੀ, ਜਗਾਧਰੀ ਰੋੜ, ਮਹੇਸ਼ਨਗਰ, ਐਸਡੀ ਕਾਲੇਜ, ਸੁਭਾਸ਼ ਪਾਰਕ, ਗੁਰੂਦੁਆਰਾ ਸਿੰਘ ਸਭਾ ਹਰਗੋਲਾਲ ਰੋੜ, ਚੌੜਾ ਬਾਜਾਰ, ਬਜਾਜਾ ਬਜਾਰ, ਕਸੇਰਾ ਬਾਜਾਰ, ਗੁਰੂਨਾਨਕ ਰੋੜ, ਕਬਾੜੀ ਬਾਜਾਰ, ਮੱਛੀ ਮੋਹੱਲਾ, ਗੁਰੂਦੁਆਰਾ ਕਸ਼ਤਰੀ ਟਾਂਕ, ਪੰਜਾਬੀ ਗੁਰੂਦੁਆਰਾ ਸਾਹਿਬ, ਵਿਜੈ ਰਤਨ ਚੌਂਕ, ਰਾਏ ਮਾਰਕੇਟ, ਗੋਲ ਚੱਕਰ, ਤੋਪਖਾਨਾ ਬਾਜਾਰ ਹੋਂਦੇ ਹੋਏ ਗੁਰੂਦੁਆਰਾ ਪੰਜੋਖਰਾ ਸਾਹਿਬ ਵਿੱਚ ਵਾਪਸ ਸਮਾਪਤ ਹੋਵੇਗੀ।

ਮੰਤਰੀ ਅਨਿਲ ਵਿਜ ਨੇ ਦੱਸਿਆ ਕਿ ਯਾਤਰਾ ਦਾ ਵੱਖ ਵੱਖ ਸਥਾਨਾਂ @ਤੇ ਸੁਆਗਤ ਕੀਤਾ ਜਾਵੇਗਾ। ਉਨ੍ਹਾਂ ਨੇ ਸਾਰੇ ਧਾਰਮਿਕ, ਰਾਜਨੈਤਿਕ, ਵਿਦਿਅਕ, ਵਿਅਵਸਾਇਕ ਅਤੇ ਹੋਰ ਸੰਸਥਾਨਾਂ ਅਤੇ ਸੰਗਠਨਾਂ ਨੂੰ ਯਾਤਰਾ ਵਿੱਚ ਸ਼ਾਮਲ ਹੋ ਕੇ ਗੁਰੂ ਜੀ ਦਾ ਆਸ਼ੀਰਵਾਦ ਲੈਣ ਦੀ ਅਪੀਲ ਕੀਤੀ।

# ਵਾਪਰਿਆ ਭਿਆਨਕ ਸੜਕ ਹਾਦਸਾ ਕਾਰ ਦੇ ਦਰੱਖ਼ਤ ਨਾਲ ਟਕਰਾਉਣ ਕਾਰਨ ਇੱਕ ਦੀ ਮੌਤ, ਦੋ ਗੰਭੀਰ ਜ਼ਖ਼ਮੀ

**ਸਮਾਣਾ, 21 ਨਵੰਬਰ**
**-ਸਰਬਜੀਤ ਤਲਵੰਡੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ-ਭਵਾਨੀਗੜ੍ਹ ਸੜਕ - 'ਤੇ ਪਿੰਡ ਬੰਮਨਾ ਨੇੜੇ ਇੱਕ ਬੇਕਾਬੂ - ਕਾਰ ਦੇ ਦਰੱਖ਼ਤ ਨਾਲ ਟਕਰਾਉਣ - ਕਾਰਨ ਇੱਕ ਨੌਜਵਾਨ ਦੀ ਮੌਤ ਹੋ - ਗਈ, ਜਦੋਂ ਕਿ ਕਾਰ ਵਿੱਚ ਸਵਾਰ - ਉਸਦੇ ਦੋ ਦੋਸਤ ਗੰਭੀਰ ਜ਼ਖ਼ਮੀ ਹੋ - ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ, ਜਿੱਥੋਂ ਉਨ੍ਹਾਂ ਦੀ ਨਾਜ਼ੁਕ - ਹਾਲਤ ਦੇਖਦੇ ਹੋਏ ਪਟਿਆਲਾ ਰੈਫਰ - ਕਰ ਦਿੱਤਾ ਗਿਆ। ਮ੍ਰਿਤਕ ਦੀ - ਪਛਾਣ ਧਰਮਜੀਤ ਸਿੰਘ ਉਰਫ਼ ਪ੍ਰਿੰਸ - (42) ਪੁੱਤਰ ਦਲਜੀਤ ਸਿੰਘ ਵਾਸੀ - ਪਿੰਡ ਖਾਨਪੁਰ (ਜ਼ਿਲ੍ਹਾ ਅੰਮ੍ਰਿਤਸਰ) - ਵਜੋਂ ਹੋਈ, ਜਿਸ ਦੀ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ, ਗਾਜੇਵਾਸ ਪੁਲਿਸ ਇੰਚਾਰਜ ਹਰਬੰਸ ਸਿੰਘ ਨੇ ਦੱਸਿਆ ਕਿ ਅਮਰਜੀਤ ਸਿੰਘ ਵਾਸੀ ਮਲਕਾਣਾ, ਸਮਾਣਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਹ ਆਪਣੇ ਦੋਸਤਾਂ ਲਬਜੀਤ ਸਿੰਘ ਵਾਸੀ ਪਿੰਡ ਕਾਹਨਗੜ੍ਹ ਅਤੇ ਧਰਮਜੀਤ ਸਿੰਘ ਨਾਲ ਕਾਰ ਵਿੱਚ ਸਵਾਰ ਹੋ ਕੇ ਸਮਾਣਾ ਵੱਲ ਆ ਰਹੇ ਸਨ ਕਿ ਪਿੰਡ ਬਮਨਾ ਦੇ ਜੰਬੋ ਵਾਲਾ ਚੋਅ ਨੇੜੇ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਇੱਕ ਦਰੱਖ਼ਤ ਨਾਲ ਟਕਰਾ ਗਈ। ਇਸ ਹਾਦਸੇ ਵਿੱਚ ਤਿੰਨੇ ਦੋਸਤ ਗੰਭੀਰ ਜ਼ਖ਼ਮੀ ਹੋ ਗਏ। ਸਾਰਿਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਜਾਣ 'ਤੇ ਡਾਕਟਰਾਂ ਨੇ ਧਰਮਜੀਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ ਤਿੰਨ ਧੀਆਂ ਛੱਡ ਗਿਆ ਹੈ। ਅਧਿਕਾਰੀ ਅਨੁਸਾਰ ਦਰਜ ਕਰਵਾਏ ਗਏ ਬਿਆਨ ਦੇ ਆਧਾਰ @ਤੇ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਉਪਰੰਤ ਮ੍ਰਿਤਕ ਦੀ ਦੇਹ ਵਾਰਸਾਂ ਦੇ ਹਵਾਲੇ ਕਰ ਦਿੱਤੀ।

# ਸਕਾਰਪਿਓ-ਮੋਟਰਸਾਈਕਲ ਟੱਕਰ 'ਚ ਮੋਟਰਸਾਈਕਲ ਸਵਾਰ ਦੀ ਮੌਤ

**ਸਮਾਣਾ, 21 ਨਵੰਬਰ**
**-ਸਰਬਜੀਤ ਤਲਵੰਡੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਕਾਰਪਿਓ ਗੱਡੀ ਵੱਲੋਂ ਮੋਟਰਸਾਈਕਲ ਨੂੰ ਪਿੱਛੋਂ ਟੱਕਰ ਮਾਰਨ ਕਾਰਨ ਬਾਈਕ ਸਵਾਰ ਵਿਅਕਤੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ, ਸਮਾਣਾ ਲਿਆਂਦਾ ਗਿਆ। ਪਾਤੜਾਂ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਨਿਰਮਲ ਸਿੰਘ (45) (ਪੁੱਤਰ ਪੂਰਨ ਸਿੰਘ ਨਿਵਾਸੀ ਪਾਤੜਾਂ) ਦੇ ਵੱਡੇ ਭਰਾ ਗੁਰਵਾਜ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ, ਉਸ ਦਾ ਭਰਾ ਨਿਰਮਲ ਸਿੰਘ ਬੀਤੀ ਸ਼ਾਮ ਮੋਟਰਸਾਈਕਲ @ਤੇ ਸਵਾਰ ਹੋ ਕੇ ਸਮਾਨ ਲੈਣ ਲਈ ਬਾਜ਼ਾਰ ਗਿਆ ਸੀ। ਟਰੱਕ ਯੂਨੀਅਨ ਪਾਤੜਾਂ ਦੇ ਗੇਟ ਨੇੜੇ ਇੱਕ ਤੇਜ਼ ਰਫ਼ਤਾਰ ਸਕੌਰਪੀਓ ਦੇ ਅਣਪਛਾਤੇ ਡਰਾਈਵਰ ਨੇ ਲਾਪਰਵਾਹੀ ਨਾਲ ਉਸ ਦੇ ਬਾਈਕ ਨੂੰ ਪਿੱਛੋਂ ਟੱਕਰ ਮਾਰ ਦਿੱਤੀ।

# ਵਿਕਾਸ ਕੰਮਾਂ ਅਤੇ ਪਿਛਲੀਆਂ ਮੀਟਿੰਗਾਂ ਨੂੰ ਪਾਸ ਕਰਨ ਨੂੰ ਲੈ ਕੇ ਕੌਂਸਲਰਾਂ ਨੇ ਮੀਟਿੰਗ ਹਾਲ ਵਿਚ ਦਿੱਤਾ ਰੋਸ ਧਰਨਾ

**ਖਰੜ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਖਰੜ ਦੀ ਮੀਟਿੰਗ ਦੀ ਪ੍ਰਧਾਨਗੀ ਕੌਂਸਲ ਪ੍ਰਧਾਨ ਅੰਜੂ ਚੰਦਰ ਨੇ ਕੀਤੀ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਪਿਛਲੀਆਂ ਮੀਟਿੰਗਾਂ ਅਤੇ ਵਿਕਾਸ ਦੇ ਕੰਮ ਨਾ ਹੋਣ ਤੇ ਕੌਂਸਲਰਾਂ ਵਲੋ ਹੰਗਾਮਾ ਕਰਦੇ ਹੋਏ ਮੀਟਿੰਗ ਹਾਲ ਵਿਚ ਹੀ ਕੁਰਸੀਆਂ ਤੋਂ ਥੱਲੇ ਬੈਠ ਕੇ ਰੋਸ ਧਰਨਾ ਲਗਾ ਦਿੱਤਾ, ਉਹ ਮੰਗ ਕਰ ਰਹੇ ਸਨ ਕਿ ਵਿਕਾਸ ਕਰਵਾਏ ਜਾਣ ਅਤੇ ਪਿਛਲੀਆਂ ਮੀਟਿੰਗਾਂ ਪਾਸ ਹੋਣ ਕਿਉਕਿ ਉਹ ਵੀ ਲੋਕਾਂ ਦੇ ਜਵਾਬ ਦੇਹ ਹਨ। ਮੀਟਿੰਗ ਦੇ ਰੋਲੇ ਰੱਪੇ ਵਿਚ ਨਗਰ ਕੌਂਸਲ ਖਰੜ ਦੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਵਲੋਂ ਹਲਕਾ ਵਿਧਾਇਕ ਅਨਮੋਲ ਗਗਨ ਮਾਨ ਦੀ ਮੋਬਾਇਲ ਫੋਨ ਤੇ ਹੀ ਕੌਂਸਲਰਾਂ ਨਾਲ ਮੀਟਿੰਗ ਵਿਚ ਗੱਲ ਕਰਵਾਈ ਤਾਂ ਹਲਕਾ ਵਿਧਾਇਕ ਨੇ ਕਿਹਾ ਕਿ ਸਾਰੀਆਂ ਪਿਛਲੀਆਂ ਮੀਟਿੰਗਾਂ ਪਾਸ ਹੋ ਰਹੀਆਂ ਹਨ, ਉਨ੍ਹਾਂ ਦੀ ਮੰਤਰੀ ਨਾਲ ਗੱਲਬਾਤ ਹੋ ਰਹੀ ਹੈ, ਜੇ ਕੋਈ ਮਸਲਾ ਹੈ, ਉਹ ਹੱਲ ਕਰੋ, ਲੜਨਾ ਕਿਊ ਹੈ, ਜਿਹੜਾ ਕੰਮ ਨਹੀ ਪਿਆ ਹੈ ਉਹ ਮੀਟਿੰਗ ਵਿਚ ਪੁਆ ਦਿਓ। ਕੱਲ ਹੀ ਉਨ੍ਹਾਂ ਵਲੋਂ ਕੌਂਸਲ ਪ੍ਰਧਾਨ ਨਾਲ ਵੀ ਗੱਲ ਕੀਤੀ ਤੇ ਕਿਹਾ ਕਿ ਜੇਕਰ ਕਿਸੇ ਵਾਰਡ ਦਾ ਕੰਮ ਪੈਣਾ ਹੈ ਤਾਂ ਉਹ ਮੀਟਿੰਗ ਵਿਚ ਪਾ ਲਿਓ ਅਤੇ ਕੌਂਸਲਰਾਂ ਨਾਲ ਵੀ ਪਹਿਲਾਂ ਮੀਟਿੰਗ ਕਰ ਲਿਓ, ਕੌਂਸਲਰਾਂ ਨੂੰ ਕਿਸੇ ਠੇਕੇਦਾਰ ਤੋਂ ਦਿੱਕਤ ਹੈ ਜਾਂ ਸ਼ਕਾਇਤ ਹੈ , ਤਾਂ ਈ.ਓ ਨੂੰ ਕਿਹਾ ਕਿ ਉਸਨੂੰ ਤੁਰੰਤ ਬਦਲੋ। ਉਨ੍ਹਾਂ ਪ੍ਰਧਾਨ ਨੂੰ ਵੀ ਕਿਹਾ ਕਿ ਉਹ 15 ਦਿਨਾਂ ਬਾਅਦ ਮੀਟਿੰਗ ਰੱਖਣ ਤਾਂ ਕਿ ਵਿਕਾਸ ਦੇ ਕੰਮ ਜਲਦੀ ਨਿਪਟਾਏ ਜਾ ਸਕਣ, ਉਨ੍ਹਾਂ ਕਿਹਾ ਕਿ ਸਟੇਡੀਅਮ ਸਮੇਤ ਹੋਰ ਕੰਮ



ਜਿਵੇ ਆਰਕੀਟੈਕਟ ਹਾਇਰ ਕਰਨਾ ਹੈ, ਉਹ ਤਾਂ ਪਾਸ ਕਰ ਲਓ ਜੇ ਮੀਟਿੰਗ ਡਿਲੇਅ ਕਰਨੀ ਹੈ ਤਾਂ ਕਰ ਲਓ, ਇੰਨਾ ਕਿਉ ਕੰਜ਼ਰ ਕਲੇਸ਼ ਕਿਊ ਕੀਤਾ ਹੈ, ਜਦੋਂ ਧਰਨੇ ਲਾਉਣੇ ਸੀ ਉਦੋਂ ਧਰਨੇ ਨਹੀ ਲਾਏ। ਮੈ ਮੀਟਿੰਗ ਵਿਚ ਕੀ ਆਉਣਾ ਜਦੋਂ ਤੁਹਾਡਾ ਕਲੇਸ਼ ਮੁੱਕੇਗਾ ਤਾਂ ਉਦੋਂ ਆ ਜਾਵਾਂਗੀ।

ਕਈ ਮੁੱਦਿਆਂ ਨੂੰ ਲੈ ਕੇ ਕੌਂਸਲਰ ਵਨੀਤ ਬਿੱਟੂ, ਮਨਪ੍ਰੀਤ ਸਿੰਘ ਸਮੇਤ ਹੋਰ ਕੌਂਸਲਰਾਂ ਦੀ ਕੌਂਸਲ ਦੇ ਈ.ਓ. ਨਾਲ ਵੀ ਕਈ ਵਾਰ ਬਹਿਸ ਹੋਈ। ਸਾਰੇ ਕੌਂਸਲਰ ਇਹ ਚਾਹੁੰਦੇ ਸਨ ਕਿ ਜੋ ਪਹਿਲੀਆਂ ਮੀਟਿੰਗਾਂ ਹਨ ਉਹ ਪਹਿਲਾਂ ਪਾਸ ਹੋਣ। ਈ.ਓ. ਨੇ ਕਿਹਾ ਕਿ ਜੋ ਪਹਿਲਾਂ ਮੀਟਿੰਗਾਂ ਤੇ ਇਤਰਾਜ਼ ਲੱਗੇ ਸਨ ਉਹ ਦੂਰ ਕਰਕੇ ਜਵਾਬ ਭੇਜ ਦਿੱਤਾ ਗਿਆ ਹੈ ਹੁਣ ਤੱਕ ਸਬੰਧਿਤ ਠੇਕੇਦਾਰਾਂ ਨੂੰ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਦੋ ਮਹੀਨੇ ਵਿਚ ਸਾਰੇ ਸ਼ਹਿਰ ਦੇ ਵਿਕਾਸ ਕੰਮ ਪੂਰੇ ਹੋ ਜਾਣਗੇ, ਐਵੇ ਹੀ ਕਿਸੇ ਤੇ ਇਲਜਾਮ ਨਾ ਲਗਾਏ ਜਾਣ। ਜਦੋਂ ਕੌਂਸਲਰ ਵਨੀਤ ਜੈਨ ਨੇ ਕੰਮਾਂ ਦੀ ਲਿਸਟ ਮੰਗੀ ਤਾਂ ਕਿਸੇ ਨੇ ਨਹੀਂ ਦਿਖਾਈ, ਕੌਂਸਲਰ ਗੋਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਪਹਿਲਾਂ ਪਹਿਲੀਆਂ ਮੀਟਿੰਗਾਂ ਦੇ ਏਜੰਡੇ ਪਾਸ ਹੋਣੇ ਚਾਹੀਦੇ ਹਨ ਅਸੀ ਵੀ ਲੋਕਾਂ ਨੂੰ ਜਵਾਬਦੇਹ ਹਨ ਤੇ ਅੱਜ ਦੀ ਮੀਟਿੰਗ ਮੁਲਤਵੀ ਕੀਤੀ ਜਾਵੇ। ਕੌਂਸਲਰ ਜਸਵੀਰ ਸਿੰਘ ਰਾਣਾ ਨੇ ਰੇਲਵੇ ਰੋਡ, ਰਜਵੰਤ ਕੌਰ ਨੇ ਕਮਿਊਨਿਟੀ ਸੈਂਟਰ ਝੁੰਗੀਆਂ ਨੂੰ ਜੋ ਸੜਕ ਬਣਾਈ ਉਸਦੀਆਂ ਫੋਟੋਆਂ ਦਿਖਾ ਕੇ ਪੁੱਛਿਆ ਕਿ ਦੱਸੋ ਅੱਗੇ ਕਿਵੇ ਬਣੀ। ਕੌਂਸਲਰ ਮਾਨ ਸਿੰਘ ਸੈਣੀ ਨੇ ਕਿਹਾ ਕਿ ਜਿਹੜੀਆਂ ਕਲੋਨੀਆਂ ਦੇ 90 ਫੀਸਦੀ ਕੰਮ ਪੂਰੇ ਹੋ ਚੁੱਕੇ ਹਨ ਉਨ੍ਹਾਂ ਦੇ ਕੰਮ ਹੋ ਸਕਦੇ ਹਨ।

ਸਿਰਫ ਕਲੋਨਾਈਜ਼ਰਾਂ ਨੂੰ ਫਾਇਦਾ ਦੇਣ ਲਈ ਕੰਮ ਹੋ ਰਹੇ ਹਨ। ਰਾਮ ਸਰੂਪ ਨੇ ਕਿਹਾ ਕਿ ਜਦੋ ਸੀ ਕਲੋਨੀਆਂ ਦੇ ਨਕਸੇ ਪਾਸ ਕਰਦੇ ਹਾਂ ਤਾਂ ਉਥੇ ਕੰਮ ਕਿਊ ਨਹੀ ਕਰ ਸਕਦੇ। ਕੌਂਸਲਰ ਗੁਰਜੀਤ ਸਿੰਘ ਨੇ ਕਿਹਾ ਕਿ ਖੂਨੀਮਾਜਰਾ ਸੜਕ ਕਾਰਨ ਲੋਕ ਤੰਗ ਪ੍ਰੇਸ਼ਾਨ ਹਨ ਅਤੇ ਵਾਰ ਵਾਰ ਕਹਿਣ ਦੇ ਬਾਵਜੂਦ ਵੀ ਕੰਮ ਨਹੀ ਹੋ ਰਿਹਾ। ਪਰਮਜੀਤ ਕੌਰ ਨੇ ਕਿਹਾ ਕਿ ਨਜਾਇਜ਼ ਉਸਾਰੀਆਂ ਸਬੰਧੀ ਸਿਕਾਇਤ ਕਰਨ ਤੇ ਵੀ ਕੰਮ ਨਹੀ ਰੁਕਿਆ ਬਲਕਿ ਉਸਾਰੀ ਜਾਰੀ ਹੈ। ਕਾਰਵਾਈ ਰਜਿਸਟਰ ਤੇ ਪਹਿਲਾਂ ਹੀ ਦਸਤਖਤ ਕਰਵਾਉਣ ਤੇ ਕੌਂਸਲਰਾਂ ਅਤੇ ਈ.ਓ. ਵਿਚ ਕਾਫੀ ਨੋਕ ਝੋਕ ਹੋਈ।

ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕਮਲ ਕਿਸ਼ੋਰ ਸਰਮਾ ਨੇ ਕਿਹਾ ਕਿ ਨਗਰ ਕੌਂਸਲ ਖਰੜ ਨਹੀ ਇਹ ਮੁਸ਼ਕਿਲ ਕੌਂਸਲ ਕਰੱਪਰਸ਼ਨ ਦਾ ਅੱਡਾ ਬਣ ਚੁੱਕਾ ਹੈ, ਇੱਥੇ ਪੈਸੇ ਦਿੱਤੇ ਵਗੈਰ ਕੋਈ ਕੰਮ ਨਹੀ ਹੁੰਦਾ। ਹੁਣ ਐਮ.ਪੀ., ਵਿਧਾਇਕ ਤੇ ਕੌਂਸਲ ਪ੍ਰਧਾਨ 'ਆਪ' ਪਾਰਟੀ ਦੇ ਹਨ ਤਾਂ ਵਿਕਾਸ ਕਿਊ ਨਹੀਂ ਹੋ ਰਹੇ। ਖਰੜ ਸਹਿਰ ਵਿਚ ਲੋਕਾਂ ਦੀ ਪਿੰਡਾਂ ਤੋਂ ਵੀ ਮਾੜੀ ਜਿੰਦਗੀ ਜੀ ਰਹੇ ਹਨ।

# ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਵਿੱਚ ਸੁਰਜਕੁੰਡ, ਫਰੀਦਾਬਾਦ ਵਿੱਚ ਹੋਈ ਉਤਰੀ ਖੇਤਰੀ ਕੌਂਸਲ ਦੀ 32ਵੀਂ ਮੀਟਿੰਗ

**ਚੰਡੀਗੜ੍ਹ, 21 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਮੰਤਰੀ ਅਤੇ ਉਤਰੀ ਖੇਤਰੀ ਪਰਿਸ਼ਦ ਚੇਅਰਮੈਨ ਸ੍ਰੀ ਅਮਿਤ ਸ਼ਾਹ ਦੀ ਅਗਵਾਈ ਵਿੱਚ ਸੋਮਵਾਰ ਨੂੰ ਫਰੀਦਾਬਾਦ ਦੇ ਸੁਰਜਕੁੰਡ ਵਿੱਚ ਉਤਰੀ ਖੇਤਰੀ ਕੌਂਸਲ ਦੀ 32ਵੀਂ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਅਤੇ ਉਤਰੀ ਖੇਤਰੀ ਕੌਂਸਲ ਦੇ ਵਾਇਸ-ਚੇਅਰਮੈਨ ਸ੍ਰੀ ਨਾਇਬ ਸਿੰਘ ਸੈਣੀ, ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ, ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਸੁਖਵਿੰਦਰ ਸੁਕਖੂ, ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਭਜਨ ਲਾਲ ਸ਼ਰਮਾ, ਦਿੱਲੀ ਦੇ ਉਪ-ਰਾਜਪਾਲ ਸ੍ਰੀ ਵਿਨੈ ਕੁਮਾਰ ਸਕਸੇਨਾ, ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ, ਜੰਮੂ ਅਤੇ ਕਸ਼ਮੀਰ ਦੇ ਉਪ ਰਾਜਪਾਲ ਸ੍ਰੀ ਮਨੋਜ ਸਿਨਹਾ, ਜੰਮੂ ਅਤੇ ਕਸ਼ਮੀਰ ਦੇ ਮੁੱਖ ਮੰਤਰੀ ਸ੍ਰੀ ਉਮਰ ਅਬਦੁਲਾ, ਲੱਦਾਖ ਦੇ ਉਪ ਰਾਜਪਾਲ ਸ੍ਰੀ ਕਵਿੰਦਰ ਗੁਪਤਾ,ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰਿਆ, ਹਰਿਆਣਾ ਦੇ ਮਾਲਿਆ ਮੰਤਰੀ ਸ੍ਰੀ ਵਿਪੁਲ ਗੋਇਲ, ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਸਮੇਤ ਸਬੰਧਿਤ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਉੱਚ ਅਧਿਕਾਰਿਆਂ ਨੇ ਹਿੱਸਾ ਲਿਆ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਵਿੱਚ ਪਹੁੰਚਣ @ਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਸਮੇਤ ਸਬੰਧਿਤ ਰਾਜਾਂ ਅਤੇ ਕੇਂਦਰ ਪ੍ਰਦੇਸ਼ਾਂ ਦੇ ਉਪ ਰਾਜਪਾਲ ਅਤੇ ਮੁੱਖ ਮੰਤਰਿਆਂ ਨੂੰ ਸ਼ਾਲ ਓਢਾ ਕੇ ਅਤੇ ਯਾਦਗਾਰੀ ਚਿੰਨ੍ਹ ਭੇਂਟ ਕਰ ਸੁਆਗਤ ਕੀਤਾ।



ਮੀਟਿੰਗ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦੇਸ਼ ਦੀ ਤਰੱਕੀ ਲਈ ਰਾਜਾਂ ਵਿੱਚਕਾਰ ਲਗਾਤਾਰ ਮਹਿਯੋਗ ਦੇ ਮਾਹੌਲ ਦਾ ਹੋਣਾ ਬਹੁਤਾ ਜਰੂਰੀ ਹੈ। ਆਪਣੇ ਸਰੋਤਾਂ ਨੂੰ ਇੱਕਠਾ ਕਰਕੇ, ਆਪਣੇ ਗਿਆਨ ਨੂੰ ਸਾਂਝਾ ਕਰਕੇ ਹੀ ਅਸੀ ਇੱਕ ਭਾਰਤ ਸ਼ਾਨਦਾਰ ਭਾਰਤ ਦੀ ਕਲਪਨਾ ਨੂੰ ਸਾਕਾਰ ਕਰ ਸਕਦੇ ਹਾਂ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਵਿਕਸਿਤ ਭਾਰਤ 2047 ਦੇ ਮਜਬੂਤ ਇਰਾਦੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਹਰਿਆਣਾ ਨੇ ਕਈ ਸਫਲ ਯਤਨ ਕੀਤੇ ਹਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਦੇ ਮਹੱਤਵਪੂਰਨ ਏਜੰਡਾਂ @ਤੇ ਚਰਚਾ ਦੌਰਾਨ ਕਿਹਾ ਕਿ ਸਾਰੇ ਰਾਜਾਂ ਦੇ ਪਾਣੀ ਹਿੱਸੇ ਨੂੰ ਸਬੰਧਿਤ ਰਾਜ ਤੱਕ ਪਹੁੰਚਾਉਣ ਦੀ ਸਮੁਚਿਤ ਵਿਵਸਥਾ ਹੋਣੀ ਚਾਹੀਦੀ ਹੈ। ਹਰਿਆਣਾ ਲਗਾਤਾਰ ਦਿੱਲੀ ਨੂੰ ਉਸ ਦੇ ਹਿੱਸੇ ਤੋਂ ਵੱਧ ਪਾਣੀ ਆਪਣੇ ਹਿੱਸੇ ਵਿੱਚੋਂ ਦਿੰਦਾ ਰਿਹਾ ਹੈ। ਜਦੋਂ ਕਿ ਐਸ.ਵਾਈ.ਐਲ. ਨਾਲ ਬਨਣ ਕਾਰਨ ਹਰਿਆਣਾ ਨੂੰ ਪੰਜਾਬ ਤੋਂ ਆਪਣੇ ਹਿੱਸੇ ਦਾ ਪੂਰਾ ਪਾਣੀ ਨਹੀਂ ਮਿਲ ਰਿਹਾ ਹੈ। ਜੇਕਰ ਐਸ.ਵਾਈ.ਐਲ. ਦੇ ਰਸਤੇ ਹਰਿਆਣਾ ਨੂੰ ਆਪਣੇ ਹਿੱਸੇ ਦਾ ਪੂਰਾ ਪਾਣੀ ਮਿਲਦਾ ਹੈ ਤਾਂ ਰਾਜਸਥਾਨ ਨੂੰ ਵੀ ਉਸ ਦੇ ਹਿੱਸੇ ਦਾ ਪੂਰਾ ਪਾਣੀ ਮਿਲ ਸਕੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ।

# ਨਿਤੀਸ਼ ਕੁਮਾਰ ਨੇ ਰਿਕਾਰਡ 10ਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਹਲ.ਫ ਲਿਆ

## 25 ਮੰਤਰੀਆਂ ਨੇ ਵੀ ਸਹੁੰ ਚੁੱਕੀ; ਹਲ.ਫਦਾਰੀ ਸਮਾਗਮ ਵਿਚ ਪ੍ਰਧਾਨ ਮੰਤਰੀ ਮੋਦੀ, ਕੇਂਦਰੀ ਮੰਤਰੀ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ, ਐਨਡੀਏ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀ ਵੀ ਮੌਜੂਦ

ਪਟਨਾ ਸਾਹਿਬ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਜੇਡੀਯੂ ਸੁਪਰੀਮੋ ਨਿਤੀਸ਼ ਕੁਮਾਰ ਨੇ ਵੀਰਵਾਰ ਨੂੰ ਪਟਨਾ ਦੇ ਇਤਿਹਾਸਕ ਗਾਂਧੀ ਮੈਦਾਨ ਵਿਚ ਰੱਖੇ ਹਲਫ਼ਦਾਰੀ ਸਮਾਗਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਜ਼ਰੀ ਵਿਚ ਰਿਕਾਰਡ 10ਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਹਲਫ਼ ਲਿਆ ਹੈ। ਰਾਜਪਾਲ ਆਰਿਫ਼ ਮੁਹੰਮਦ ਖਾਨ ਨੇ ਨਿਤੀਸ਼ ਸਣੇ ਉਨ੍ਹਾਂ ਦੀ 26 ਮੈਂਬਰੀ ਕੈਬਨਿਟ ਨੂੰ ਹਲਫ਼ ਦਿਵਾਇਆ।

ਸੀਨੀਅਰ ਭਾਜਪਾ ਆਗੂ ਸਮਰਾਟ ਚੌਧਰੀ, ਜਿਨ੍ਹਾਂ ਨੂੰ ਪਾਰਟੀ ਦਾ ਓਬੀਸੀ ਚਿਹਰਾ ਮੰਨਿਆ ਜਾਂਦਾ ਹੈ, ਨੇ ਮੰਤਰੀ ਵਜੋਂ ਸਹੁੰ ਚੁੱਕੀ। ਸਮਰਾਟ ਚੌਧਰੀ ਸਾਬਕਾ ਮੰਤਰੀ ਸ਼ਕੁਨੀ ਚੌਧਰੀ ਦੇ ਪੁੱਤਰ ਅਤੇ ਰਾਜ ਵਿੱਚ ਵਿਧਾਨ ਪ੍ਰੀਸ਼ਦ ਦੇ ਮੈਂਬਰ ਸਨ। ਉਹ ਬਿਹਾਰ ਦੀ ਪਿਛਲੀ ਐਨਡੀਏ ਸਰਕਾਰ ਵਿੱਚ ਉਪ ਮੁੱਖ ਮੰਤਰੀ ਵਜੋਂ ਸੇਵਾ ਨਿਭਾ ਚੁੱਕੇ ਹਨ। ਉਨ੍ਹਾਂ ਨੇ ਇਸ ਵਾਰ ਤਾਰਾਪੁਰ ਵਿਧਾਨ ਸਭਾ ਹਲਕੇ ਤੋਂ ਚੋਣ ਜਿੱਤੀ ਹੈ।

ਜਮੂਈ ਤੋਂ ਲਗਾਤਾਰ ਦੂਜੀ ਵਾਰ ਚੋਣ ਜਿੱਤਣ ਵਾਲੀ ਤੇ ਤਗ਼ਮਾ ਜੇਤੂ ਨਿਸ਼ਾਨੇਬਾਜ਼ ਸ਼੍ਰੇਅਸੀ ਸਿੰਘ ਨੂੰ ਵੀ ਕੈਬਨਿਟ ਵਿੱਚ ਦਾਖ਼ਲਾ ਮਿਲਿਆ ਹੈ। ਮੁਜ਼ੱਫਰਪੁਰ ਤੋਂ ਸਾਬਕਾ ਸੰਸਦ ਮੈਂਬਰ ਅਜੈ ਨਿਸ਼ਾਦ ਦੀ ਪਤਨੀ ਰਮਾ ਨਿਸ਼ਾਦ, ਜੋ ਚੋਣਾਂ ਦੇ ਦੌਰ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਸਨ ਅਤੇ ਔਰਾਈ ਤੋਂ ਚੁਣੇ ਗਏ ਸਨ, ਨੂੰ ਵੀ ਸੂਬਾਈ ਕੈਬਨਿਟ ਵਿੱਚ ਥਾਂ ਮਿਲੀ ਹੈ। ਜੇਡੀ(ਯੂ) ਤੋਂ ਨੌਵੀਂ ਵਾਰ ਵਿਧਾਇਕ ਰਹੇ ਬਿਜੇਂਦਰ ਪ੍ਰਸਾਦ ਯਾਦਵ ਨੂੰ ਰਾਜ ਕੈਬਨਿਟ ਵਿੱਚ ਵਾਪਸ ਲਿਆਂਦਾ ਗਿਆ ਹੈ।

ਕੇਂਦਰੀ ਮੰਤਰੀ ਚਿਰਾਗ ਪਾਸਵਾਨ ਦੀ ਪਾਰਟੀ ਐਲਜੇਪੀਆਰਵੀ ਅਤੇ ਰਾਜ ਸਭਾ ਮੈਂਬਰ ਉਪੇਂਦਰ ਕੁਸ਼ਵਾਹਾ ਦੀ ਆਰਐਲਐਮ ਤੋਂ ਕਿਸੇ ਵੀ ਵਿਧਾਇਕ ਨੂੰ ਕੈਬਨਿਟ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ। ਇਨ੍ਹਾਂ ਪਾਰਟੀਆਂ ਦੇ ਬਿਹਾਰ ਅਸੈਂਬਲੀ ਵਿਚ ਕ੍ਰਮਵਾਰ 19 ਅਤੇ ਚਾਰ ਵਿਧਾਇਕ ਹਨ।

ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਵਿੱਚ, ਭਾਜਪਾ ਕੋਲ 15 ਮੰਤਰੀ ਤੇ ਜੇਡੀ(ਯੂ) ਕੋਲ ਮੁੱਖ ਮੰਤਰੀ ਸਣੇ 12 ਮੰਤਰੀ ਸਨ। ਹਿੰਦੁਸਤਾਨੀ ਅਵਾਮ ਮੋਰਚਾ (ਧਰਮ ਨਿਰਪੱਖ) ਕੋਲ ਇੱਕ ਸੀ, ਅਤੇ ਇੱਕ ਮੰਤਰੀ ਜੋ ਇੱਕ ਆਜ਼ਾਦ ਉਮੀਦਵਾਰ ਸੀ। ਹਲਫ਼ਦਾਰੀ ਸਮਾਗਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ, ਐਨਡੀਏ ਦੇ ਹੋਰ ਸਿਖਰਲੇ ਆਗੂ ਅਤੇ ਐਨਡੀਏ ਸ਼ਾਸਿਤ ਰਾਜਾਂ ਦੇ ਕਈ ਮੁੱਖ ਮੰਤਰੀ ਵੀ ਮੌਜੂਦ ਸਨ। ਕੁਮਾਰ ਨੇ ਬੁੱਧਵਾਰ ਨੂੰ ਬਿਹਾਰ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਫਿਰ ਰਾਜਪਾਲ ਆਰਿਫ ਮੁਹੰਮਦ ਖਾਨ ਸਾਹਮਣੇ ਨਵੀਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ।

**ਪ੍ਰਸ਼ਾਂਤ ਕਿਸ਼ੋਰ ਨੇ ਇਕ ਦਿਨ ਦਾ ਮੌਨ ਵਰਤ ਰੱਖਿਆ**

ਰਣਨੀਤੀਕਾਰ ਤੋਂ ਸਿਆਸਤਦਾਨ ਬਣੇ ਪ੍ਰਸ਼ਾਂਤ ਕਿਸ਼ੋਰ ਨੇ ਵੀਰਵਾਰ ਨੂੰ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਜਨ ਸੂਰਾਜ ਪਾਰਟੀ ਦੀ ਕਰਾਰੀ ਹਾਰ ਤੋਂ ਬਾਅਦ ਇੱਕ ਦਿਨ ਦਾ ਮੌਨ ਵਰਤ ਰੱਖਿਆ। ਜਨ ਸੂਰਾਜ ਪਾਰਟੀ ਵੱਲੋਂ ਜਾਰੀ ਬਿਆਨ ਅਨੁਸਾਰ, ਕਿਸ਼ੋਰ ਪੱਛਮੀ ਚੰਪਾਰਨ ਜ਼ਿਲ੍ਹੇ ਵਿੱਚ ਮਹਾਤਮਾ ਗਾਂਧੀ ਦੁਆਰਾ ਲਗਭਗ ਇੱਕ ਸਦੀ ਪਹਿਲਾਂ ਸਥਾਪਿਤ ਭੀਟੀਹਰਵਾ ਆਸ਼ਰਮ ਪਹੁੰਚੇ ਅਤੇ ਮੌਨ ਵਰਤ ਰੱਖਿਆ। ਮਹਾਤਮਾ ਗਾਂਧੀ ਪ੍ਰਤੀ ਆਪਣੇ ਡੂੰਘੇ ਸਤਿਕਾਰ ਲਈ ਜਾਣੇ ਜਾਂਦੇ ਕਿਸ਼ੋਰ ਨੇ ਤਿੰਨ ਸਾਲ ਪਹਿਲਾਂ ਇੱਥੋਂ ਆਪਣੀ 3,500 ਕਿਲੋਮੀਟਰ ਦੀ ਪਦਯਾਤਰਾ ਸ਼ੁਰੂ ਕੀਤੀ ਸੀ, ਜੋ ਪਿਛਲੇ ਸਾਲ ਗਾਂਧੀ ਜਯੰਤੀ ਮੌਕੇ ਜਨ ਸੂਰਾਜ ਪਾਰਟੀ ਦੇ ਗਠਨ ਨਾਲ ਸਮਾਪਤ ਹੋਈ।

ਐਕਸ 'ਤੇ ਇੱਕ ਪੋਸਟ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਸਮਰਾਟ ਚੌਧਰੀ ਅਤੇ ਵਿਜੇ ਸਿਨਹਾ ਨੂੰ ਵੀ ਸੂਬੇ ਦੇ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ 'ਤੇ ਵਧਾਈ ਦਿੱਤੀ। ਪ੍ਰਧਾਨ ਮੰਤਰੀ ਨੇ ਕਿਹਾ, ਨਿਤੀਸ਼ ਕੁਮਾਰ ਨੂੰ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ 'ਤੇ ਬਹੁਤ-ਬਹੁਤ ਵਧਾਈਆਂ। ਉਹ ਇੱਕ ਕੁਸ਼ਲ ਅਤੇ ਤਜਰਬੇਕਾਰ ਪ੍ਰਸ਼ਾਸਕ ਹਨ। ਉਨ੍ਹਾਂ ਦਾ ਸੂਬੇ ਵਿੱਚ ਚੰਗੇ ਸ਼ਾਸਨ ਦਾ ਸ਼ਾਨਦਾਰ ਰਿਕਾਰਡ ਹੈ। ਉਨ੍ਹਾਂ ਦੇ ਨਵੇਂ ਕਾਰਜਕਾਲ ਲਈ ਉਨ੍ਹਾਂ ਨੂੰ ਦਿਲੋਂ ਸ਼ੁਭਕਾਮਨਾਵਾਂ।

# ਰਾਜਪਾਲ ਅਤੇ ਰਾਸ਼ਟਰਪਤੀ ਵੱਲੋਂ ਬਿੱਲਾਂ ਨੂੰ ਮਨਜ਼ੂਰੀ ਦੇਣ ਲਈ ਕੋਈ ਸਮਾਂ ਹੱਦ ਨਿਰਧਾਰਿਤ ਨਹੀਂ ਕੀਤੀ ਜਾ ਸਕਦੀ: ਸੁਪਰੀਮ ਕੋਰਟ

ਨਵੀਂ ਦਿੱਲੀ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਸਾਫ਼ ਕਰ ਦਿੱਤਾ ਕਿ ਰਾਜਪਾਲਾਂ ਕੋਲ ਸੂਬਾਈ ਅਸੈਂਬਲੀਆਂ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਬੇਵਜ੍ਹਾ ਰੋਕ ਕੇ ਰੱਖਣ ਦਾ ਕੋਈ ਅਧਿਕਾਰ ਨਹੀਂ ਹੈ। ਬੈਂਚ ਨੇ ਰਾਸ਼ਟਰਪਤੀ ਦੇ ਹਵਾਲੇ ਨਾਲ ਰਾਜਪਾਲਾਂ ਅਤੇ ਰਾਸ਼ਟਰਪਤੀ ਲਈ ਬਿੱਲਾਂ 'ਤੇ ਕਾਰਵਾਈ ਕਰਨ ਲਈ ਸਮਾਂ-ਸੀਮਾ ਨਿਰਧਾਰਿਤ ਕਰਨ ਸਬੰਧੀ ਕੇਸ ਉੱਤੇ 11 ਸਤੰਬਰ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ।

ਸੰਵਿਧਾਨਕ ਬੈਂਚ ਨੇ ਹਾਲਾਂਕਿ ਇਹ ਗੱਲ ਵੀ ਸਪਸ਼ਟ ਕਰ ਦਿੱਤੀ ਕਿ ਰਾਜਪਾਲ ਅਤੇ ਰਾਸ਼ਟਰਪਤੀ ਵੱਲੋਂ ਕ੍ਰਮਵਾਰ ਧਾਰਾ 200 ਅਤੇ 201 ਤਹਿਤ ਬਿੱਲਾਂ ਨੂੰ ਸਹਿਮਤੀ ਦੇਣ ਲਈ ਸਮਾਂ ਹੱਦ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਭਾਰਤ ਦੇ ਚੀਫ਼ ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਇਕਮਤ ਨਾਲ ਲਏ ਫੈਸਲੇ ਵਿੱਚ ਕਿਹਾ ਕਿ 'ਮੰਨੀ ਗਈ ਸਹਿਮਤੀ' ਦੀ ਧਾਰਨਾ ਸੰਵਿਧਾਨ ਦੀ ਭਾਵਨਾ ਅਤੇ ਸ਼ਕਤੀਆਂ ਦੇ ਵੱਖ ਹੋਣ ਦੇ ਸਿਧਾਂਤ ਦੇ ਵਿਰੁੱਧ ਹੈ।

ਸੁਪਰੀਮ ਕੋਰਟ ਨੇ ਕਿਹਾ, "ਸਾਨੂੰ ਨਹੀਂ ਲੱਗਦਾ ਕਿ ਰਾਜਪਾਲਾਂ ਕੋਲ ਸੂਬਾਈ ਅਸੈਂਬਲੀਆਂ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਬੇਵਜ੍ਹਾ ਰੋਕ ਕੇ ਰੱਖਣ ਦੀ ਕੋਈ ਅਸਧਾਰਨ ਸ਼ਕਤੀ ਹੈ।" ਕੋਰਟ ਨੇ ਕਿਹਾ ਕਿ ਰਾਜਪਾਲਾਂ ਕੋਲ ਤਿੰਨ ਬਦਲ ਹਨ...ਉਹ ਬਿੱਲ ਨੂੰ ਪ੍ਰਵਾਨਗੀ ਦੇਣ ਜਾਂ ਫਿਰ ਮੁੜ ਵਿਚਾਰ ਲਈ ਭੇਜਣ ਜਾਂ ਫਿਰ ਅੱਗੇ ਰਾਸ਼ਟਰਪਤੀ ਨੂੰ ਭੇਜਣ। ਕੋਰਟ ਨੇ ਕਿਹਾ, "ਸਾਡੇ ਵਰਗੇ ਜਮਹੂਰੀ ਮੁਲਕ ਵਿੱਚ, ਰਾਜਪਾਲਾਂ ਲਈ ਸਮਾਂ-ਸੀਮਾਵਾਂ ਨਿਰਧਾਰਤ ਕਰਨਾ ਸੰਵਿਧਾਨ ਤਹਿਤ ਮਿਲੀ ਥੋੜ੍ਹੀ ਬਹੁਤ ਖੁੱਲ੍ਹ/ਲਚਕ ਦੇ ਵਿਰੁੱਧ ਹੈ।" ਸੁਪਰੀਮ ਕੋਰਟ ਸੂਬਾਈ ਅਸੈਂਬਲੀਆਂ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਮਨਜ਼ੂਰੀ ਦੇਣ ਲਈ ਰਾਜਪਾਲਾਂ ਅਤੇ ਰਾਸ਼ਟਰਪਤੀ ਵਾਸਤੇ ਸਮਾਂ ਸੀਮਾ ਨਿਰਧਾਰਿਤ ਕਰਨ ਵਾਲੇ ਆਪਣੇ ਹਾਲੀਆ ਫੈਸਲੇ ਬਾਰੇ ਰਾਸ਼ਟਰਪਤੀ ਦੇ ਹਵਾਲੇ 'ਤੇ ਫੈਸਲਾ ਸੁਣਾ ਰਹੀ ਹੈ।

# ਹਰਮੀਤ ਸਿੰਘ ਸੰਧੂ ਨੇ ਵਿਧਾਇਕ ਵਜੋਂ ਹਲ.ਫ ਲਿਆ, ਤਰਨ ਤਾਰਨ ਦੇ ਵਿਕਾਸ ਦਾ ਦਿੱਤਾ ਭਰੋਸਾ

## ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਹੁੰ ਚੁਕਾਈ

ਚੰਡੀਗੜ੍ਹ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਤਰਨ ਤਾਰਨ ਹਲਕੇ ਦੀ ਜ਼ਿਮਨੀ ਚੋਣ ਜਿੱਤਣ ਵਾਲੇ ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਵਿਧਾਇਕ ਵਜੋਂ ਹਲਫ਼ ਲਿਆ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੰਧੂ ਨੂੰ ਅਹੁਦੇ ਦਾ ਹਲਫ਼ ਦਿਵਾਇਆ। ਸਾਬਕਾ ਅਕਾਲੀ ਵਿਧਾਇਕ ਹਰਮੀਤ ਸਿੰਘ ਸੰਧੂ ਇਸ ਸਾਲ ਦੇ ਸ਼ੁਰੂ ਵਿਚ ਸ਼੍ਰੋਮਣੀ ਅਕਾਲੀ ਦਲ 'ਚੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ।

ਸੰਧੂ ਇਸ ਤੋਂ ਪਹਿਲਾਂ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ। ਪਹਿਲੀ ਵਾਰ 2002-07 ਵਿਚ ਆਜ਼ਾਦ ਉਮੀਦਵਾਰ ਵਜੋਂ ਜਿੱਤੇ ਸਨ ਜਦੋਂਕਿ 2007-12 ਤੇ 2012-17 ਵਿਚ ਪੰਜਾਬ ਵਿਧਾਨ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਨੁਮਾਇੰਦਗੀ ਕੀਤੀ। 'ਆਪ' ਦੇ ਮੌਜੂਦਾ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ ਕਰਕੇ ਤਰਨ ਤਾਰਨ ਹਲਕੇ ਦੀ ਜ਼ਿਮਨੀ ਚੋਣ ਕਰਵਾਉਣ ਦੀ ਲੋੜ ਪਈ ਸੀ।

ਸੰਧੂ ਨੇ 14 ਨਵੰਬਰ ਨੂੰ ਐਲਾਨੇ ਨਤੀਜਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਾਰ ਸੁਖਵਿੰਦਰ ਕੌਰ ਰੰਧਾਵਾ ਨੂੰ 12 ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਸਹੁੰ ਚੁੱਕਣ ਤੋਂ ਪਹਿਲਾਂ ਸੰਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਤਰਨ ਤਾਰਨ ਦੇ ਲੋਕਾਂ ਨਾਲ ਕੀਤੇ ਗਏ ਸਾਰੇ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਸਹੁੰ ਚੁੱਕਣ ਮਗਰੋਂ ਬੋਲਦਿਆਂ ਸੰਧੂ ਨੇ ਵੋਟਰਾਂ ਦਾ ਉਨ੍ਹਾਂ 'ਤੇ ਵਿਸ਼ਵਾਸ ਜਤਾਉਣ ਲਈ ਧੰਨਵਾਦ ਕੀਤਾ। ਸਪੀਕਰ ਸੰਧਵਾਂ ਨੇ ਕਿਹਾ ਕਿ ਵਿਧਾਨ ਸਭਾ ਨੂੰ ਸੰਧੂ ਦੇ ਅਮੀਰ ਤਜਰਬੇ ਦਾ ਲਾਭ ਮਿਲੇਗਾ।

# ਹੋਰ ਵਧੇਗੀ ਭਾਰਤੀ .ਫੌਜ ਦੀ ਤਾਕਤ ! ਅਮਰੀਕਾ ਨਾਲ ਹੋਈ 750 ਕਰੋੜ ਦੀ ਡੀਲ

ਨਵੀਂ ਦਿੱਲੀ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਮਰੀਕਾ ਨੇ ਭਾਰਤ ਦੀ ਤਾਕਤ ਨੂੰ ਹੋਰ ਵਧਾਉਣ ਅਤੇ ਦੁਵੱਲੀ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਵੱਡੇ ਰੱਖਿਆ ਸੌਦੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਭਾਰਤ ਨੂੰ ਐਕਸਕੈਲੀਬਰ ਪ੍ਰਿਸਿਜ਼ਨ-ਗਾਈਡਡ ਪ੍ਰੋਜੈਕਟਾਈਲ ਅਤੇ ਐੱਫ.ਜੀ.ਐੱਮ.-148 ਜੈਵਲਿਨ ਐਂਟੀ-ਟੈਂਕ ਮਿਜ਼ਾਈਲ ਸਿਸਟਮ ਸਮੇਤ ਵੱਖ-ਵੱਖ ਸਹਾਇਕ ਉਪਕਰਨਾਂ ਦੀ ਡੀਲ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਇਸ ਰੱਖਿਆ ਪੈਕੇਜ ਦੀ ਕੁੱਲ ਕੀਮਤ 90 ਮਿਲੀਅਨ ਡਾਲਰ (ਲਗਭਗ 750 ਕਰੋੜ ਰੁਪਏ) ਦੱਸੀ ਜਾ ਰਹੀ ਹੈ। ਡਿਫੈਂਸ ਸਕਿਓਰਿਟੀ ਕੋਆਪਰੇਸ਼ਨ ਏਜੰਸੀ ਨੇ ਅਮਰੀਕੀ ਕਾਂਗਰਸ ਨੂੰ ਦੱਸਿਆ ਕਿ ਵਿਦੇਸ਼ ਮੰਤਰਾਲੇ ਨੇ ਦੋ ਵੱਖ-ਵੱਖ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਹੈ। ਇਸ 'ਚ ਲਗਭਗ 47.1 ਮਿਲੀਅਨ ਡਾਲਰ ਦੇ 216 $98211 ਐਕਸਕੈਲੀਬਰ ਪ੍ਰੋਜੈਕਟਾਈਲ ਅਤੇ ਸੰਬੰਧਿਤ ਉਪਕਰਨ ਤੇ ਲਗਭਗ 45.7 ਮਿਲੀਅਨ ਡਾਲਰ ਦੀਆਂ 100 ਜੈਵਲਿਨ ਮਿਜ਼ਾਈਲਾਂ, 25 ਕਮਾਂਡ-ਲਾਂਚ ਯੂਨਿਟਾਂ, ਸਿਖਲਾਈ ਸਹਾਇਤਾ, ਸਿਮੂਲੇਸ਼ਨ ਰਾਊਂਡ, ਸਪੇਅਰ ਪਾਰਟਸ ਅਤੇ ਲਾਈਫਸਾਈਕਲ ਸਪੋਰਟ ਸ਼ਾਮਲ ਹਨ। ਇਸ ਵਿੱਚ ਤਕਨੀਕੀ ਸਹਾਇਤਾ, 'ਪੋਰਟੇਬਲ ਇਲੈਕਟ੍ਰਾਨਿਕ ਫਾਇਰ ਕੰਟਰੋਲ ਸਿਸਟਮ', ਇੰਪਰੂਵਡ ਪਲੇਟਫਾਰਮ ਇੰਟੀਗ੍ਰੇਸ਼ਨ ਕਿਟ, ਮੁਰੰਮਤ ਸੇਵਾਵਾਂ ਅਤੇ ਲੌਜਿਸਟਿਕ ਸਪੋਰਟ ਵੀ ਸ਼ਾਮਲ ਹੈ। DSCA ਨੇ ਕਿਹਾ ਕਿ ਇਹ ਡੀਲ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਉਦੇਸ਼ਾਂ ਨੂੰ ਅੱਗੇ ਵਧਾਉਂਦੀ ਹੈ। ਏਜੰਸੀ ਨੇ ਭਾਰਤ ਨੂੰ ਹਿੰਦ-ਪ੍ਰਸ਼ਾਂਤ ਅਤੇ ਦੱਖਣ ਏਸ਼ੀਆ ਵਿੱਚ ਸਥਿਰਤਾ, ਸ਼ਾਂਤੀ ਅਤੇ ਆਰਥਿਕ ਪ੍ਰਗਤੀ ਦੀ ਮਹੱਤਵਪੂਰਨ ਸ਼ਕਤੀ ਦੱਸਿਆ ਹੈ। ਅਮਰੀਕਾ ਦੇ ਅਨੁਸਾਰ ਇਹ ਹਥਿਆਰ ਭਾਰਤ ਦੀ ਸਟੀਕ ਹਮਲੇ ਦੀ ਸਮਰੱਥਾ ਵਧਾਉਣਗੇ ਅਤੇ ਇਸ ਨੂੰ ਵਰਤਮਾਨ ਅਤੇ ਭਵਿੱਖ ਦੇ ਖਤਰਿਆਂ ਨਾਲ ਨਜਿੱਠਣ ਵਿੱਚ ਹੋਰ ਸਮਰੱਥ ਬਣਾਉਣਗੇ।

# ਮਕਬੂਜ਼ਾ ਕਸ਼ਮੀਰ ਦੇ ਸਾਬਕਾ ਪ੍ਰਧਾਨ ਮੰਤਰੀ ਅਨਵਰਉੱਲ ਹੱਕ ਵੱਲੋਂ ਹਮਲੇ ਵਿੱਚ ਸਰਹੱਦ ਪਾਰੋਂ ਹੱਥ ਹੋਣ ਦਾ ਸੰਕੇਤ

ਨਵੀਂ ਦਿੱਲੀ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਕਬੂਜ਼ਾ ਕਸ਼ਮੀਰ ਦੇ ਸਾਬਕਾ ਪ੍ਰਧਾਨ ਮੰਤਰੀ ਅਨਵਰਉਲ ਹੱਕ ਦਾ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੈ, ਜਿਸ ਵਿਚ ਉਸ ਨੂੰ ਕੈਮਰੇ 'ਤੇ 'ਲਾਲ ਕਿਲ੍ਹੇ ਤੋਂ ਕਸ਼ਮੀਰ ਦੇ ਜੰਗਲਾਂ ਤੱਕ' ਭਾਰਤ ਉੱਤੇ ਹਮਲਾ ਕਰਨ ਬਾਰੇ 'ਸ਼ੇਖੀ ਮਾਰਦਿਆਂ' ਦੇਖਿਆ ਜਾ ਸਕਦਾ ਹੈ।

ਤੇਜ਼ੀ ਨਾਲ ਵਾਇਰਲ ਹੋ ਰਹੀ ਬਿਨਾਂ ਤਰੀਕ ਵਾਲੀ ਇਸ ਵੀਡੀਓ ਵਿਚ ਹੱਕ ਕਹਿੰਦਾ ਹੈ, "ਮੈਂ ਪਹਿਲਾਂ ਕਿਹਾ ਸੀ ਕਿ ਜੇਕਰ ਤੁਸੀਂ ਬਲੋਚਿਸਤਾਨ ਨੂੰ ਖੂਨ ਨਾਲ ਰੰਗਦੇ ਰਹੋਗੇ, ਤਾਂ ਅਸੀਂ ਲਾਲ ਕਿਲ੍ਹੇ ਤੋਂ ਕਸ਼ਮੀਰ ਦੇ ਜੰਗਲਾਂ ਤੱਕ ਭਾਰਤ 'ਤੇ ਹਮਲਾ ਕਰਾਂਗੇ। ਅੱਲ੍ਹਾ ਦੀ ਮਿਹਰ ਨਾਲ, ਅਸੀਂ ਇਹ ਕਰ ਲਿਆ ਹੈ, ਅਤੇ ਉਹ ਅਜੇ ਵੀ ਸਾਰੀਆਂ ਲਾਸ਼ਾਂ ਦੀ ਗਿਣਤੀ ਨਹੀਂ ਕਰ ਸਕੇ ਹਨ।"

ਆਨਲਾਈਨ ਯੂਜ਼ਰਜ਼ ਨੇ ਹੱਕ ਦੇ ਇਸ ਬਿਆਨ ਨੂੰ 10 ਨਵੰਬਰ ਨੂੰ ਲਾਲ ਕਿਲ੍ਹੇ ਨੇੜੇ ਹੋਏ ਕਾਰ ਧਮਾਕੇ ਨਾਲ ਜੋੜਿਆ ਹੈ। ਇਸ ਕਲਿੱਪ ਨੇ ਸੁਰੱਖਿਆ ਹਲਕਿਆਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ।

ਟ੍ਰਿਬਿਊਨ ਆਪਣੇ ਪੱਧਰ 'ਤੇ ਵੀਡੀਓ ਦੀ ਪ੍ਰਮਾਣਿਕਤਾ ਜਾਂ ਤਰੀਕ ਦੀ ਪੁਸ਼ਟੀ ਨਹੀਂ ਕਰ ਸਕਿਆ। ਹਾਲਾਂਕਿ, ਲਾਲ ਕਿਲ੍ਹੇ ਦਾ ਸਪੱਸ਼ਟ ਹਵਾਲਾ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਇਹ ਵੀਡੀਓ ਲਾਲ ਕਿਲ੍ਹੇ ਨੇੜੇ ਕਾਰ ਧਮਾਕੇ ਤੋਂ ਕਰੀਬ ਇਕ ਹਫ਼ਤੇ ਬਾਅਦ ਸਾਹਮਣੇ ਆਇਆ ਹੈ। ਕਾਰ ਧਮਾਕੇ ਵਿਚ 15 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ ਜਦੋਂਕਿ ਦਰਜਨਾਂ ਲੋਕ ਜ਼ਖਮੀ ਹੋ ਗਏ ਸਨ।

ਇਸ ਮਾਮਲੇ ਦੀ ਜਾਂਚ ਕਰ ਰਹੀ ਕੌਮੀ ਜਾਂਚ ਏਜੰਸੀ (ਐਨਆਈਏ) ਨੇ ਵਿਸਫੋਟਕਾਂ ਨਾਲ ਭਰੀ ਕਾਰ ਦੇ ਮ੍ਰਿਤਕ ਡਰਾਈਵਰ ਦੀ ਪਛਾਣ ਪੁਲਵਾਮਾ ਦੇ ਉਮਰ ਉਨ ਨਬੀ ਵਜੋਂ ਕੀਤੀ ਹੈ, ਜੋ ਫਰੀਦਾਬਾਦ ਦੀ ਅਲ ਫਲਾਹ ਯੂਨੀਵਰਸਿਟੀ ਵਿੱਚ ਸਹਾਇਕ ਪ੍ਰੋਫੈਸਰ ਸੀ। ਤਫ਼ਤੀਸ਼ਕਾਰਾਂ ਦਾ ਕਹਿਣਾ ਹੈ ਕਿ ਉਹ ਇੱਕ ਆਤਮਘਾਤੀ ਹਮਲਾਵਰ ਬਣ ਗਿਆ ਸੀ। ਐਨਆਈਏ ਹਮਲੇ ਦੇ ਪਿਛਲੀ ਵਡੇਰੀ ਸਾਜ਼ਿਸ਼ ਨੂੰ ਬੇਨਕਾਬ ਕਰਨ ਲਈ ਕਈ ਸੁਰਾਗਾਂ ਦੀ ਭਾਲ ਕਰ ਰਹੀ ਹੈ।

ਏਜੰਸੀ ਨੇ ਜਾਂਚ ਦੇ ਹਿੱਸੇ ਵਜੋਂ ਹੁਣ ਤੱਕ 70 ਤੋਂ ਵੱਧ ਗਵਾਹਾਂ ਤੋਂ ਪੁੱਛਗਿੱਛ ਕੀਤੀ ਹੈ। ਏਜੰਸੀ ਅਤਿਵਾਦੀ ਘਟਨਾ ਦੀ ਸਾਜ਼ਿਸ਼ ਰਚਣ ਵਿੱਚ ਕਥਿਤ ਤੌਰ 'ਤੇ ਸ਼ਾਮਲ 'ਵ੍ਹਾਈਟ ਕਾਲਰ' ਮੌਡਿਊਲ ਦੇ ਗ੍ਰਿਫਤਾਰ ਮੈਂਬਰਾਂ ਦੀਆਂ ਡਿਜੀਟਲ ਪੈੜਾਂ ਨੱਪਣ ਦੀ ਵੀ ਕੋਸ਼ਿਸ਼ ਕਰ ਰਹੀ ਹੈ।

ਸੂਤਰਾਂ ਨੇ ਕਿਹਾ ਕਿ ਹਾਲਾਂਕਿ ਪਾਕਿਸਤਾਨ ਸਥਿਤ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਹੈਂਡਲਰਾਂ ਦੇ ਕਥਿਤ ਤੌਰ 'ਤੇ ਸਾਜ਼ਿਸ਼ਘਾੜਿਆਂ ਦੇ ਪਿੱਛੇ ਹੋਣ ਦੇ ਸੰਕੇਤ ਮਿਲੇ ਹਨ, ਪਰ ਤਫ਼ਤੀਸ਼ਕਾਰਾਂ ਨੂੰ ਅਜੇ ਤੱਕ ਮੌਡਿਊਲ ਮੈਂਬਰਾਂ ਅਤੇ ਉਨ੍ਹਾਂ ਦੇ ਦੱਸੇ ਗਏ ਹੈਂਡਲਰਾਂ ਵਿਚਕਾਰ ਕੋਈ ਸਿੱਧਾ ਡਿਜੀਟਲ ਸਬੂਤ ਨਹੀਂ ਮਿਲਿਆ ਹੈ, ਭਾਵੇਂ ਕਿ ਘਟਨਾ ਤੋਂ ਬਾਅਦ ਗ੍ਰਿਫਤਾਰੀਆਂ ਵਿੱਚ ਵਾਧਾ ਹੋਇਆ ਹੈ।

# ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲਾਲ ਕਿਲ੍ਹਾ ਮੈਦਾਨ ਵਿੱਚ ਵਿਸ਼ਾਲ ਸਮਾਗਮ, ਕਾਲਕਾ ਵੱਲੋਂ ਤਿਆਰੀਆਂ ਦਾ ਵਿਸ਼ੇਸ਼ ਜਾਇਜ਼ਾ



ਨਵੀਂ ਦਿੱਲੀ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਅੱਜ ਦਸਿਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਨਾਲ ਸ਼ਹੀਦ ਹੋਏ ਮਹਾਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਪਵਿੱਤਰ ਅਤੇ ਇਤਿਹਾਸਕ ਸਮਰਪਣ ਲਈ 20 ਤੋਂ 25 ਨਵੰਬਰ 2025 ਤੱਕ ਲਾਲ ਕਿਲ੍ਹਾ ਮੈਦਾਨ ਵਿੱਚ ਵਿਸ਼ਾਲ ਪੱਧਰ 'ਤੇ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਇਨ੍ਹਾਂ ਵਿਸ਼ਾਲ ਸਮਾਗਮਾਂ ਦੀਆਂ ਤਿਆਰੀਆਂ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸਥਾਰਪੂਰਵਕ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਪ੍ਰਬੰਧਨ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।

ਸਰਦਾਰ ਕਾਲਕਾ ਨੇ ਦੱਸਿਆ ਕਿ ਸੰਗਤਾਂ ਦੀ ਰਾਹਤ, ਆਰਾਮ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਲਾਲ ਕਿਲ੍ਹਾ ਮੈਦਾਨ ਵਿੱਚ ਸਹੂਲਤਾਂ, ਸੁਚਾਰੂ ਅਤੇ ਵਿਸ਼ਾਲ ਪ੍ਰਬੰਧ ਕੀਤੇ ਜਾ ਰਹੇ ਹਨ। ਸੰਗਤਾਂ ਲਈ ਬੈਠਕ ਦੀ ਵਿਵਸਥਾ, ਜਲ ਪਾਨ, ਸਹੂਲਤ ਕੇਂਦਰ, ਸਿਹਤ ਸਹੂਲਤਾਂ ਅਤੇ ਟ੍ਰੈਫਿਕ ਪ੍ਰਬੰਧਨ 'ਤੇ ਖ਼ਾਸ ਧਿਆਨ ਦਿੱਤਾ ਗਿਆ ਹੈ, ਤਾਂ ਜੋ ਸੰਗਤ ਪੂਰਨ ਸ਼ਾਂਤੀ ਤੇ ਆਸਾਨੀ ਨਾਲ ਸਮਾਗਮਾਂ ਵਿੱਚ ਹਿੱਸਾ ਲੈ ਸਕੇ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ — ਜੋ ਕਿ ਹਿੰਦ ਦੀ ਚਾਦਰ ਦੇ ਨਾਂਅ ਨਾਲ ਸੰਸਾਰ ਭਰ ਵਿੱਚ ਆਦਰ ਦੇ ਪਾਤਰ ਹਨ — ਨੇ ਧਰਮ ਦੀ ਰੱਖਿਆ ਲਈ ਆਪਣਾ ਕੀਮਤੀ ਸਿਰ ਵਾਰ ਦਿੱਤਾ। ਉਹਨਾਂ ਦੀ ਬੇਮਿਸਾਲ ਸ਼ਹੀਦੀ ਅਤੇ ਆਤਮਕ ਰੋਸ਼ਨੀ ਨੂੰ ਸਰੋਪਾਓ ਭੇਟ ਕਰਦੇ ਹੋਏ ਯਾਦ ਕਰਨ ਲਈ ਸਾਰੀ ਸੰਗਤ ਨੂੰ ਨਿਮਰ ਬੇਨਤੀ ਹੈ ਕਿ ਆਪਣੇ ਪਰਿਵਾਰਾਂ ਸਮੇਤ ਲਾਲ ਕਿਲ੍ਹਾ ਮੈਦਾਨ ਪਹੁੰਚ ਕੇ ਆਪਣਾ ਸਤਿਕਾਰਪੂਰਨ ਹਾਜ਼ਰੀ ਦਾ ਨਿਵਾਜ਼ਾ ਪਾਉਣ।

ਉਨ੍ਹਾਂ ਕਿਹਾ ਕਿ ਫ਼ਰਜ਼, ਸੇਵਾ ਅਤੇ ਸਮਰਪਣ ਦੇ ਇਹ ਸਮਾਗਮ ਸਾਡੀ ਸਾਂਝੀ ਧਾਰਮਿਕ ਵਿਰਾਸਤ ਅਤੇ ਅਟੱਲ ਸਿਖੀ ਸਿਧਾਂਤਾਂ ਦਾ ਦਰਸ਼ਨ ਹਨ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਯਤਨ ਹੈ ਕਿ ਇਸ ਪਵਿੱਤਰ ਅਵਸਰ 'ਤੇ ਆਉਣ ਵਾਲੀ ਹਰ ਸੰਗਤ ਨੂੰ ਰੂਹਾਨੀ ਤਰੰਗ, ਪ੍ਰੇਰਣਾਦਾਇਕ ਵਾਤਾਵਰਣ ਅਤੇ ਸੁਰੱਖਿਅਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।

# ਬੁੱਧੀਜੀਵੀ ਅਤਿਵਾਦੀ ਗਰਾਊਂਡ 'ਤੇ ਕੰਮ ਕਰਨ ਵਾਲਿਆਂ ਨਾਲੋਂ ਵੱਧ .ਖਤਰਨਾਕ: ਦਿੱਲੀ ਪੁਲੀਸ

ਨਵੀਂ ਦਿੱਲੀ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਪੁਲੀਸ ਨੇ ਸੁਪਰੀਮ ਕੋਰਟ ਵਿੱਚ ਫਰਵਰੀ 2020 ਦੇ ਦੰਗਿਆਂ ਦੇ ਮਾਮਲੇ ਵਿੱਚ ਕਾਰਕੁਨਾਂ ਉਮਰ ਖਾਲਿਦ, ਸ਼ਰਜੀਲ ਇਮਾਮ ਅਤੇ ਹੋਰਾਂ ਦੀਆਂ ਜ਼ਮਾਨਤ ਅਰਜ਼ੀਆਂ ਦਾ ਜ਼ੋਰਦਾਰ ਵਿਰੋਧ ਕਰਦਿਆਂ ਕਿਹਾ ਜਦੋਂ ਬੁੱਧੀਜੀਵੀ ਅਤਿਵਾਦੀ ਬਣ ਜਾਂਦੇ ਹਨ, ਤਾਂ ਉਹ ਜ਼ਮੀਨ 'ਤੇ ਕੰਮ ਕਰਨ ਵਾਲਿਆਂ ਨਾਲੋਂ ਜ਼ਿਆਦਾ ਖ਼ਤਰਨਾਕ ਹੋ ਜਾਂਦੇ ਹਨ। ਪੁਲੀਸ ਨੇ ਕਿਹਾ ਕਿ ਹੁਣ ਡਾਕਟਰਾਂ ਅਤੇ ਇੰਜੀਨੀਅਰਾਂ ਦਾ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਇੱਕ ਰੁਝਾਨ ਬਣ ਗਿਆ ਹੈ। ਦਿੱਲੀ ਪੁਲਿਸ ਵੱਲੋਂ ਪੇਸ਼ ਹੋਏ ਐਡੀਸ਼ਨਲ ਸੌਲੀਸਿਟਰ ਜਨਰਲ ਐੱਸ ਵੀ ਰਾਜੂ ਨੇ ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਐੱਨ.ਵੀ. ਅੰਜਾਰੀਆ ਦੇ ਬੈਂਚ ਨੂੰ ਦੱਸਿਆ ਕਿ ਮੁਕੱਦਮੇ ਵਿੱਚ ਦੇਰੀ ਦਾ ਕਾਰਨ ਮੁਲਜ਼ਮ ਹਨ ਹੈ ਅਤੇ ਉਹ ਇਸਦਾ ਫਾਇਦਾ ਨਹੀਂ ਉਠਾ ਸਕਦੇ।

ਰਾਜੂ ਨੇ ਸੁਪਰੀਮ ਕੋਰਟ ਵਿੱਚ ਨਾਗਰਿਕਤਾ ਸੋਧ ਐਕਟ (311) ਵਿਰੁੱਧ ਇਮਾਮ ਵੱਲੋਂ ਦਿੱਤੇ ਗਏ ਭੜਕਾਊ ਭਾਸ਼ਣਾਂ ਦੀਆਂ ਵੀਡੀਓਜ਼ ਦਿਖਾਈਆਂ। ਵੀਡੀਓਜ਼ ਵਿੱਚ ਇਮਾਮ ਨੂੰ ਫਰਵਰੀ 2020 ਦੇ ਦੰਗਿਆਂ ਤੋਂ ਪਹਿਲਾਂ 2019 ਅਤੇ 2020 ਵਿੱਚ ਚਕਹੰਡ, ਜਾਮੀਆ, ਅਲੀਗੜ੍ਹ ਅਤੇ ਆਸਨਸੋਲ ਵਿਖੇ ਭਾਸ਼ਣ ਦਿੰਦੇ ਦਿਖਾਇਆ ਗਿਆ। ਇਹ ਦੱਸਦੇ ਹੋਏ ਕਿ ਇਮਾਮ ਇੱਕ ਇੰਜੀਨੀਅਰਿੰਗ ਗ੍ਰੈਜੂਏਟ ਹੈ, ਵਕੀਲ ਨੇ ਕਿਹਾ, ਅੱਜਕੱਲ੍ਹ ਇੱਕ ਰੁਝਾਨ ਹੈ ਕਿ ਡਾਕਟਰ, ਇੰਜੀਨੀਅਰ ਆਪਣੇ ਪੇਸ਼ੇ ਨਹੀਂ ਕਰ ਰਹੇ ਪਰ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋ ਰਹੇ ਹਨ।

ਰਾਜੂ ਨੇ ਅੱਗੇ ਕਿਹਾ, ਇਹ ਕੋਈ ਸਾਧਾਰਨ ਵਿਰੋਧ ਪ੍ਰਦਰਸ਼ਨ ਨਹੀਂ ਹੈ। ਇਹ ਹਿੰਸਕ ਵਿਰੋਧ ਪ੍ਰਦਰਸ਼ਨ ਹਨ। ਉਹ ਨਾਕਾਬੰਦੀਆਂ ਦੀ ਗੱਲ ਕਰ ਰਹੇ ਹਨ।

ਇਸ ਮੌਕੇ ਜਸਟਿਸ ਕੁਮਾਰ ਨੇ ਪੁੱਛਿਆ ਕਿ ਕੀ ਇਹ ਭਾਸ਼ਣ ਚਾਰਜਸ਼ੀਟ ਦਾ ਹਿੱਸਾ ਸਨ, ਜਿਸ 'ਤੇ ਰਾਜੂ ਨੇ ਹਾਂ ਵਿੱਚ ਜਵਾਬ ਦਿੱਤਾ।

# ਐਕਸਿਸ ਮਿਊਚੁਅਲ ਫੰਡ ਨੇ ਐਕਸਿਸ ਮਲਟੀ-ਐਸੇਟ ਐਕਟਿਵ FOF (ਫੰਡ ਆ.ਫ ਫੰਡ) ਲਾਂਚ ਕੀਤਾ

ਚੰਡੀਗੜ੍ਹ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੀਆਂ ਪ੍ਰਮੁੱਖ ਸੰਪਤੀ ਪ੍ਰਬੰਧਨ ਕੰਪਨੀਆਂ ਵਿੱਚੋਂ ਇੱਕ, ਐਕਸਿਸ ਮਿਊਚੁਅਲ ਫੰਡ ਨੇ ਐਕਸਿਸ ਮਲਟੀ-ਐਸੇਟ ਐਕਟਿਵ ਫੰਡ ਆਫ਼ ਫੰਡ (6®6) ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਇਹ ਇੱਕ ਓਪਨ-ਐਂਡ ਫੰਡ ਆਫ਼ ਫੰਡ ਸਕੀਮ ਹੈ ਜੋ ਇਕੁਇਟੀ-ਓਰੀਐਂਟਿਡ ਅਤੇ ਕਰਜ਼ਾ-ਓਰੀਐਂਟਿਡ ਮਿਊਚੁਅਲ ਫੰਡ ਸਕੀਮਾਂ ਅਤੇ ਵਸਤੂ-ਅਧਾਰਤ 5"6 ਵਿੱਚ ਨਿਵੇਸ਼ ਕਰੇਗੀ। ਇਸ ਨਵੀਂ ਫੰਡ ਪੇਸ਼ਕਸ਼ (©6®) ਲਈ ਗਾਹਕੀ ਦੀ ਮਿਆਦ 21 ਨਵੰਬਰ, 2025 ਤੋਂ 5 ਦਸੰਬਰ, 2025 ਤੱਕ ਹੋਵੇਗੀ। ਇਸ ਫੰਡ ਦੀ ਸ਼ੁਰੂਆਤ 'ਤੇ ਬੋਲਦੇ ਹੋਏ, ਐਕਸਿਸ ਏਐਮਸੀ ਦੇ ਐਮਡੀ ਅਤੇ ਸੀਈਓ ਬੀ. ਗੋਪਾਕੁਮਾਰ ਨੇ ਕਿਹਾ: ÷ਐਕਸਿਸ ਮਿਊਚੁਅਲ ਫੰਡ ਨਵੀਨਤਾਕਾਰੀ ਹੱਲਾਂ ਰਾਹੀਂ ਨਿਵੇਸ਼ ਨੂੰ ਸਰਲ ਬਣਾਉਣ ਲਈ ਵਚਨਬੱਧ ਹੈ ਜੋ ਨਿਵੇਸ਼ਕਾਂ ਨੂੰ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰਦੇ ਹਨ। ਇਸ ਉਦੇਸ਼ ਵੱਲ, ਐਕਸਿਸ ਮਲਟੀ-ਐਸੇਟ ਐਕਟਿਵ 6◊6 ਕਈ ਉਤਪਾਦਾਂ ਦੇ ਪ੍ਰਬੰਧਨ ਦੀ ਪਰੇਸ਼ਾਨੀ ਤੋਂ ਬਿਨਾਂ ਇੱਕ ਜਗ੍ਹਾ 'ਤੇ ਵਿਭਿੰਨਤਾ ਦੀ ਮੰਗ ਕਰਨ ਵਾਲੇ ਨਿਵੇਸ਼ਕਾਂ ਲਈ ਇੱਕ ਸ਼ਾਨਦਾਰ ਵਿਕਲਪ ਹੈ। ਇਕੁਇਟੀ, ਕਰਜ਼ਾ ਅਤੇ ਵਸਤੂਆਂ ਨੂੰ ਗਤੀਸ਼ੀਲ ਤੌਰ 'ਤੇ ਜੋੜ ਕੇ, ਸਾਡਾ ਉਦੇਸ਼ ਨਿਵੇਸ਼ਕਾਂ ਨੂੰ ਬਾਜ਼ਾਰ ਦੇ ਉਤਰਾਅ-ਚੜ੍ਹਾਅ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਅਤੇ ਘੱਟ ਜੋਖਮ ਨਾਲ ਵਧੀਆ ਰਿਟਰਨ ਪ੍ਰਦਾਨ ਕਰਨ ਵਿੱਚ ਮਦਦ ਕਰਨਾ ਹੈ।÷ ਐਕਸਿਸ ਮਲਟੀ-ਐਸੇਟ ਐਕਟਿਵ ਐਫਓਐਫ ਨਿਵੇਸ਼ਕਾਂ ਨੂੰ ਬਹੁ-ਸੰਪਤੀ ਵਿਭਿੰਨਤਾ ਲਈ ਇੱਕ ਸੰਪੂਰਨ ਹੱਲ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਫੰਡ ਇਕੁਇਟੀ, ਕਰਜ਼ਾ, ਸੋਨਾ ਅਤੇ ਚਾਂਦੀ ਦਾ ਐਕਸਪੋਜ਼ਰ ਪ੍ਰਦਾਨ ਕਰਦਾ ਹੈ - ਇਹ ਸਭ ਇੱਕ ਸਿੰਗਲ, ਬੁੱਧੀਮਾਨ ਢੰਗ ਨਾਲ ਪ੍ਰਬੰਧਿਤ ਪੋਰਟਫੋਲੀਓ ਦੇ ਅੰਦਰ। ਫੰਡ ਦਾ ਉਦੇਸ਼ ਇੱਕ ਮਜ਼ਬੂਤ ਮਾਤਰਾਤਮਕ ਮਾਡਲ ਅਤੇ ਇੱਕ ਅੰਦਰੂਨੀ ਕਮੇਟੀ ਦੁਆਰਾ ਨਿਰਦੇਸ਼ਤ, ਸੰਪਤੀ ਸ਼੍ਰੇਣੀਆਂ ਅਤੇ ਥੀਮਾਂ ਵਿੱਚ ਗਤੀਸ਼ੀਲ ਵੰਡ ਦੁਆਰਾ ਲੰਬੇ ਸਮੇਂ ਦੀ ਪੂੰਜੀ ਪ੍ਰਸ਼ੰਸਾ ਪ੍ਰਦਾਨ ਕਰਨਾ ਹੈ। ਇਹ ਪ੍ਰਕਿਰਿਆ ਮੁਲਾਂਕਣਾਂ, ਮੈਕਰੋ ਸੂਚਕਾਂ, ਮਾਰਕੀਟ ਰੁਝਾਨਾਂ ਅਤੇ ਵਸਤੂ ਕਾਰਕਾਂ ਦੇ ਨਾਲ-ਨਾਲ ਉਹਨਾਂ ਤੱਤਾਂ ਨੂੰ ਧਿਆਨ ਵਿੱਚ ਰੱਖੇਗੀ ਜਿਨ੍ਹਾਂ ਨੂੰ ਮਾਪਿਆ ਨਹੀਂ ਜਾ ਸਕਦਾ, ਜਿਵੇਂ ਕਿ ਭੂ-ਰਾਜਨੀਤਿਕ ਸਥਿਤੀਆਂ ਅਤੇ ਬਦਲਦੀਆਂ ਮਾਰਕੀਟ ਉਮੀਦਾਂ। ਫੰਡ ਆਫ਼ ਫੰਡ ਢਾਂਚਾ ਨਿਵੇਸ਼ਕਾਂ ਲਈ ਕਈ ਫਾਇਦੇ ਪੇਸ਼ ਕਰਦਾ ਹੈ। ਇਹ ਇੱਕ ਸਿੰਗਲ ਫੰਡ ਮੈਨੇਜਰ ਜਾਂ ਇੱਕ ਸਿੰਗਲ ਨਿਵੇਸ਼ ਰਣਨੀਤੀ 'ਤੇ ਨਿਰਭਰਤਾ ਨੂੰ ਘਟਾਉਂਦਾ ਹੈ। ਜੇਕਰ ਲੋੜ ਹੋਵੇ ਤਾਂ ਪੋਰਟਫੋਲੀਓ ਨੂੰ ਤੇਜ਼ੀ ਨਾਲ ਅਤੇ ਆਸਾਨੀ ਨਾਲ ਮੁੜ ਸੰਤੁਲਿਤ ਕੀਤਾ ਜਾ ਸਕਦਾ ਹੈ, ਬਿਨਾਂ ਕਿਸੇ ਟੈਕਸ ਪ੍ਰਭਾਵ ਦੇ। ਇਹ ਢਾਂਚਾ ਹਰੇਕ ਸੰਪਤੀ ਸ਼੍ਰੇਣੀ ਦੇ ਅੰਦਰ ਵਧੇਰੇ ਵਿਭਿੰਨ ਮੌਕਿਆਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ, ਵੱਖ-ਵੱਖ ਮਾਰਕੀਟ ਚੱਕਰਾਂ ਵਿੱਚ ਆਊਟਪ੍ਰਦਰਸ਼ਨ ਨੂੰ ਹਾਸਲ ਕਰਨ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਇਸ ਲਚਕਤਾ ਦਾ ਲਾਭ ਉਠਾਉਂਦੇ ਹੋਏ, ਐਕਸਿਸ ਮਲਟੀ-ਐਸੇਟ ਐਕਟਿਵ ਫੰਡ ਆਫ਼ ਫੰਡ ਆਸਾਨੀ ਨਾਲ ਉੱਚ-ਪ੍ਰਦਰਸ਼ਨ ਵਾਲੇ ਥੀਮਾਂ ਵਿਚਕਾਰ ਬਦਲ ਸਕਦਾ ਹੈ ਅਤੇ ਸਹੀ ਨਿਵੇਸ਼ ਵੰਡ ਨੂੰ ਬਣਾਈ ਰੱਖ ਸਕਦਾ ਹੈ - ਇਹ ਸਭ ਨਿਵੇਸ਼ਕਾਂ 'ਤੇ ਵਾਧੂ ਟੈਕਸ ਬੋਝ ਪਾਏ ਬਿਨਾਂ।

# ਮ੍ਰਿਤਕ ਨੂੰ ਕੂੜੇ ਵਾਲੇ ਵਾਹਨ ਵਿਚ ਲਿਜਾਣ ਤੇ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਨੋਟਿਸ ਜਾਰੀ

ਫਗਵਾੜਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਇੱਕ ਹੈਰਾਨ ਕਰਨ ਵਾਲੀ ਘਟਨਾ ਦਾ ਖੁਦ ਨੋਟਿਸ ਲਿਆ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਇੱਕ ਲਾਵਾਰਿਸ ਲਾਸ਼ ਨੂੰ ਫਗਵਾੜਾ ਦੇ ਸਿਵਲ ਹਸਪਤਾਲ ਤੋਂ ਸ਼ਮਸ਼ਾਨਘਾਟ ਤੱਕ ਨਗਰ ਨਿਗਮ ਦੇ ਕੂੜਾ ਇਕੱਠਾ ਕਰਨ ਵਾਲੇ ਵਾਹਨ ਵਿੱਚ ਲਿਜਾਇਆ ਗਿਆ ਸੀ। ਕਮਿਸ਼ਨ ਨੇ ਕਪੂਰਥਲਾ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲੀਸ ਅਤੇ ਫਗਵਾੜਾ ਨਗਰ ਨਿਗਮ ਕਮਿਸ਼ਨਰ ਤੋਂ ਵਿਸਤ੍ਰਿਤ ਰਿਪੋਰਟ ਮੰਗੀ ਹੈ। ਚੇਅਰਪਰਸਨ ਜਸਟਿਸ ਸੰਤ ਪ੍ਰਕਾਸ਼ ਅਤੇ ਮੈਂਬਰ ਗੁਰਬੀਰ ਸਿੰਘ ਵਾਲੇ ਬੈਂਚ ਨੇ ਨੋਟ ਕੀਤਾ ਕਿ ਮੀਡੀਆ ਰਿਪੋਰਟਾਂ ਅਤੇ ਇੱਕ ਵਾਇਰਲ ਵੀਡੀਓ ਨੇ ਮਾਮਲੇ ਨੂੰ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ। ਫੁਟੇਜ ਵਿੱਚ ਇੱਕ ਨਗਰ ਨਿਗਮ ਦੇ ਵਾਹਨ — ਜੋ ਕੂੜਾ ਇਕੱਠਾ ਕਰਨ ਲਈ ਵਰਤਿਆ ਜਾਂਦਾ ਹੈ — ਨੂੰ ਲਾਸ਼ ਸ਼ਮਸ਼ਾਨਘਾਟ ਤੱਕ ਲਿਜਾਣ ਲਈ ਵਰਤਿਆ ਜਾਂਦਾ ਦਿਖਾਇਆ ਗਿਆ। ਵੀਡੀਓ ਵਿੱਚ ਡਰਾਈਵਰ ਨੇ ਕਥਿਤ ਤੌਰ 'ਤੇ ਕਿਹਾ ਕਿ ਇਹ ਇੱਕ ਰੁਟੀਨ ਪ੍ਰਕਿਰਿਆ ਰਹੀ ਹੈ।

ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦੇ ਹੋਏ ਕਮਿਸ਼ਨ ਨੇ ਐੱਸ ਐੱਸ ਪੀ ਅਤੇ ਨਗਰ ਕਮਿਸ਼ਨਰ ਦੋਵਾਂ ਨੂੰ 27 ਜਨਵਰੀ 2026 ਨੂੰ ਨਿਰਧਾਰਤ ਅਗਲੀ ਸੁਣਵਾਈ ਤੋਂ ਘੱਟ-ਘੱਟ ਇੱਕ ਹਫ਼ਤਾ ਪਹਿਲਾਂ ਆਪਣੀਆਂ ਰਿਪੋਰਟਾਂ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ। ਕਮਿਸ਼ਨ ਨੇ ਟਿੱਪਣੀ ਕੀਤੀ ਕਿ ਮਨੁੱਖੀ ਸਰੀਰ ਨੂੰ ਇਸ ਤਰੀਕੇ ਨਾਲ ਲਿਜਾਣਾ ਮਨੁੱਖੀ ਅਧਿਕਾਰਾਂ ਦੀ ਗੰਭੀਰ ਉਲੰਘਣਾ ਹੈ ਅਤੇ ਇਸ ਨੇ ਲੋਕਾਂ ਨੂੰ ਡੂੰਘਾ ਪਰੇਸ਼ਾਨ ਕੀਤਾ ਹੈ।

# ਰਾਜਪਾਲ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਨੂੰ ਪ੍ਰਵਾਨਗੀ

## 24 ਨਵੰਬਰ ਨੂੰ ਸੱਦੇ ਜਾਣ ਵਾਲੇ ਵਿਸ਼ੇਸ਼ ਇਜਲਾਸ ਲਈ ਨੋਟੀਫਿਕੇਸ਼ਨ ਜਾਰੀ



ਚੰਡੀਗੜ੍ਹ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਸਰਕਾਰ ਵੱਲੋਂ ਸੱਦੇ ਜਾਣ ਵਾਲੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਰਾਜਪਾਲ ਨੇ 24 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਸਥਿਤ ਭਾਈ ਜੈਤਾ ਜੀ ਯਾਦਗਾਰ ਵਿੱਚ ਬਾਅਦ ਦੁਪਹਿਰ 1 ਵਜੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਲਈ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਪੰਜਾਬ ਦੇ ਰਾਜਪਾਲ ਤੋਂ ਪ੍ਰਵਾਨਗੀ ਮਿਲਣ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੀ ਤਿਆਰੀਆਂ ਵੀ ਤੇਜ਼ ਕਰ ਦਿੱਤੀਆਂ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਦੌਰਾਨ ਪੰਜਾਬ ਸਰਕਾਰ ਨੇ 24 ਨਵੰਬਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸਦਣ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਵੱਖ-ਵੱਖ ਥਾਵਾਂ ਤੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਅਤੇ ਹੋਰ ਧਾਰਮਿਕ ਸਮਾਗਮ ਵੀ ਉਲੀਕੇ ਜਾ ਰਹੇ ਹਨ।

# ਸਰਦ ਰੁੱਤ ਇਜਲਾਸ: ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ 'ਤੇ ਹਾਈ ਕੋਰਟ 'ਚ ਸੁਣਵਾਈ ਅੱਜ

ਚੰਡੀਗੜ੍ਹ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਤੇ ਹਰਿਆਣਾ ਹਾਈ ਕੋਰਟ ਸ੍ਰੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਸ਼ੁੱਕਰਵਾਰ ਨੂੰ ਸੁਣਵਾਈ ਕਰੇਗੀ। ਅੰਮ੍ਰਿਤਪਾਲ ਨੇ ਪਟੀਸ਼ਨ ਵਿਚ 1 ਤੋਂ 19 ਦਸੰਬਰ ਤੱਕ ਚੱਲਣ ਵਾਲੇ ਸੰਸਦ ਦੇ ਅਗਾਮੀ ਸਰਦ ਰੁੱਤ ਇਜਲਾਸ ਵਿਚ ਸ਼ਮੂਲੀਅਤ ਲਈ ਜੇਲ੍ਹ 'ਚੋਂ ਅਸਥਾਈ ਰਿਹਾਈ ਦੀ ਮੰਗ ਕੀਤੀ ਹੈ। ਡਿਵੀਜ਼ਨ ਬੈਂਚ ਨੇ ਪਟੀਸ਼ਨ 'ਤੇ ਸੁਣਵਾਈ ਲਈ 21 ਨਵੰਬਰ ਦੀ ਤਰੀਕ ਨਿਰਧਾਰਿਤ ਕੀਤੀ ਹੈ। ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਕੌਮੀ ਸੁਰੱਖਿਆ ਐਕਟ (NSA) ਤਹਿਤ ਨਜ਼ਰਬੰਦ ਅੰਮ੍ਰਿਤਪਾਲ ਨੇ ਪਟੀਸ਼ਨ ਵਿਚ ਐੱਨਐੱਸਏ ਦੀ ਧਾਰਾ 15 ਦਾ ਹਵਾਲਾ ਦਿੱਤਾ ਜੋ ਸਮਰੱਥ ਅਧਿਕਾਰੀ ਨੂੰ ਅਸਾਧਾਰਨ ਹਾਲਾਤ ਵਿੱਚ ਨਜ਼ਰਬੰਦ ਨੂੰ ਪੈਰੋਲ ਦੇਣ ਦਾ ਅਧਿਕਾਰ ਦਿੰਦੀ ਹੈ।

ਅੰਮ੍ਰਿਤਪਾਲ ਦੇ ਵਕੀਲ ਨੇ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਦੀ ਪਿਛਲੀ ਪਟੀਸ਼ਨ ਦਾ ਨਿਪਟਾਰਾ ਲੋਕ ਸਭਾ ਨੂੰ ਢੁਕਵੀਂ ਪ੍ਰਤੀਨਿਧਤਾ ਭੇਜਣ ਦੀ ਆਜ਼ਾਦੀ ਨਾਲ ਕਰ ਦਿੱਤਾ ਗਿਆ ਸੀ, ਜੋ ਕਿ 'ਕੀਤੀ ਗਈ ਹੈ।' ਸੁਣਵਾਈ ਦੌਰਾਨ ਬੈਂਚ ਨੇ ਅੰਮ੍ਰਿਤਪਾਲ ਦੇ ਵਕੀਲ ਨੂੰ ਐੱਨਐੱਸਏ ਤਹਿਤ ਨਜ਼ਰਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦੇ ਭਵਿੱਖ ਬਾਰੇ ਪੁੱਛਿਆ। ਚੀਫ਼ ਜਸਟਿਸ ਨੇ ਪੁੱਛਿਆ, "ਪਟੀਸ਼ਨ ਵਿਰੁੱਧ NSA ਹਿਰਾਸਤ ਦਾ ਹੁਕਮ ਹੈ, ਉਸ ਕੇਸ ਦਾ ਕੀ ਹੋਇਆ... ਜਦੋਂ ਤੱਕ ਨਜ਼ਰਬੰਦੀ 'ਤੇ ਰੋਕ ਨਹੀਂ ਲਗਾਈ ਜਾਂਦੀ, ਉਹ ਸੰਸਦੀ ਇਜਲਾਸ ਵਿੱਚ ਕਿਵੇਂ ਸ਼ਮੂਲੀਅਤ ਕਰ ਸਕਦਾ ਹੈ?" ਇਸ ਦੇ ਜਵਾਬ ਵਿਚ ਅੰਮ੍ਰਿਤਪਾਲ ਦੇ ਵਕੀਲ ਨੇ ਕਿਹਾ ਕਿ ਇਹ ਦੋ ਵੱਖ ਵੱਖਰੇ ਮਾਮਲੇ ਹਨ ਤੇ ਸੰਸਦ ਮੈਂਬਰ ਨੇ ਧਾਰਾ 15 ਵਿਚਲੀਆਂ ਵਿਵਸਥਾਵਾਂ ਦੇ ਹਵਾਲੇ ਨਾਲ ਰਾਹਤ ਦੀ ਮੰਗ ਕੀਤੀ ਹੈ।

ਵਕੀਲ ਇਮਾਨ ਸਿੰਘ ਖਾਰਾ ਰਾਹੀਂ ਦਾਇਰ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਪਰੈਲ 2023 ਤੋਂ ਇਹਤਿਆਤੀ ਹਿਰਾਸਤ ਵਿਚ ਹੋਣ ਦੇ ਬਾਵਜੂਦ, ਪਟੀਸ਼ਨਰ ਨੂੰ 2024 ਦੀਆਂ ਆਮ ਚੋਣਾਂ ਵਿੱਚ ਖਡੂਰ ਸਾਹਿਬ ਹਲਕੇ ਤੋਂ ਲਗਪਗ ਚਾਰ ਲੱਖ ਵੋਟਾਂ ਨਾਲ ਚੁਣਿਆ ਗਿਆ ਸੀ। ਉਹ ਸੰਸਦ ਵਿਚ ਹਲਕੇ ਦੇ ਕਰੀਬ 19 ਲੱਖ ਲੋਕਾਂ ਦੀ ਨੁਮਾਇੰਦਗੀ ਕਰ ਰਿਹਾ ਹੈ। ਅੰਮ੍ਰਿਤਪਾਲ ਨੇ ਪਟੀਸ਼ਨ ਵਿਚ ਕੇਂਦਰ ਅਤੇ ਰਾਜ ਅਧਿਕਾਰੀਆਂ ਨੂੰ ਪੈਰੋਲ 'ਤੇ ਰਿਹਾਅ ਕਰਨ ਜਾਂ ਵਿਕਲਪਕ ਤੌਰ 'ਤੇ ਸੰਸਦੀ ਇਜਲਾਸ ਦੌਰਾਨ ਸਦਨ ਵਿੱਚ ਉਸ ਦੀ ਨਿੱਜੀ ਹਾਜ਼ਰੀ ਦਾ ਪ੍ਰਬੰਧ ਕਰਨ ਲਈ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਸਾਲ 17 ਅਪਰੈਲ ਨੂੰ ਅੰਮ੍ਰਿਤਪਾਲ ਖਿਲਾਫ਼ ਤੀਜਾ ਨਜ਼ਰਬੰਦੀ ਆਦੇਸ਼ ਜਾਰੀ ਕੀਤਾ ਗਿਆ ਹੈ। ਉਧਰ ਸਲਾਹਕਾਰ ਬੋਰਡ ਦਾ ਮੰਨਣਾ ਸੀ ਕਿ ਅੰਮ੍ਰਿਤਪਾਲ ਦੀ ਨਿਰੰਤਰ ਨਜ਼ਰਬੰਦੀ ਲਈ ਕਾਫ਼ੀ ਕਾਰਨ ਮੌਜੂਦ ਸਨ, ਜਿਸ ਤੋਂ ਬਾਅਦ 24 ਜੂਨ ਨੂੰ ਨਜ਼ਰਬੰਦੀ ਦੀ ਪੁਸ਼ਟੀ ਕੀਤੀ ਗਈ।

# ਪੰਜਾਬ ਸਰਕਾਰ ਦਾ ਇਤਿਹਾਸਕ ਕਦਮ, ਹਰ ਨਾਗਰਿਕ ਲਈ 10 ਲੱਖ ਰੁਪਏ ਦੇ ਮੁ.ਫਤ ਇਲਾਜ ਦੀ ਯੋਜਨਾ

ਚੰਡੀਗੜ੍ਹ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਨਾਗਰਿਕਾਂ ਨੂੰ ਸਿਹਤ ਬੀਮਾ ਕਵਰੇਜ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਨੇ ਇਕ ਇਤਿਹਾਸਕ ਕਦਮ ਚੁੱਕਿਆ ਹੈ। ਇਸ ਮਹੱਤਵਪੂਰਨ ਕਦਮ ਤਹਿਤ ਪੰਜਾਬ ਦੇ ਕਰੀਬ 65 ਲੱਖ ਪਰਿਵਾਰਾਂ (ਲਗਭਗ 6.5 ਕਰੋੜ ਲੋਕਾਂ) ਨੂੰ ਪਰਿਵਾਰ ਪਿੱਛੇ 10 ਲੱਖ ਰੁਪਏ ਦਾ ਸਿਹਤ ਬੀਮਾ ਕਵਰ ਦਿੱਤਾ ਜਾ ਰਿਹਾ ਹੈ। ਇਸ ਯੋਜਨਾ ਤਹਿਤ ਪੰਜਾਬ ਸੂਬੇ ਦੇ ਕਿਸੇ ਵੀ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿਚ ਨਕਦੀ ਰਹਿਤ ਅਤੇ ਕਾਗਜ਼ ਰਹਿਤ ਇਲਾਜ ਨੂੰ ਯਕੀਨੀ ਬਣਾਇਆ ਜਾਵੇਗਾ। ਪੰਜਾਬ ਸਰਕਾਰ ਨੇ ਕਿਹਾ ਹੈ ਕਿ ਇਸ ਯੋਜਨਾ ਤਹਿਤ ਪਰਿਵਾਰ ਦੇ ਆਕਾਰ ਦੀ ਕੋਈ ਸੀਮਾ ਨਹੀਂ ਹੋਵੇਗੀ, ਜਿਸ ਦੇ ਅਧੀਨ ਹਰ ਮੈਂਬਰ ਕਵਰ ਕੀਤਾ ਜਾਵੇਗਾ। ਸਰਕਾਰੀ ਮੁਲਾਜ਼ਮਾਂ, ਆਂਗਨਵਾੜੀ ਅਤੇ ਆਸ਼ਾ ਵਰਕਰ 100 ਫ਼ੀਸਦੀ ਯੋਜਨਾ ਹੇਠ ਕਵਰ ਹੋਣਗੇ।



ਪੰਜਾਬ ਹੁਣ ਦੁਨੀਆ ਦਾ ਪਹਿਲਾ ਸੂਬਾ ਬਣਨ ਵੱਲ ਵਧ ਰਿਹਾ ਹੈ, ਜਿਸ ਨੇ ਨਾ ਸਿਰਫ਼ ਯੂਨੀਵਰਸਲ ਹੈਲਥ ਕੇਅਰ ਦੀ ਗੱਲ ਕੀਤੀ ਹੈ, ਸਗੋਂ ਇਸ ਨੂੰ ਪ੍ਰਦਾਨ ਕਰਨ ਦੇ ਸਾਧਨ ਵੀ ਮੁਹੱਈਆ ਕਰਵਾਏ ਹਨ। ਪੰਜਾਬ ਭਰ ਵਿਚ ਇਹ ਸਕੀਮ ਜਲਦੀ ਹੀ ਲਾਗੂ ਕਰ ਦਿੱਤੀ ਜਾਵੇਗੀ। ਖ਼ਾਸ ਗੱਲ ਇਹ ਹੈ ਕਿ ਇਸ ਯੋਜਨਾ ਲਈ ਕਿਸੇ ਆਮਦਨ ਸਰਟੀਫਿਕੇਟ ਜਾਂ ਰਾਸ਼ਨ ਕਾਰਡ ਦੀ ਲੋੜ ਨਹੀਂ ਹੋਵੇਗੀ। ਬੱਸ ਪੰਜਾਬ ਦੇ ਵਸਨੀਕ ਹੋਣ ਦੀ ਤਸਦੀਕ ਲਈ ਆਧਾਰ ਕਾਰਡ ਜਾਂ ਵੋਟਰ ਆਈ. ਡੀ. ਕਾਰਡ ਨਾਲ ਹੀ ਕੈਸ਼ਲੈੱਸ ਇਲਾਜ ਲਈ ਹੈਲਥ ਕਾਰਡ ਬਣ ਜਾਵੇਗਾ। ਸਰਕਾਰੀ ਕਰਮਚਾਰੀ, ਆਂਗਣਵਾੜੀ ਵਰਕਰ ਅਤੇ ਆਸ਼ਾ ਵਰਕਰ ਵੀ ਇਸ ਯੋਜਨਾ ਵਿੱਚ ਕਵਰ ਹੋਣਗੇ। ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਹੁਣ ਕੋਈ ਨੀਲਾ, ਪੀਲਾ, ਕਾਰਡ ਨਹੀਂ ਦੇਖਿਆ ਜਾਵੇਗਾ, ਜੋ ਪੰਜਾਬ ਦਾ ਵਾਸੀ ਹੈ ਇਸ ਯੋਜਨਾ ਤਹਿਤ ਉਸ ਦਾ ਇਲਾਜ ਹੋਵੇਗਾ। ਇਸ ਯੋਜਨਾ ਤਹਿਤ ਸਰਕਾਰੀ ਤੇ ਨਿੱਜੀ ਹਸਪਤਾਲਾਂ 'ਚ ਹਰ ਬੀਮਾਰੀ ਦਾ ਮੁਫ਼ਤ ਇਲਾਜ ਹੋਵੇਗਾ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿਹਤ ਸੇਵਾਵਾਂ ਦੇ ਖੇਤਰ ਵਿਚ ਇਹ ਇਕ ਬਹੁਤ ਵੱਡੀ ਉਪਲੱਬਧੀ ਹੈ ਅਤੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਕਵਰ ਵਿਅਕਤੀਆਂ ਨੂੰ ਆਪਣੇ ਇਲਾਜ ਲਈ ਕੋਈ ਪੈਸਾ ਖ਼ਰਚ ਨਹੀਂ ਕਰਨਾ ਪਵੇਗਾ। ਅਕਸਰ ਹੀ ਬੀਮਾਰੀ ਦੀ ਸੂਰਤ 'ਚ ਲੋੜਵੰਦ ਪਰਿਵਾਰਾਂ ਦੀ ਸਾਰੀ ਜਮ੍ਹਾਂ ਪੂੰਜੀ ਇਲਾਜ 'ਤੇ ਹੀ ਖ਼ਰਚ ਹੋ ਜਾਂਦੀ ਸੀ ਪਰ ਹੁਣ ਇਹ ਰਾਸ਼ੀ ਲੋਕ ਆਪਣੇ ਪਰਿਵਾਰਾਂ ਦੀ ਬਿਹਤਰੀ ਲਈ ਖ਼ਰਚ ਸਕਦੇ ਹਨ।

# ਯੂਪੀ ’ਚ ਇਨ੍ਹਾਂ ਮਰੀਜ਼ਾਂ ਨੂੰ ਫਰੀ ਲੱਗੇਗਾ 40,000 ਰੁਪਏ ਦਾ ਟੀਕਾ, ਸਰਕਾਰ ਦਾ ਵੱਡਾ ਫੈਸਲਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 21 ਨਵੰਬਰ। ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੇ ਦਿਲ ਦੇ ਦੌਰੇ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ ਨੇ ਐਲਾਨ ਕੀਤਾ ਕਿ ਸਰਕਾਰੀ ਹਸਪਤਾਲਾਂ ਵਿੱਚ 40,000 ਰੁਪਏ ਦਾ ਟੀਕਾ ਮੁਫ਼ਤ ਦਿੱਤਾ ਜਾਵੇਗਾ। ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ ਨੇ ਐਲਾਨ ਕੀਤਾ ਕਿ ਸਰਕਾਰੀ ਹਸਪਤਾਲਾਂ ਵਿੱਚ ਦਿਲ ਦੇ ਦੌਰੇ ਦੇ ਮਰੀਜ਼ਾਂ ਨੂੰ ਟੇਨੈਕਟੇਪਲੇਸ ਅਤੇ ਸਟ?ਰੈਪਟੋਕਿਨੇਜ਼ ਵਰਗੇ ਜੀਵਨ ਰੱਖਿਅਕ ਟੀਕੇ ਹੁਣ ਪੂਰੀ ਤਰ੍ਹਾਂ ਮੁਫ਼ਤ ਦਿੱਤੇ ਜਾਣਗੇ। ਇਨ੍ਹਾਂ ਟੀਕਿਆਂ ਦੀ ਇੱਕ ਖ਼ੁਰਾਕ ਦੀ ਬਾਜ਼ਾਰੀ ਕੀਮਤ 35,000 ਤੋਂ 45,000 ਰੁਪਏ ਤੱਕ ਹੈ। ਦਿਲ ਦੇ ਦੌਰੇ ਦੌਰਾਨ, ਇਹ ਦਵਾਈਆਂ 30 ਤੋਂ 90 ਮਿੰਟਾਂ ਦੇ ਅੰਦਰ ਦਿਲ ਦੀਆਂ ਨਾੜੀਆਂ ਵਿੱਚ ਖ਼ੂਨ ਦੇ ਥੱਕੇ ਭੰਗ ਕਰ ਦਿੰਦੀਆਂ ਹਨ। ਜੇਕਰ ਇਹ ਟੀਕੇ ਹਮਲੇ ਦੇ ਪਹਿਲੇ ਛੇ ਘੰਟਿਆਂ (ਸੁਨਹਿਰੀ ਘੰਟੇ) ਦੇ ਅੰਦਰ ਲਗਾਏ ਜਾਂਦੇ ਹਨ, ਤਾਂ 70-80% ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਪ ਮੁੱਖ ਮੰਤਰੀ ਨੇ ਵਿਭਾਗ ਨੂੰ ਸਖ਼ਤੀ ਨਾਲ ਹਦਾਇਤ ਕੀਤੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਫੰਡਾਂ ਦੀ ਘਾਟ ਕਾਰਨ ਕੋਈ ਵੀ ਮਰੀਜ਼ ਨਾ ਮਰੇ। ਪਹਿਲੇ ਪੜਾਅ ਵਿੱਚ, ਇਹ ਮੁਫ਼ਤ ਇਲਾਜ ਸਾਰੇ 75 ਜ਼ਿਲ੍ਹਾ ਹਸਪਤਾਲਾਂ, ਮੈਡੀਕਲ ਕਾਲਜਾਂ ਅਤੇ ਈਸੀਜੀ ਸਹੂਲਤਾਂ ਵਾਲੇ ਕਮਿਊਨਿਟੀ ਹੈਲਥ ਸੈਂਟਰਾਂ (ਸੀ.ਐਚ.ਸੀ.) ਵਿੱਚ ਸ਼ੁਰੂ ਕੀਤਾ ਗਿਆ ਹੈ। ਕੇ.ਜੀ.ਐਮ.ਯੂ. ਲਖਨਊ, ਲੋਹੀਆ ਇੰਸਟੀਚਿਊਟ, ਐਸ.ਜੀ.ਪੀ.ਜੀ.ਆਈ. ਲਖਨਊ, ਬੀ.ਐਚ.ਯੂ. ਵਾਰਾਣਸੀ, ਸੈਫਈ ਮੈਡੀਕਲ ਯੂਨੀਵਰਸਿਟੀ ਅਤੇ ਏ.ਐਮ.ਯੂ. ਅਲੀਗੜ੍ਹ ਵਰਗੇ ਪ੍ਰਮੁੱਖ ਸੰਸਥਾਨ ਪਹਿਲਾਂ ਹੀ ਇਸਨੂੰ ਲਾਗੂ ਕਰ ਚੁੱਕੇ ਹਨ। ਉਪ ਮੁੱਖ ਮੰਤਰੀ ਬ੍ਰਿਜੇਸ਼



ਪਾਠਕ ਨੇ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਇਹ ਯਕੀਨੀ ਬਣਾਉਣ ਕਿ ਕੋਈ ਵੀ ਹਸਪਤਾਲ ਸਟਾਕ ਦੀ ਘਾਟ ਨਾ ਹੋਵੇ। ਸਿਹਤ ਡਾਇਰੈਕਟਰ ਜਨਰਲ ਡਾ. ਰਤਨਪਾਲ ਸਿੰਘ ਸੁਮਨ ਨੇ ਸਾਰੇ ਮੁੱਖ ਮੰਤਰੀ ਦਫ਼ਤਰਾਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ। ਇਸ ਬਾਰੇ ਉਪ ਮੁੱਖ ਮੰਤਰੀ ਨੇ ਕਿਹਾ, ਗਰੀਬਾਂ ਦਾ ਇਲਾਜ ਕਰਨਾ ਸਾਡੀ ਜ਼ਿੰਮੇਵਾਰੀ ਹੈ। ਭਾਵੇਂ ਇਹ 40,000 ਦਾ ਟੀਕਾ ਹੋਵੇ ਜਾਂ ਕਰੋੜਾਂ ਦਾ ਆਪ੍ਰੇਸ਼ਨ, ਯੋਗੀ ਸਰਕਾਰ ਇਸਨੂੰ ਮੁਫ਼ਤ ਵਿੱਚ ਪ੍ਰਦਾਨ ਕਰੇਗੀ। ਜੇਕਰ ਤੁਹਾਨੂੰ ਛਾਤੀ ਵਿੱਚ ਦਰਦ ਹੁੰਦਾ ਹੈ, ਤਾਂ ਤੁਰੰਤ 108 ਡਾਇਲ ਕਰੋ ਜਾਂ ਨਜ਼ਦੀਕੀ ਸਰਕਾਰੀ ਹਸਪਤਾਲ ਜਾਓ। ਹੁਣ, ਦਿਲ ਦਾ ਦੌਰਾ ਪੈਣ ਦਾ ਮਤਲਬ ਮੌਤ ਨਹੀਂ ਹੈ। ਇਸਦਾ ਮਤਲਬ ਹੈ ਮੁਫ਼ਤ ਇਲਾਜ ਅਤੇ ਇੱਕ ਨਵੀਂ ਜ਼ਿੰਦਗੀ। ਇਸ ਦੇ ਨਾਲ ਹੀ 108 ਐਂਬੂਲੈਂਸ ਵਿੱਚ ਵੀ ਇਹ ਸਹੂਲਤ ਜਲਦੀ ਹੀ ਸ਼ੁਰੂ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

## ਪਾਕਿਸਤਾਨ ਤੋਂ ਆਏ ਅਸਲੇ ਸਮੇਤ ਨੌਜਵਾਨ ਗ੍ਰਿਫ਼ਤਾਰ, ਵਾਰਦਾਤ ਨੂੰ ਦੇਣਾ ਸੀ ਅੰਜਾਮ

ਫਰੀਦਕੋਟ 21 ਨਵੰਬਰ। ਥਾਣਾ ਸਦਰ ਦੀ ਪੁਲਸ ਵੱਲੋਂ ਵੱਡੀ ਕਾਰਵਾਈ ਕਰਦਿਆਂ 9✡✡ ਦੀਆਂ ਦੋ ਪਿਸਤੌਲਾਂ ਅਤੇ ਮੈਗਜ਼ੀਨ ਸਮੇਤ ਇਕ ਨੌਜਵਾਨ ਜੋ ਫਰੀਦਕੋਟ ਜ਼ਿਲੇ ਦੇ ਏਰੀਆ ਵਿਚ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਫਰੀਦਕੋਟ ਪੁਲਸ ਵੱਲੋਂ ਗੈਰ-ਕਾਨੂੰਨੀ ਹਥਿਆਰਾਂ ਵਿਰੁੱਧ ਮੁਹਿੰਮ ਵਿਚ ਉਸ ਵੇਲੇ ਵੱਡੀ ਸਫਲਤਾ ਹਾਸਲ ਕੀਤੀ ਜਦ ਪੁਲਸ ਪਾਰਟੀ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਭਾਲ ਦੇ ਸਬੰਧ ਵਿਚ ਸਾਧਾਂਵਾਲਾ ਤੋਂ ਝਾੜੀਵਾਲਾ ਜਾਂਦੇ ਰਸਤੇ ‘ਤੇ ਪੁੱਜੀ ਤਾਂ ਮੁਖਬਰ ਨੇ ਹਾਜ਼ਰ ਆ ਕੇ ਇਤਲਾਹ ਦਿੱਤੀ ਕਿ ਥੋਮਸ ਵਾਸੀ ਪਿੰਡ ਸ਼ਾਹਪੁਰ ਰਿਜਾਦੇ ਥਾਣਾ ਧਾਰੀਵਾਲ ਜ਼ਿਲਾ ਗੁਰਦਾਸਪੁਰ, ਜਿਸ ਕੋਲ ਗੁਆਂਢੀ ਦੇਸ਼ ਪਾਕਿਸਤਾਨ ਤੋਂ ਆਏ ਅਸਲੇ ਦੀ ਖੇਪ ਹੈ, ਜੋ ਅਸਲੇ ਦੀ ਖੇਪ ਸਮੇਤ ਝਾੜੀਵਾਲਾ ਤੋਂ ਗੋਲੇਵਾਲਾ ਦੇ ਵਿਚਕਾਰ ਘੁੰਮ ਫਿਰ ਰਿਹਾ ਹੈ। ਜੋ ਕਿ ਇਹ ਅਸਲਾ ਜ਼ਿਲੇ ਅੰਦਰ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤਿਆ ਜਾਣਾ ਹੈ। ਇਸ ਇਤਲਾਹ ‘ਤੇ ਚੌਂਕੀ ਇੰਚਾਰਜ ਗੋਲੇਵਾਲਾ ਸੁਖਵਿੰਦਰ ਸਿੰਘ ਵੱਲੋਂ ਉਕਤ ਮੁਲਜ਼ਮ ਨੂੰ ਦੋ Imm ਪਿਸਤੌਲਾਂ ਅਤੇ ਮੈਗਜ਼ੀਨ ਸਮੇਤ ਕਾਬੂ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਸਿਰਫ 5 ਰੁਪਏ ’ਚ ਪੌਸ਼ਟਿਕ ਭੋਜਨ ! ਇਸ ਦਿਨ ਤੋਂ ਸ਼ੁਰੂ ਹੋਣ ਜਾ ਰਹੀ ਹੈ ’ਅਟਲ ਕੰਟੀਨ’

ਵੈੱਬ ਡੈਸਕ 21 ਨਵੰਬਰ। ਦਿੱਲੀ ਸਰਕਾਰ ਰਾਜਧਾਨੀ ’ਚ ਕਿਫਾਇਤੀ, ਗੁਣਵੱਤਾ ਵਾਲਾ ਭੋਜਨ ਪ੍ਰਦਾਨ ਕਰਨ ਲਈ ਅਟਲ ਕੰਟੀਨ ਯੋਜਨਾ ਸ਼ੁਰੂ ਕਰ ਰਹੀ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਇਸ ਯੋਜਨਾ ਦੇ ਤਹਿਤ, ਲੋੜਵੰਦ ਲੋਕਾਂ ਨੂੰ ਸਿਰਫ਼ 5 ਰੁਪਏ ’ਚ ਪੌਸ਼ਟਿਕ, ਪੇਟ ਭਰ ਭੋਜਨ ਮਿਲੇਗਾ। ਇਸ ਯੋਜਨਾ ਦਾ ਉਦੇਸ਼ ਮਜ਼ਦੂਰਾਂ, ਰਿਕਸ਼ਾ ਚਾਲਕਾਂ, ਕੰਮ ਕਰਨ ਵਾਲੇ ਲੋਕਾਂ ਤੇ ਘੱਟ ਆਮਦਨ ਵਾਲੇ ਸਮੂਹਾਂ ਨੂੰ ਕੰਮ ਕਰਦੇ ਸਮੇਂ ਕਿਫਾਇਤੀ, ਗੁਣਵੱਤਾ ਵਾਲਾ ਭੋਜਨ ਪ੍ਰਦਾਨ ਕਰਨਾ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਅਟਲ ਕੰਟੀਨ 25 ਦਸੰਬਰ ਨੂੰ ਅਟਲ ਬਿਹਾਰੀ ਵਾਜਪਾਈ ਦੇ ਜਨਮਦਿਨ ’ਤੇ ਖੁੱਲ੍ਹਣਗੇ। ਕੰਟੀਨਾਂ ਦਾ ਪਹਿਲਾ ਪੜਾਅ ਰਾਜਧਾਨੀ ਦੇ ਕਈ ਖੇਤਰਾਂ ’ਚ



ਸ਼ੁਰੂ ਹੋਵੇਗਾ। ਮੁੱਖ ਮੰਤਰੀ ਨੇ ਹਾਲ ਹੀ ’ਚ ਹੈਦਰਪੁਰ ਖੇਤਰ ’ਚ ਬਣਾਈ ਜਾ ਰਹੀ ਕੰਟੀਨ ਦਾ ਨਿਰੀਖਣ ਕੀਤਾ। ਪਹਿਲੇ ਪੜਾਅ ’ਚ ਦਿੱਲੀ ’ਚ 100 ਥਾਵਾਂ ’ਤੇ ਅਟਲ ਕੰਟੀਨ ਸ਼ੁਰੂ ਕੀਤੀਆਂ ਜਾਣਗੀਆਂ। ਸ਼ਾਲੀਮਾਰ ਬਾਗ, ਰਾਜੇਂਦਰ ਨਗਰ, ਰੋਹਿਣੀ, ਪਟੇਲ ਨਗਰ, ਬਦਰਪੁਰ ਤੇ ਕਰਾਵਲ ਨਗਰ ਵਰਗੇ ਇਲਾਕਿਆਂ ’ਚ ਕੰਟੀਨਾਂ ਦਾ ਨਿਰਮਾਣ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। ਹਰੇਕ ਕੰਟੀਨ ’ਚ ਦਿਨ ’ਚ ਦੋ ਵਾਰ ਭੋਜਨ ਪਰੋਸਿਆ ਜਾਵੇਗਾ, ਜਿਸ ’ਚ ਪ੍ਰਤੀ ਭੋਜਨ 500 ਪਲੇਟਾਂ ਹੋਣਗੀਆਂ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਦਿੱਲੀ ’ਚ ਕਿਸੇ ਨੂੰ ਵੀ ਭੁੱਖਾ ਨਹੀਂ ਰਹਿਣਾ ਪਵੇਗਾ। ਅਟਲ ਕੰਟੀਨ ਵਿੱਚ ਪਰੋਸਿਆ ਜਾਣ ਵਾਲਾ ਭੋਜਨ ਪੌਸ਼ਟਿਕ ਹੋਵੇਗਾ, ਜਿਸ ’ਚ ਦਾਲ-ਚਾਵਲ, ਸਬਜ਼ੀਆਂ ਅਤੇ ਰੋਟੀ ਵਰਗੀਆਂ ਚੀਜ਼ਾਂ ਸ਼ਾਮਲ ਹਨ। ਭੋਜਨ ਦੀ ਗੁਣਵੱਤਾ ਅਤੇ ਸਫਾਈ ਦੀ ਸਖ਼ਤ ਨਿਗਰਾਨੀ ਵੀ ਰੱਖੀ ਜਾਵੇਗੀ। ਇਹ ਯੋਜਨਾ ਰਾਹਤ ਵਾਲੀ ਹੋਵੇਗੀ, ਖਾਸ ਕਰਕੇ ਮਜ਼ਦੂਰਾਂ, ਸਫਾਈ ਕਰਮਚਾਰੀਆਂ, ਰਿਕਸ਼ਾ ਚਾਲਕਾਂ ਅਤੇ ਘੱਟ ਆਮਦਨੀ ਵਾਲੇ ਸਮੂਹਾਂ ਲਈ। ਭੋਜਨ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ FSSAI ਅਤੇ NABL-ਪ੍ਰਵਾਨਿਤ ਪ੍ਰਯੋਗਸ਼ਾਲਾਵਾਂ ਦੁਆਰਾ ਨਿਯਮਤ ਨਮੂਨਾ ਜਾਂਚ ਕੀਤੀ ਜਾਵੇਗੀ। ਰਸੋਈਆਂ ’ਚ ਆਧੁਨਿਕ ਉਪਕਰਨ, LPG-ਅਧਾਰਤ ਖਾਣਾ ਪਕਾਉਣ, ਉਦਯੋਗਿਕ RO ਪਾਣੀ ਅਤੇ ਕੋਲਡ ਸਟੋਰੇਜ ਦੀ ਵਰਤੋਂ ਕੀਤੀ ਜਾਵੇਗੀ। ਅਟਲ ਕੰਟੀਨਾਂ ਨਾਲ ਜੁੜੀਆਂ ਏਜੰਸੀਆਂ ਨੂੰ ਭੋਜਨ ਸੁਰੱਖਿਆ ਲਾਇਸੈਂਸ, ਕਰਮਚਾਰੀ ਸਿਹਤ ਸਰਟੀਫਿਕੇਟ ਅਤੇ ਮਹੀਨਾਵਾਰ ਰਿਪੋਰਟਾਂ ਜਮ?ਹਾਂ ਕਰਾਉਣ ਦੀ ਲੋੜ ਹੋਵੇਗੀ।

## ਗੁਰੂ ਵਿਹਾਰ ਵਿਚ ਅਣਪਛਾਤੇ ਵਿਅਕਤੀ ਨੇ ਕੀਤੀ ਖ਼ੁਦਕੁਸ਼ੀ

ਲੁਧਿਆਣਾ 21 ਨਵੰਬਰ। ਅੱਜ ਪੁਲਸ ਨੂੰ ਗੁਰੂ ਵਿਹਾਰ, ਜੋ ਕਿ ਜੋਧੇਵਾਲ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ, ਵਿਚ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਦਰੱਖਤ ਨਾਲ ਲਟਕਦੀ ਮਿਲੀ। ਮੌਕੇ ’ਤੇ ਪਹੁੰਚੇ ਸਟੇਸ਼ਨ ਹਾਊਸ ਅਫਸਰ ਕੁਲਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਉਮਰ ਲਗਭਗ 50 ਸਾਲ ਦੱਸੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਕੋਲੋਂ ਕੋਈ ਪਛਾਣ ਪੱਤਰ ਨਾ ਮਿਲਣ ਕਾਰਨ ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ। ਉਨ੍ਹਾਂ ਕਿਹਾ ਕਿ ਫਿਲਹਾਲ ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਲਿਆ ਹੈ ਅਤੇ ਪਛਾਣ ਲਈ 72 ਘੰਟਿਆਂ ਲਈ ਸਿਵਲ ਹਸਪਤਾਲ ਦੇ ਮੁਰਦਾਘਰ ਵਿਚ ਰੱਖ ਦਿੱਤਾ ਹੈ।

## ‘ਪੰਜਾਬੀਆਂ ਨੂੰ 2-3 ਬੱਚੇ ਪੈਦਾ ਕਰਨ ਦੀ ਲੋੜ’ ਸਪੀਕਰ ਕੁਲਤਾਰ ਸੰਧਵਾ ਦਾ ਵੱਡਾ ਬਿਆਨ

ਚੰਡੀਗੜ੍ਹ 21 ਨਵੰਬਰ। ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾ ਦਾ ਇਕ ਅਹਿਮ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਫਰੀਦਕੋਟ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਪੰਜਾਬੀਆਂ ਨੂੰ ਇਕ ਤੋਂ ਵੱਧ ਬੱਚੇ ਪੈਦਾ ਕਰਨ ਦੀ ਲੋੜ ਹੈ। ਲੋਕਾਂ ਦੇ ਅੰਦਰ ਜੋ ਇਕ ਬੱਚੇ ਨੂੰ ਜਨਮ ਦੇਣ ਵਾਲੀ ਸੋਚ ਹੈ, ਉਸ ਨੂੰ ਬਦਲਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਹਰਿਆ ਅਤੇ ਭਰਿਆ ਰੱਖਣ ਲਈ ਦਰਖੱਤਾਂ ਦੀ ਜ਼ਰੂਰਤ ਹੁੰਦੀ ਹੈ। ਠੀਕ ਉਸੇ ਤਰ੍ਹਾਂ ਪੰਜਾਬ ਦੇ ਵਿਕਾਸ ਅਤੇ ਉਸ ਨੂੰ ਹਰਿਆ-ਭਰਿਆ ਰੱਖਣ ਲਈ ਬੱਚਿਆਂ ਦੀ ਜ਼ਰੂਰਤ ਹੈ। ਪੰਜਾਬ ਵਿਚ ਰਹਿਣ ਵਾਲੇ ਸਾਰੇ ਪੰਜਾਬੀਆਂ ਨੂੰ ਇਕ ਤੋਂ ਵੱਧ ਬੱਚੇ ਪੈਦਾ ਕਰਨ ਦੀ ਲੋੜ ਹੈ। ਪੰਜਾਬ ਦੇ



ਹਰੇਕ ਘਰ ਵਿਚ 2 ਤੋਂ 3 ਬੱਚੇ ਹੋਣੇ ਚਾਹੀਦੇ ਹਨ। ਕੁਲਤਾਰ ਸੰਧਵਾ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵਿਚ ਜਾਣ ਦੀ ਚਾਹਵਾਨ ਹੈ। ਪੰਜਾਬ ਦੇ ਬਹੁਤ ਸਾਰੇ ਬੱਚੇ ਵਿਦੇਸ਼ਾਂ ਵਿਚ ਚੱਲੇ ਜਾਂਦੇ ਹਨ ਅਤੇ ਉਹਨਾਂ ਦੇ ਮਾਪੇ ਇਥੇ ਇਕੱਲੇ ਰਹਿੰਦੇ ਹਨ। ਉਹਨਾਂ ਨੂੰ ਦੇਖਣ ਵਾਲਾ ਕੋਈ ਨਹੀਂ ਹੁੰਦਾ। ਕੁਲਤਾਰ ਸੰਧਵਾ ਨੇ ਕਿਹਾ ਕਿ ਭਾਵੇਂ ਤੁਹਾਡੇ ਕੋਈ ਬਹੁਤ ਜ਼ਿਆਦਾ ਜਾਇਦਾਦ ਹੈ ਪਰ ਜੇਕਰ ਤੁਹਾਡੇ ਬੁਢਾਪੇ ਦੇ ਸਮੇਂ ਬੱਚੇ ਨਾਲ ਨਾ ਹੋਣ ਤਾਂ ਕੀ ਫ਼ਾਇਦਾ। ਅੱਜ ਦੇ ਸਮੇਂ ਵਿਚ ਬਹੁਤ ਸਾਰੇ ਘਰ ਅਜਿਹੇ ਹਨ, ਜਿਥੇ ਸਿਰਫ਼ ਇਕੋਂ ਬੱਚਾ ਹੁੰਦਾ ਹੈ। ਮਾਪੇ ਕਹਿੰਦੇ ਹਨ ਕਿ ਅੱਜ ਦੇ ਸਮੇਂ ਵਿਚ 1 ਜਾਂ 2 ਬੱਚੇ ਹੀ ਬਹੁਤ ਹਨ ਪਰ ਇਹ ਠੀਕ ਨਹੀਂ ਹੈ। ਇਸ ਨਾਲ ਨੁਕਸਾਨ ਪੰਜਾਬੀਆਂ ਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ ਜਦੋਂ ਪੰਜਾਬੀਆਂ ਦੇ ਹਰੇਕ ਘਰ ਵਿਚ 4-5 ਦੀ ਥਾਂ 6 ਤੋਂ 7 ਬੱਚੇ ਹੁੰਦੇ ਸੀ। ਹੁਣ ਇਹ ਗਿਣਤੀ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ।

# ਪੰਜਾਬ ਸਰਕਾਰ ਵਲੋਂ ਪਿੰਡ ਚੰਨਣਵਾਲ ਤੇ ਗਹਿਲ ਵਿਖੇ ਨਵੇਂ ਸਟੇਡੀਅਮਾਂ ਦੇ ਕੰਮ ਦੀ ਸ਼ੁਰੂਆਤ

**ਕੌਮੀ ਪਤ੍ਰਿਕਾ**

ਮਹਿਲ ਕਲਾਂ 21 ਨਵੰਬਰ। ਭਗਵੰਤ ਮਾਨ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਮਿਸ਼ਨ ਤਹਿਤ ਵਿਧਾਨ ਸਭਾ ਹਲਕਾ ਮਹਿਲ ਕਲਾਂ ਅੰਦਰ ਨਵੇਂ ਖੇਡ ਸਟੇਡੀਅਮ ਬਣਾਉਣ ਲਈ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ । ਇਹ ਵਿਚਾਰ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਮੈਨ ਅਤੇ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਸਰਕਾਰ ਵੱਲੋਂ ਜਾਰੀ ਕੀਤੀ ਗਰਾਂਟ ਨਾਲ ਹਲਕੇ ਦੇ ਪਿੰਡ ਚੰਨਣਵਾਲ ਵਿਖੇ ਸਰਪੰਚ ਕੁਲਵਿੰਦਰ ਕੌਰ ਧਾਲੀਵਾਲ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ 35 ਲੱਖ ਰੁਪਏ ਦੀ ਲਾਗਤ ਨਾਲ ਸਟੇਡੀਅਮ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ, ਜਦਕਿ ਸਰਕਾਰੀ ਹਾਈ ਸਕੂਲ ਪਿੰਡ ਗਹਿਲ ਵਿਚ ਸਰਪੰਚ ਬਲਵੀਰ ਸਿੰਘ ਮਾਨ ਦੀ ਅਗਵਾਈ ਹੇਠ 40 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣਨ ਵਾਲੇ ਖੇਡ ਸਟੇਡੀਅਮ ਦੇ ਵਿਕਾਸ ਦੀ ਸ਼ੁਰੂਆਤ ਕਰਾਉਣ ਉਪਰੰਤ ਇਕੱਠਾਂ ਨੂੰ ਸੰਬੋਧਨ ਕਰਦਿਆ ਕਹੇ। ਵਿਧਾਇਕ ਪੰਡੋਰੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੌਜਵਾਨਾਂ ਨੂੰ ਖੇਡਾਂ ਵੱਲ ਮੋੜਕੇ ਪੰਜਾਬ ਨੂੰ ਨਸ਼ਾ ਮੁਕਤ ਅਤੇ ਤੰਦਰੁਸਤ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਸੂਬੇ ਵਿੱਚ 3 ਹਜ਼ਾਰ ਤੋਂ ਵੱਧ ਮੈਦਾਨ ਮਾਡਲ, ਨਵੀਆਂ ਖੇਡ ਨਰਸਰੀਆਂ, ਅਤੇ ਕੋਚਾਂ ਦੀ ਭਰਤੀ ਰਾਹੀਂ ਨੌਜਵਾਨਾਂ ਲਈ ਸੁਵਿਧਾਵਾਂ ਵਧਾਈਆਂ ਗਈਆਂ ਹਨ। ਸਿੱਖਿਆ ਖੇਤਰ ਵਿਚ



ਸਰਕਾਰੀ ਸਕੂਲਾਂ ਦੀ ਨਵੀਨੀਕਰਨ ਪ੍ਰਕਿਰਿਆ, ਸਮਾਰਟ ਕਲਾਸਰੂਮ, ਸਾਇੰਸ-ਗਣਿਤ ਲੈਬਾਂ ਅਤੇ ਨਵੇਂ ਬਿਲਡਿੰਗ ਬਲਾਕਾਂ ਨੇ ਸਿੱਖਿਆ ਦੇ ਪੱਧਰ ਨੂੰ ਉੱਚਾ ਕੀਤਾ ਹੈ। ਸਿਹਤ ਖੇਤਰ ਵਿਚ 881 ਆਮ ਆਦਮੀ ਕਲਿਨਿਕਾਂ ਅਤੇ ਕੈਸ਼-ਰਹਿਤ ਇਲਾਜ ਯੋਜਨਾ ਨੇ ਲੋਕਾਂ ਨੂੰ ਘਰ-ਦੁਆਰ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਹਨ। ਚੰਨਣਵਾਲ ਅਤੇ ਗਹਿਲ ਤੋਂ ਸ਼ੁਰੂ ਹੋਇਆ ਇਹ ਖੇਡ ਵਿਕਾਸ ਮਿਸ਼ਨ ਹਲਕੇ ਵਿੱਚ ਤਰੱਕੀ ਦਾ ਨਵਾਂ ਮਾਣਕ ਸਥਾਪਤ ਕਰਦਾ ਹੈ। ਵਿਧਾਇਕ ਪੰਡੋਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੜਕਾਂ, ਸਕੂਲਾਂ, ਹਸਪਤਾਲਾਂ ਤੇ ਖੇਡ ਮੈਦਾਨਾਂ ਦੇ ਹੋਰ ਵੱਡੇ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ, ਜਿਸ ਨਾਲ ਹਲਕਾ ਮਹਿਲ ਕਲਾਂ ਚੌਤਰਫ਼ਾ ਵਿਕਾਸ ਰਾਹੀਂ ਨਵੇਂ ਪੱਧਰ ’ਤੇ ਪਹੁੰਚੇਗਾ।ਇਸ ਸਮਾਗਮ ਦੌਰਾਨ ਸਾਬਕਾ ਸਰਪੰਚ ਨੰਬਰਦਾਰ ਗੁਰਜੰਟ ਸਿੰਘ ਧਾਲੀਵਾਲ, ਪੰਚ ਬਲਵਿੰਦਰ ਸਿੰਘ ਫੌਜੀ, ਬਲਾਕ ਪ੍ਰਧਾਨ ਪਿਰਤਪਾਲ ਸਿੰਘ ਗਹਿਲ,ਪੰਚ ਕਰਮਜੀਤ ਕੌਰ, ਗੁਰਜੀਤ ਸਿੰਘ, ਗੁਰਮੀਤ ਕੌਰ, ਨਸੀਬ ਕੌਰ (ਚੰਨਣਵਾਲ), ਪੰਚ ਕਰਮਜੀਤ ਸਿੰਘ ਸਿੱਧੂ (ਗਹਿਲ), ਪੰਚ ਜਗਰੂਪ ਸਿੰਘ ਸਿੱਧੂ, ਪੰਚ ਅੰਮ੍ਰਿਤਪਾਲ ਦੇਮ ਨਾਮਧਾਰੀ ਸਾਉਣ ਸਿੰਘ ਗਹਿਲ, ਜਗਦੇਵ ਸਿੰਘ ਸੰਧੂ, ਕਿਸਾਨ ਆਗੂ ਦਰਬਾਰਾ ਸਿੰਘ ਅਤੇ ਹੋਰ ਪੰਚਾਂ ਤੇ ਪਤਵੰਤੇ ਵੀ ਹਾਜ਼ਰ ਸਨ।

## ਆਬਕਾਰੀ ਵਿਭਾਗ ਦੀ ਮੈਰਿਜ ਪੈਲੇਸ ਤੇ ਬੈਂਕੁਇਟ ਹਾਲ ਮਾਲਕਾਂ ਨੂੰ ਚਿਤਾਵਨੀ

ਅੰਮ੍ਰਿਤਸਰ 21 ਨਵੰਬਰ। ਆਬਕਾਰੀ ਕਮਿਸ਼ਨਰ ਪੰਜਾਬ ਜਤਿੰਦਰ ਜੋਰਵਾਲ (ਆਈ. ਏ. ਐੱਸ) ਅਤੇ ਜਲੰਧਰ ਜ਼ੋਨ ਦੇ ਡਿਪਟੀ ਕਮਿਸ਼ਨਰ ਆਬਕਾਰੀ ਐੱਸ. ਕੇ. ਗਰਗ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੰਮ੍ਰਿਤਸਰ ਦਫ਼ਤਰ ਵਿਖੇ ਮੈਰਿਜ ਪੈਲੇਸ/ਬੈਂਕੁਇਟ ਹਾਲ ਲਾਇਸੈਂਸਧਾਰਕਾਂ ਨਾਲ ਇਕ ਮੀਟਿੰਗ ਕੀਤੀ ਗਈ। ਮੀਟਿੰਗ ਦੀ ਅਗਵਾਈ ਸਹਾਇਕ ਕਮਿਸ਼ਨਰ ਦਿਲਬਾਗ ਸਿੰਘ ਚੀਮਾ ਨੇ ਕੀਤੀ। ਵਿਭਾਗ ਨੇ ਲਾਇਸੈਂਸਧਾਰਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਵਿਆਹ ਦੇ ਸੀਜ਼ਨ ਦੌਰਾਨ ਹਰ ਸਮਾਗਮ ਲਈ ਐੱਲ-50ਏ ਪਰਮਿਟ/ਲਾਇਸੈਂਸ ਲਈ ਸਮੇਂ ਸਿਰ ਅਰਜ਼ੀ ਦੇਣ। ਉਨ੍ਹਾਂ ਨੂੰ ਅਰਜ਼ੀ ਫਾਰਮ ’ਤੇ ਮੈਰਿਜ ਪੈਲੇਸ/ਬੈਂਕੁਇਟ ਹਾਲ ਦਾ ਜੀ. ਐੱਸ. ਟੀ. ਨੰਬਰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਕੈਟਰਿੰਗ, ਸਜਾਵਟ ਅਤੇ ਹੋਰ ਸੇਵਾਵਾਂ ਲਈ ਅਰਜ਼ੀ ਫਾਰਮ ’ਚ ਜੀ. ਐੱਸ. ਟੀ. ਨੰਬਰ ਦਰਜ ਕਰੋ। ਜੀ. ਐੱਸ. ਟੀ. ਨੰਬਰ ਦੀ ਅਣਹੋਂਦ ’ਚ ਪੈਨ ਕਾਰਡ ਨੰਬਰ ਦਰਜ ਕੀਤਾ ਜਾਣਾ ਚਾਹੀਦਾ ਹੈ। ਇਸ ਬੈਠਕ ਵਿਚ ਰੇਂਜ ਦੇ ਪੁਲਸ ਥਾਣਿਆਂ ਅਤੇ ਵਿਭਾਗ ਲਾਇਸੈਂਸਧਾਰਕਾਂ ਦੀ ਨੁਮਾਇੰਦਗੀ ਡੀ. ਐੱਸ. ਚੀਮਾ, ਸਹਾਇਕ ਕਮਿਸ਼ਨਰ (ਆਬਕਾਰੀ), ??ਅੰਮ੍ਰਿਤਸਰ ਰੇਂਜ ਵਲੋਂ ਕੀਤੀ ਗਈ। ਇੱਥੇ ਲਲਿਤ ਕੁਮਾਰ ਆਬਕਾਰੀ ਅਧਿਕਾਰੀ ਅੰਮ੍ਰਿਤਸਰ-1-2, ਰਮਨ ਭਗਤ, ਆਬਕਾਰੀ ਅਧਿਕਾਰੀ, ਅੰਮ੍ਰਿਤਸਰ-3, ਇੰਦਰਜੀਤ ਸਿੰਘ ਸਹਿਜਰਾ ਆਬਕਾਰੀ ਅਧਿਕਾਰੀ ਤਰਨਤਾਰਨ ਦੇ ਨਾਲ ਸਹਾਇਕ ਆਬਕਾਰੀ ਅਧਿਕਾਰੀ ਧਰਵਿੰਦਰ ਪਾਲ ਸ਼ਰਮਾ, ਰਮਨ ਕੁਮਾਰ ਅਤੇ ਹੋਰ ਸਹਾਇਕ ਆਬਕਾਰੀ ਅਧਿਕਾਰੀ ਸ਼ਾਮਲ ਹੋਏ। ਵਿਭਾਗ ਦੇ ਅਧਿਕਾਰੀਆਂ ਨੇ ਕਈ ਹੋਰ ਮਹੱਤਵਪੂਰਨ ਨਿਰਦੇਸ਼ ਵੀ ਜਾਰੀ ਕੀਤੇ।

# ਸ਼ਰਾਬ ਨਾਲ ਕਿਉਂ ਪਰੋਸਦੇ ਹਨ ਮੂੰਗਫਲੀ, ਕਾਰਨ ਜਾਣ ਤੁਹਾਡੇ ਉੱਡ ਜਾਣਗੇ ਹੋਸ਼ !

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 21 ਨਵੰਬਰ। ਰੈਸਟੋਰੈਂਟਾਂ ਅਤੇ ਬਾਰਾਂ ਵਿੱਚ ਸ਼ਰਾਬ ਦੇ ਨਾਲ ਨਮਕੀਨ ਮੂੰਗਫਲੀ ਦੇ ਦਾਣੇ ਪਰੋਸਣ ਦਾ ਟ?ਰੈਂਡ ਦਹਾਕਿਆਂ ਪੁਰਾਣਾ ਹੈ। ਸਮੇਂ ਦੇ ਨਾਲ ਸ਼ਰਾਬ ਦੇ ਕਈ ਰੁਝਾਨ ਸ਼ੁਰੂ ਹੋਏ ਅਤੇ ਖਤਮ ਹੋ ਗਏ, ਪਰ ਨਮਕ ਵਿੱਚ ਲਿਪਟੇ ਮੂੰਗਫਲੀ ਦੇ ਦਾਣੇ ਜ਼ਰੂਰ ਪਰੋਸੇ ਜਾਂਦੇ ਰਹੇ ਹਨ। ਦਰਅਸਲ, ਇਹ ਦਾਣੇ ਸਿਰਫ਼ ਸਵਾਦ ਵਧਾਉਣ ਲਈ ਨਹੀਂ ਹੁੰਦੇ। ਇਸ ਬਾਰੇ ਵਾਈਨ ਐਕਸਪਰਟਸ ਦਾ ਕਹਿਣਾ ਹੈ ਕਿ ਇਸ ਚਲਨ ਦੇ ਪਿੱਛੇ ਦਾ ਤਰਕ ਕੁਝ ਹੋਰ ਹੈ। ਇਹ ਸਿੱਧੇ ਤੌਰ ’ਤੇ ਬਾਰ-ਰੈਸਟੋਰੈਂਟ ਦੀ ਆਮਦਨ ਵਧਾਉਣ ਦਾ ਕੰਮ ਕਰਦਾ ਹੈ। ਪਿਆਸ ਨੂੰ ਵਧਾਉਣਾ : ਨਮਕੀਨ ਮੂੰਗਫਲੀ ਦੇ ਦਾਣਿਆਂ ਨੂੰ ਖਾਣ ਤੋਂ ਬਾਅਦ ਪਿਆਸ ਜ਼ਿਆਦਾ ਲੱਗਦੀ ਹੈ। ਪਿਆਸ ਲੱਗਣ ’ਤੇ ਗਾਹਕ ਜ਼ਿਆਦਾ ਪਾਣੀ ਅਤੇ ਜ਼ਿਆਦਾ ਸ਼ਰਾਬ ਆਰਡਰ ਕਰਦੇ ਹਨ। ਵਾਈਨ ਐਕਸਪਰਟ ਅਨੁਸਾਰ, ਜਿਵੇਂ-ਜਿਵੇਂ ਇਹ ਪਿਆਸ ਵਧਾਉਂਦਾ ਹੈ, ਗਾਹਕ ਉਵੇਂ-ਉਵੇਂ ਜ਼ਿਆਦਾ ਡ੍ਰਿੰਕ ਪੀਂਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਤੁਹਾਡੀ ਜੇਬ ਢਿੱਲੀ ਹੁੰਦੀ ਹੈ ਅਤੇ ਬਾਰ-ਰੈਸਟੋਰੈਂਟ ਦੀ ਕਮਾਈ ਵਿੱਚ ਵਾਧਾ ਹੁੰਦਾ ਹੈ। ਹੈਂਗਓਵਰ ਦਾ ਅਸਰ ਘੱਟ ਕਰਨਾ : ਮੂੰਗਫਲੀ ਦੇ ਦਾਣੇ ਅਸਲ ਵਿੱਚ ਪ੍ਰੋਟੀਨ ਦਾ ਇੱਕ ਵੱਡਾ ਸਰੋਤ ਹੁੰਦੇ ਹਨ। ਇਸ ਵਿੱਚ ਸਿਹਤਮੰਦ



(ਹੈਲਦੀ) ਫੈਟ ਵੀ ਹੁੰਦਾ ਹੈ। ਇਹ ਤੱਤ ਸਰੀਰ ਵਿੱਚ ਅਲਕੋਹਲ ਦੇ ਐਬਜ਼ੋਰਬਸ਼ਨ ਘੱਟ ਕਰਦੇ ਹਨ। ਸੌਖੇ ਸ਼ਬਦਾਂ ਵਿੱਚ, ਇਸ ਨਾਲ ਸਰੀਰ ਉੱਤੇ ਹੈਂਗਓਵਰ ਦਾ ਅਸਰ ਘੱਟ ਹੁੰਦਾ ਹੈ। ਇਸੇ ਕਾਰਨ ਬਾਰ ਜਾਂ ਰੈਸਟੋਰੈਂਟ ਇਸ ਨੂੰ ਪਰੋਸਣਾ ਕਦੇ ਨਹੀਂ ਭੁੱਲਦੇ। ਭੁੱਖ ਵਧਾਉਣਾ : ਮੂੰਗਫਲੀ ਦੇ ਦਾਣਿਆਂ ਵਿੱਚ ਮੌਜੂਦ ਨਮਕ ਭੁੱਖ ਵਧਾਉਣ ਦਾ ਕੰਮ ਕਰਦਾ ਹੈ। ਇਸ ਕਾਰਨ ਸ਼ਰਾਬ ਦੇ ਨਾਲ ਖਾਣੇ ਦੇ ਆਰਡਰਾਂ ਦੀ ਗਿਣਤੀ ਵਧ ਜਾਂਦੀ ਹੈ। ਜਦੋਂ ਗਾਹਕ ਨਮਕੀਨ ਮੂੰਗਫਲੀ ਦੇ ਦਾਣੇ ਖਾਂਦਾ ਹੈ, ਤਾਂ ਭੁੱਖ ਵਧਦੀ ਹੈ ਅਤੇ ਉਹ ਪੀਣ ਵਾਲੀਆਂ ਚੀਜ਼ਾਂ ਦੇ ਨਾਲ-ਨਾਲ ਖਾਣੇ ਦੀਆਂ ਜ਼ਿਆਦਾ ਚੀਜ਼ਾਂ ਵੀ ਆਰਡਰ ਕਰਦਾ ਹੈ। ਸਸਤਾ ਅਤੇ ਤਿਆਰ ਕਰਨਾ ਆਸਾਨ : ਬਾਰ ਜਾਂ ਰੈਸਟੋਰੈਂਟਾਂ ਲਈ, ਮੂੰਗਫਲੀ ਦੇ ਦਾਣੇ ਤਿਆਰ ਕਰਨਾ ਆਸਾਨ ਹੁੰਦਾ ਹੈ ਅਤੇ ਇਹ ਬਹੁਤ ਮਹਿੰਗਾ ਵੀ ਨਹੀਂ ਹੁੰਦਾ। ਇਸ ਨੂੰ ਆਸਾਨੀ ਨਾਲ ਉਪਲਬਧ ਕਰਾਇਆ ਜਾਂਦਾ ਹੈ। ਇਸ ਨੂੰ ਵੱਡੀ ਮਾਤਰਾ ਵਿੱਚ ਸਟੋਰ ਕਰਨਾ ਵੀ ਆਸਾਨ ਹੈ ਅਤੇ ਇੱਕ ਵਾਰ ਤਿਆਰ ਕਰਨ ਤੋਂ ਬਾਅਦ ਇਹ ਜਲਦੀ ਖਰਾਬ ਨਹੀਂ ਹੁੰਦਾ। ਕਰੰਚੀ ਸੁਆਦ : ਨਮਕੀਨ ਮੂੰਗਫਲੀ ਦੇ ਦਾਣੇ ਖਾਣ ਵਿੱਚ ਕਰੰਚੀ ਲੱਗਦੇ ਹਨ ਅਤੇ ਲੋਕ ਸ਼ਰਾਬ ਦੇ ਨਾਲ ਇਸ ਦੇ ਸੁਆਦ ਨੂੰ ਬਿਹਤਰ ਮੰਨਦੇ ਹਨ। ਲੋਕਾਂ ਦੀ ਇਹ ਆਦਤ ਵੀ ਇਸ ਨੂੰ ਪਰੋਸਣ ਦਾ ਇੱਕ ਹੋਰ ਵੱਡਾ ਕਾਰਨ ਬਣ ਜਾਂਦੀ ਹੈ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਗਾਹਕ ਨੂੰ ਲੱਗਦਾ ਹੈ ਕਿ ਉਹ ਮੂੰਗਫਲੀ ਦੇ ਦਾਣੇ ਸਿਰਫ਼ ਆਪਣੇ ਸਵਾਦ ਨੂੰ ਵਧਾਉਣ ਲਈ ਖਾ ਰਿਹਾ ਹੈ,

## ਜਲੰਧਰ ਵਾਸੀਆਂ ਲਈ ਵਧਣਗੀਆਂ ਸਹੂਲਤਾਂ ਤੇ ਪ੍ਰੇਸ਼ਾਨੀਆਂ !

ਜਲੰਧਰ 21 ਨਵੰਬਰ। ਪੰਜਾਬ ਵਿਚ ਜਦੋਂ ਚੌਧਰੀ ਜਗਜੀਤ ਸਿੰਘ (ਹੁਣ ਸਵਰਗਵਾਸੀ) ਲੋਕਲ ਬਾਡੀਜ਼ ਮੰਤਰੀ ਸਨ, ਉਦੋਂ ਉਨ੍ਹਾਂ ਨੇ ਜਲੰਧਰ ਦੇ ਕਾਰੋਬਾਰੀਆਂ ਨੂੰ ਰਾਹਤ ਦਿੰਦੇ ਹੋਏ ਸ਼ਹਿਰ ਦੀਆਂ 14 ਪ੍ਰਮੁੱਖ ਸੜਕਾਂ ਨੂੰ ਕਮਰਸ਼ੀਅਲ ਐਲਾਨਿਆ ਸੀ। ਇਸ ਫ਼ੈਸਲੇ ਨਾਲ ਇਕ ਪਾਸੇ ਜਿੱਥੇ ਕਾਰੋਬਾਰੀਆਂ ਅਤੇ ਪ੍ਰਾਪਰਟੀ ਮਾਲਕਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਸੀ ਕਿਉਂਕਿ ਕਮਰਸ਼ੀਅਲ ਨਕਸ਼ੇ ਆਸਾਨੀ ਨਾਲ ਪਾਸ ਹੋਣ ਲੱਗੇ ਅਤੇ ਵੱਡੇ-ਵੱਡੇ ਮਾਲ ਅਤੇ ਦੁਕਾਨਾਂ ਖੁੱਲ੍ਹ ਗਈਆਂ, ਉਥੇ ਹੀ ਦੂਜੇ ਪਾਸੇ ਇਸ ਕਦਮ ਨੇ ਸ਼ਹਿਰ ਦੇ ਇਕ ਵੱਡੇ ਵਰਗ ਨੂੰ ਮੁਸ਼ਕਿਲਾਂ ਵਿਚ ਵੀ ਪਾ ਦਿੱਤਾ ਸੀ। ਕਮਰਸ਼ੀਅਲ ਗਤੀਵਿਧੀਆਂ ਵਧਣ ਨਾਲ ਇਨ੍ਹਾਂ ਇਲਾਕਿਆਂ ਵਿਚ ਭੀੜ ਕਾਫ਼ੀ ਵਧ ਗਈ ਅਤੇ ਟ?ਰੈਫਿਕ ਦਬਾਅ ਕਾਰਨ ਸਥਾਨਕ ਵਾਸੀਆਂ ਦਾ ਜੀਵਨ ਪ੍ਰਭਾਵਿਤ ਹੋਣ ਲੱਗਾ। ਨਗਰ ਨਿਗਮ ਦੇ ਨਿਯਮਾਂ ਅਨੁਸਾਰ ਕਿਸੇ ਵੀ ਸੜਕ ਨੂੰ ਕਮਰਸ਼ੀਅਲ ਐਲਾਨ ਕਰਦੇ ਸਮੇਂ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਢੁੱਕਵੀਂ ਪਾਰਕਿੰਗ ਸਹੂਲਤ ਉਪਲੱਬਧ ਕਰਵਾਵੇ ਪਰ ਪਿਛਲੀ ਵਾਰ ਨਿਗਮ ਇਸ ਦਿਸ਼ਾ ਵਿਚ ਅਸਫ਼ਲ ਰਿਹਾ। ਨਤੀਜੇ ਵਜੋਂ ਕਮਰਸ਼ੀਅਲ ਐਲਾਨੀਆਂ ਸੜਕਾਂ ’ਤੇ ਪਾਰਕਿੰਗ ਦੀ ਕਿੱਲਤ ਵਧਦੀ ਗਈ ਅਤੇ ਨਾਜਾਇਜ਼ ਨਿਰਮਾਣਾਂ ਦੀ ਭਰਮਾਰ ਦਿਖਾਈ ਦਿੱਤੀ। ਹੁਣ ਇਕ ਵਾਰ ਫਿਰ ਜਲੰਧਰ ਨਗਰ ਨਿਗਮ ਨੇ ਕੌਂਸਲਰ ਹਾਊਸ ਦੀ ਮੀਟਿੰਗ ਵਿਚ ਸ਼ਹਿਰ ਦੀਆਂ ਕਈ ਸੜਕਾਂ ਨੂੰ ਕਮਰਸ਼ੀਅਲ ਐਲਾਨ ਕਰਨ ਦਾ ਮਤਾ ਰੱਖਿਆ ਹੈ। ਮੰਨਿਆ ਜਾ ਰਿਹਾ ਹੈ ਕਿ ਮਤਾ ਪਾਸ ਹੋਣ ਤੋਂ ਬਾਅਦ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਤਾਂ ਫਾਇਦਾ ਮਿਲੇਗਾ ਪਰ ਉਨ੍ਹਾਂ ਲੋਕਾਂ ਲਈ ਪ੍ਰੇਸ਼ਾਨੀ ਵਧ ਸਕਦੀ ਹੈ, ਜੋ ਸਾਲਾਂ ਤੋਂ ਇਨ੍ਹਾਂ ਸੜਕਾਂ ’ਤੇ ਸ਼ਾਂਤ ਵਾਤਾਵਰਣ ਵਿਚ ਰਹਿਣ ਦੇ ਉਦੇਸ਼ ਨਾਲ ਮਕਾਨ ਬਣਾ ਕੇ ਵਸੇ ਹੋਏ ਹਨ। ਸ਼ਹਿਰ ’ਚ ਕਮਰਸ਼ੀਅਲ ਗਤੀਵਿਧੀਆਂ ਦੇ ਵਿਸਥਾਰ ਨਾਲ ਜਿੱਥੇ ਵਪਾਰ ਨੂੰ ਨਵੀਂ ਦਿਸ਼ਾ ਮਿਲੇਗੀ ਅਤੇ ਨਿਗਮ ਦੇ ਰੈਵੇਨਿਊ ਵਿਚ ਵਾਧਾ ਹੋਵੇਗਾ, ਉਥੇ ਹੀ ਮਾਹਿਰ ਇਹ ਵੀ ਮੰਨਦੇ ਹਨ ਕਿ ਜੇ ਪਾਰਕਿੰਗ ਅਤੇ ਟ?ਰੈਫਿਕ ਪ੍ਰਬੰਧਨ ਦੀ ਗੰਭੀਰਤਾ ਨਾਲ ਯੋਜਨਾ ਨਾ ਬਣਾਈ ਗਈ ਤਾਂ ਭਵਿੱਖ ਵਿਚ ਸ਼ਹਿਰ ਨੂੰ ਭਾਰੀ ਅਵਿਵਸਥਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਗੈਂਗਸਟਰ ਰਾਹੁਲ ’ਤੇ ਕੱਸਿਆ ਸ਼ਿਕੰਜਾ ! ਬੰਦ ਘਰੋਂ ਮਿਲੇ ਹਥਿਆਰ ਤੇ ਕਈ ਪਾਸਪੋਰਟ, ਪੁਲਸ ਨੇ ਕੀਤੇ ਵੱਡੇ ਖੁਲਾਸੇ

**ਕੌਮੀ ਪਤ੍ਰਿਕਾ**

ਫਿਲੌਰ 21 ਨਵੰਬਰ। ਕਲੋਨੀ ਦੇ ਐੱਮਡੀ ’ਤੇ ਗੈਂਗਸਟਰਾਂ ਵੱਲੋਂ ਗੋਲੀਆਂ ਚਲਾਉਣ ਦੇ ਮਾਮਲੇ ਵਿੱਚ, ਜਲੰਧਰ ਦਿਹਾਤੀ ਪੁਲਸ ਨੇ ਫਰਾਰ ਗੈਂਗਸਟਰਾਂ ਵਿਰੁੱਧ ਹੋਰ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਫਿਲੌਰ ਪੁਲਸ ਨੇ ਗੈਂਗਸਟਰ ਰਿਤਿਸ਼ ਉਰਫ਼ ਰਾਹੁਲ ਅਤੇ ਉਸਦੇ ਸਹਿਯੋਗੀ ਪਰਿਵਾਰਕ ਮੈਂਬਰਾਂ ’ਤੇ ਸ਼ਿਕੰਜਾ ਕੱਸਿਆ, ਉਸਦੇ ਬੰਦ ਘਰ ਦੀ ਤਲਾਸ਼ੀ ਲਈ ਅਦਾਲਤ ਤੋਂ ਸਰਚ ਵਾਰੰਟ ਪ੍ਰਾਪਤ ਕੀਤਾ। ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕੀਤੀ, ਗੈਂਗਸਟਰ ਦੇ ਘਰ ’ਚ ਲੁਕਾਈ ਹੋਈ ਇੱਕ 12 ਬੋਰ ਰਾਈਫਲ, ਚਾਰ ਜ਼ਿੰਦਾ ਕਾਰਤੂਸ ਅਤੇ 7.62 ਐੱਮਐੱਮ ਪਿਸਤੌਲ ਦੇ ਦੋ ਜ਼ਿੰਦਾ ਕਾਰਤੂਸ ਜ਼ਬਤ ਕੀਤੇ। ਇਸ ਤੋਂ ਇਲਾਵਾ, ਭਾਰਤੀ ਕਰੰਸੀ ਵਿੱਚ ?5.5 ਲੱਖ ਅਤੇ ਵਿਦੇਸ਼ੀ ਕਰੰਸੀ ਵਿੱਚ ਲੱਖਾਂ ਰੁਪਏ ਵੀ ਬਰਾਮਦ ਕੀਤੇ ਗਏ, ਜਿਨ੍ਹਾਂ ਨੂੰ ਪੁਲਸ ਨੇ ਜ਼ਬਤ ਕਰ ਲਿਆ। ਫਿਲੌਰ ਪੁਲਸ ਨੇ ਅਟਵਾਲ ਹਾਊਸ ਕਲੋਨੀ ਦੇ ਐੱਮਡੀ ਮਨਦੀਪ ਸਿੰਘ ਗੋਰਾ ’ਤੇ ਗੋਲੀਬਾਰੀ ਕਰਨ ਤੋਂ ਬਾਅਦ ਭੱਜੇ ਗੈਂਗਸਟਰ ਰਾਹੁਲ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਵਿੱਚ, ਉਸਦੇ ਬੰਦ ਘਰ ਦੀ ਤਲਾਸ਼ੀ ਲਈ ਅਦਾਲਤ ਤੋਂ ਸਰਚ ਵਾਰੰਟ ਪ੍ਰਾਪਤ ਕੀਤਾ। ਇਸ ਤੋਂ ਬਾਅਦ, ਸਟੇਸ਼ਨ ਹਾਊਸ ਅਫਸਰ ਇੰਸਪੈਕਟਰ ਅਮਨ ਸੈਣੀ, ਐੱਸਆਈ ਕੇਵਲ ਸਿੰਘ, ਆਈਓ ਪਰਮਜੀਤ ਸਿੰਘ ਅਤੇ ਕਾਂਸਟੇਬਲ ਬਾਲਕ ਰਾਮ, ਇੱਕ ਸਥਾਨਕ ਮਹਿਲਾ ਕੌਂਸਲਰ ਦੇ ਪਤੀ ਅਮਿਤ ਪੰਮਾ ਅਤੇ ਗੁਆਂਢੀਆਂ ਦੀ ਮੌਜੂਦਗੀ ਵਿੱਚ, ਘਰ ਵਿੱਚ ਦਾਖਲ ਹੋਏ ਅਤੇ ਤਲਾਸ਼ੀ ਲਈ। ਜਦੋਂ ਸਟੇਸ਼ਨ ਹਾਊਸ ਅਫਸਰ ਨੇ ਬੈੱਡ ਨੂੰ ਅੱਗੇ ਖਿੱਚਿਆ, ਤਾਂ ਉਸਨੂੰ ਗੈਂਗਸਟਰ ਰਾਹੁਲ ਦੁਆਰਾ ਇਸਦੇ ਪਿੱਛੇ ਲੁਕਾਈ ਗਈ 12 ਬੋਰ ਦੀ ਰਾਈਫਲ ਮਿਲੀ। ਪੁਲਸ ਨੇ ਇੱਕ ਦਰਾਜ਼ ਦੇ ਪਿੱਛੇ ਛੇ ਜ਼ਿੰਦਾ ਕਾਰਤੂਸ, ਜਿਨ੍ਹਾਂ ਵਿੱਚੋਂ ਦੋ 7.62 ਰਾਉਂਡ ਸਨ, ਬਰਾਮਦ ਕੀਤੇ। ਇਹੀ ਗੋਲੀਆਂ ਗੈਂਗਸਟਰ ਰਾਹੁਲ ਦੁਆਰਾ ਗੋਰਾ ਨੂੰ ਮਾਰਨ ਲਈ ਚਲਾਈਆਂ ਗਈਆਂ ਸਨ, ਜਿਸ ਨਾਲ ਉਸਦੇ ਸਾਥੀ ਨੂੰ ਗੰਭੀਰ ਸੱਟ ਲੱਗੀ ਸੀ। ਡੀਐੱਸਪੀ ਬੱਲ ਨੇ ਦੱਸਿਆ ਕਿ ਗੈਂਗਸਟਰ ਰਾਹੁਲ ਅਤੇ ਉਸਦਾ ਪਰਿਵਾਰ ਬਹੁਤ ਹੀ ਚਲਾਕ ਅਤੇ ਅਪਰਾਧੀ ਵਿਅਕਤੀ ਹਨ। ਤਲਾਸ਼ੀ ਮੁਹਿੰਮ ਦੌਰਾਨ, ਇਹ ਖੁਲਾਸਾ ਹੋਇਆ ਕਿ ਉਨ੍ਹਾਂ ਨੇ ਆਪਣੇ ਘਰ ਦੇ ਅੰਦਰ ਅਲਮਾਰੀਆਂ ਵਿੱਚ ਗੁਪਤ ਬੰਕਰ ਬਣਾਏ ਸਨ। ਜਦੋਂ ਪੁਲਸ ਨੇ ਉਨ੍ਹਾਂ ਨੂੰ ਖੋਲ੍ਹਿਆ, ਤਾਂ ਉਨ੍ਹਾਂ ਨੂੰ ਭਾਰਤੀ ਕਰੰਸੀ ਵਿੱਚ ?550,000, ਵਿਦੇਸ਼ੀ ਕਰੰਸੀ ਵਿੱਚ ?150,000 ਤੋਂ ਵੱਧ ਅਤੇ ਲਗਭਗ ਇੱਕ ਦਰਜਨ ਪਾਸਪੋਰਟ ਮਿਲੇ। ਕੁਝ ਪਾਸਪੋਰਟ ਇੱਕੋ ਵਿਅਕਤੀ ਦੇ ਸਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਗੈਂਗਸਟਰ ਰਾਹੁਲ, ਜੋ ਵੱਡੇ ਅਪਰਾਧ ਕਰਨ ਲਈ ਪੰਜਾਬ ਆਇਆ ਸੀ, ਅਪਰਾਧਾਂ ਤੋਂ ਬਾਅਦ ਆਪਣੇ ਪਰਿਵਾਰ ਨਾਲ ਕੈਨੇਡਾ ਵਾਪਸ ਜਾਣ ਦਾ ਇਰਾਦਾ ਰੱਖਦਾ ਸੀ। ਤਲਾਸ਼ੀ ਮੁਹਿੰਮ ਦੌਰਾਨ, ਪੁਲਸ ਨੂੰ ਗੈਂਗਸਟਰ ਦੇ ਘਰ ਅੱਧਾ ਦਰਜਨ ਤੋਂ ਵੱਧ ਪੁਰਾਣੇ ਮੋਬਾਈਲ ਫੋਨ ਵੀ ਮਿਲੇ ਜੋ ਚਾਲੂ ਸਨ, ਜਿਨ੍ਹਾਂ ਦੀ ਵਰਤੋਂ ਗੈਂਗਸਟਰ ਰਾਹੁਲ ਲੋਕਾਂ ਨੂੰ ਧਮਕਾਉਣ ਲਈ ਕਰ ਰਿਹਾ ਹੋ ਸਕਦਾ ਹੈ। ਗੈਂਗਸਟਰ ਰਾਹੁਲ ਦੇ ਘਰ ਦੀ ਤਲਾਸ਼ੀ ਲੈਂਦੇ ਸਮੇਂ, ਅਧਿਕਾਰੀਆਂ ਨੂੰ ਹੈਰਾਨੀਜਨਕ ਗਿਣਤੀ ਵਿੱਚ ਨਵੀਆਂ ਖਰੀਦੀਆਂ ਗਈਆਂ



ਮਕਾਨਾਂ ਅਤੇ ਕੋਠੀਆਂ ਦੀਆਂ ਰਜਿਸਟਰੀਆਂ ਮਿਲੀਆਂ। ਇਹ ਉਸਦੇ ਪਰਿਵਾਰਕ ਮੈਂਬਰਾਂ ਦੇ ਨਾਮ ’ਤੇ ਖਰੀਦੀਆਂ ਗਈਆਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਗੈਂਗਸਟਰ ਰਾਹੁਲ ਨੇ ਫਿਰੌਤੀਖੋਰਾਂ ਤੋਂ ਇਕੱਠੀ ਕੀਤੀ ਗਈ ਕਰੋੜਾਂ ਰੁਪਏ ਦੀ ਫਿਰੌਤੀ ਦੀ ਰਕਮ ਦੀ ਵਰਤੋਂ ਕਰਕੇ ਇੰਨਾ ਵਿਸ਼ਾਲ ਸਾਮਰਾਜ ਇਕੱਠਾ ਕੀਤਾ ਸੀ। ਗੁਆਂਢੀਆਂ ਨੇ ਪੁਸ਼ਟੀ ਕੀਤੀ ਕਿ ਉਸਦੇ ਪਿਤਾ, ਇੱਕ ਸੇਵਾਮੁਕਤ ਬਿਜਲੀ ਬੋਰਡ ਕਰਮਚਾਰੀ, ਪਹਿਲਾਂ ਆਪਣੀ ਪੈਨਸ਼ਨ ਨਾਲ ਉਸਦੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਸਨ। ਪੰਜ ਸਾਲ ਪਹਿਲਾਂ ਰਾਹੁਲ ਕੈਨੇਡਾ ਚਲਾ ਗਿਆ ਸੀ ਅਤੇ ਗੈਂਗਸਟਰ ਬਣਨ ਤੋਂ ਬਾਅਦ, ਉਸਦੇ ਪਰਿਵਾਰ ਨੇ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਅਤੇ ਕਈ ਲਗਜ਼ਰੀ ਕਾਰਾਂ ਇਕੱਠੀਆਂ ਕੀਤੀਆਂ ਹਨ। ਡੀਐਸਪੀ ਬੱਲ ਨੇ ਕਿਹਾ ਕਿ ਉਹ ਆਮਦਨ ਕਰ ਵਿਭਾਗ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਸਮੇਤ ਹੋਰ ਵਿਭਾਗਾਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਦੀ ਜਾਂਚ ਕਰਨ ਲਈ ਅੱਗੇ ਲਿਖੇਗਾ। ਭਗੌੜਾ ਗੈਂਗਸਟਰ ਰਾਹੁਲ ਦੇ ਪਾਕਿਸਤਾਨ ਅਤੇ ਵਿਦੇਸ਼ਾਂ ਵਿੱਚ ਗੈਂਗਸਟਰਾਂ ਨਾਲ ਸਬੰਧ ਹਨ ਅਤੇ ਉਹ ਗੋਰਾ ਦੇ ਨਜ਼ਦੀਕੀ ਸਾਥੀਆਂ ਨੂੰ ਕੇਸ ਵਾਪਸ ਲੈਣ ਲਈ ਮਜਬੂਰ ਕਰਨ ਲਈ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ। ਹਾਲ ਹੀ ਵਿੱਚ ਕੈਨੇਡਾ ਤੋਂ ਵਾਪਸ ਆਇਆ ਗੈਂਗਸਟਰ ਰਾਹੁਲ ਅਤੇ ਉਸਦੇ ਸਾਥੀ ਨੇ ਗੋਰਾ ’ਤੇ ਵਿਦੇਸ਼ੀ ਬਣੀ ਗਲੌਕ ਪਿਸਤੌਲ ਨਾਲ ਗੋਲੀਬਾਰੀ ਕੀਤੀ, ਜਿਸ ਵਿੱਚੋਂ ਇੱਕ ਗੋਲੀ ਉਸਦੇ ਨਜ਼ਦੀਕੀ ਸਾਥੀ ਸੰਜੀਵ ਨੂੰ ਲੱਗੀ। ਘਟਨਾ ਤੋਂ ਬਾਅਦ, ਰਾਹੁਲ ਫਰਾਰ ਹੋ ਗਿਆ। ਫਰਾਰ ਗੈਂਗਸਟਰ ਦੇ ਪਾਕਿਸਤਾਨ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਸਥਿਤ ਗੈਂਗਸਟਰਾਂ ਨਾਲ ਵੀ ਸਬੰਧ ਹਨ। ਇਹ ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਗੋਰਾ ’ਤੇ ਹਮਲੇ ਤੋਂ ਬਾਅਦ, ਪੁਲਸ ਨੇ ਉਸਦੇ ਅਤੇ ਉਸਦੇ ਪਰਿਵਾਰਕ ਮੈਂਬਰਾਂ ਵਿਰੁੱਧ ਕੇਸ ਦਰਜ ਕੀਤਾ ਸੀ। ਪੁਲਸ ਜਾਂਚ ਤੋਂ ਪਤਾ ਲੱਗਾ ਹੈ ਕਿ ਫਰਾਰ ਗੈਂਗਸਟਰ ਦੇ ਪਿਤਾ, ਪ੍ਰਿਥੀ ਚੰਦ, ਉਸਦੀ ਭੈਣ ਅਤੇ ਪਤਨੀ, ਨਿਗਰਾਨੀ ਕਰਦੇ ਸਨ ਅਤੇ ਫਿਰ ਰਾਹੁਲ ਨੂੰ ਸੂਚਿਤ ਕਰਦੇ ਸਨ ਕਿ ਕਿਸ ਕਾਰੋਬਾਰੀ ਨੂੰ ਫਿਰੌਤੀ ਲਈ ਗੋਲੀ ਮਾਰਨੀ ਹੈ ਅਤੇ ਕਿਸ ਨੂੰ ਧਮਕੀ ਦੇਣੀ ਹੈ, ਸਿਰਫ਼ ਡਰਾਉਣ ਲਈ। ਗੈਂਗਸਟਰ ਰਾਹੁਲ ਆਪਣੇ ਖਿਲਾਫ ਦਰਜ ਕੇਸਾਂ ਨੂੰ ਵਾਪਸ ਲੈਣ ਲਈ ਆਪਣੇ ਸਾਥੀਆਂ ਦੀ ਮਦਦ ਲੈ ਰਿਹਾ ਹੈ। ਉਹ ਗੋਰਾ ਦੇ ਕਰੀਬੀ ਸਾਥੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਹਨ, ਕਦੇ ਪਾਕਿਸਤਾਨੀ ਫੋਨ ਨੰਬਰਾਂ ਤੋਂ ਅਤੇ ਕਦੇ ਵਿਦੇਸ਼ੀ ਫੋਨ ਨੰਬਰਾਂ ਤੋਂ, ਇਹ ਕਹਿ ਰਹੇ ਹਨ ਕਿ ਉਨ੍ਹਾਂ ਕੋਲ ਆਪਣੇ ਖਿਲਾਫ ਦਰਜ ਕੇਸ ਵਾਪਸ ਲੈਣ ਲਈ ਦੋ ਦਿਨ ਹਨ ਅਤੇ ਨਤੀਜੇ ਭੁਗਤਣ ਲਈ ਤਿਆਰ ਰਹਿਣ। ਸਥਾਨਕ ਪੁਲਸ ਨੇ ਦੱਸਿਆ ਕਿ ਇਸ ਸਬੰਧ ਵਿੱਚ ਗੈਂਗਸਟਰ ਰਾਹੁਲ ਅਤੇ ਉਸਦੇ ਪਰਿਵਾਰ ਵਿਰੁੱਧ ਇੱਕ ਵੱਖਰਾ ਕੇਸ ਦਰਜ ਕੀਤਾ ਗਿਆ ਹੈ। ਡੀਐੱਸਪੀ ਬੱਲ ਨੇ ਕਿਹਾ ਕਿ ਫਿਲੌਰ ਪੁਲਿਸ ਤੋਂ ਇਲਾਵਾ, ਜਲੰਧਰ ਸੀਆਈਏ ਅਤੇ ਕ੍ਰਾਈਮ ਬ੍ਰਾਂਚ ਦੀਆਂ ਟੀਮਾਂ ਵੀ ਰਾਹੁਲ ਅਤੇ ਉਸਦੇ ਪਰਿਵਾਰ ਨੂੰ ਗ੍ਰਿਫ਼ਤਾਰ ਕਰਨ ਲਈ ਉਨ੍ਹਾਂ ਦਾ ਪਿੱਛਾ ਕਰ ਰਹੀਆਂ ਹਨ ਅਤੇ ਉਹ ਜ਼ਿਆਦਾ ਦੇਰ ਤੱਕ ਭੱਜ ਨਹੀਂ ਸਕਦੇ।